A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
HAPPY Diwali
ਯੂ. ਐੱਸ. ਏ.
# ਪੰਜਾਬ ਮੇਲ
Chief Editor: Gurjatinder Singh Randhawa Punjab Mail USA
Vol. 19, Issue- 877, 20 to 29 Oct., 2025, Ph: 916-320-9444, E-mail: punjabmailusa@yahoo.com, Web: punjabmailusa.com

**ਅਦਾਰਾ ਪੰਜਾਬ ਮੇਲ ਯੂ.ਐੱਸ.ਏ. ਟੀ.ਵੀ. ਵੱਲੋਂ ਸਮੂਹ ਸਿੱਖ ਜਗਤ ਨੂੰ ਬੰਦੀ ਛੋੜ ਦਿਵਸ, ਦੀਵਾਲੀ ਅਤੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ।**

## ਇੰਮੀਗ੍ਰੇਸ਼ਨ ਬਿਨੈਕਾਰਾਂ ਦੇ ਸੋਸ਼ਲ ਮੀਡੀਆ ਦੀ ਜਾਂਚ ਹੋਈ ਸ਼ੁਰੂ

■ ਵਿਦੇਸ਼ੀ ਅੱਤਵਾਦੀ ਵਿਚਾਰਧਾਰਾ ਨੂੰ ਕੁਚਲਣ ਵਿਚ ਵੀ ਮਿਲੇਗੀ ਮਦਦ

**ਵਾਸ਼ਿੰਗਟਨ, (ਪੰਜਾਬ ਮੇਲ)-** 'ਅਮਰੀਕੀ ਵਿਰੋਧੀ' ਗਤੀਵਿਧੀਆਂ ਅਤੇ ਵਿਚਾਰਾਂ ਨੂੰ ਜੜ੍ਹੋਂ ਪੁੱਟਣ ਲਈ ਟਰੰਪ ਪ੍ਰਸ਼ਾਸਨ ਦੇ ਯਤਨਾਂ ਦੇ ਹਿੱਸੇ ਵਜੋਂ ਅਮਰੀਕੀ ਸਰਕਾਰ ਇੰਮੀਗ੍ਰੇਸ਼ਨ ਕੇਸਾਂ ਲਈ ਅਰਜ਼ੀਆਂ ਦੇਣ ਵਾਲਿਆਂ ਦੀ ਸੋਸ਼ਲ ਮੀਡੀਆ ਦੀ ਜਾਂਚ ਕਰ ਰਹੀ ਹੈ।

ਕਾਨੂੰਨੀ ਇਮੀਗ੍ਰੇਸ਼ਨ ਪ੍ਰਣਾਲੀ ਦੇ ਇੰਚਾਰਜ, ਫੈਡਰਲ ਏਜੰਸੀ, ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸ ਦੇ ਡਾਇਰੈਕਟਰ ਜੋਸਫ ਐਡਲੋ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇਹ ਜਾਂਚ ਮੁੱਖ ਤੌਰ 'ਤੇ ਗਰੀਨ ਕਾਰਡਾਂ ਅਤੇ ਹੋਰ ਇਮੀਗ੍ਰੇਸ਼ਨ ਅਰਜ਼ੀਆਂ ਦੇਣ ਵਾਲੇ ਲੋਕਾਂ ਦੀ ਸੋਸ਼ਲ ਮੀਡੀਆ ਸਕ੍ਰੀਨਿੰਗ ਕੀਤੀ ਜਾ ਰਹੀ ਹੈ।

ਪਿਛਲੇ ਦਿਨੀਂ ਟਰੰਪ ਪ੍ਰਸ਼ਾਸਨ ਨੇ ਯੂ.ਐੱਸ.ਸੀ.ਆਈ.ਐੱਸ. ਅਧਿਕਾਰੀਆਂ ਨੂੰ ਇਕ ਨਿਰਦੇਸ਼ ਜਾਰੀ ਕੀਤਾ ਸੀ ਕਿ ਇਮੀਗ੍ਰੇਸ਼ਨ ਪ੍ਰਾਪਤ ਕਰਨ ਵਾਲੇ ਬਿਨੈਕਾਰਾਂ ਦਾ ਪਿਛੋਕੜ ਜਾਨਣ ਲਈ ਅਜਿਹਾ ਕੀਤਾ ਜਾਣਾ ਜ਼ਰੂਰੀ ਹੈ, ਤਾਂਕਿ ਇਹ ਪਤਾ ਲਗਾਇਆ ਜਾ ਸਕੇ ਕਿ ਉਹ ਕਿਤੇ ਅਮਰੀਕਾ ਦੇ ਖਿਲਾਫ ਤਾਂ ਨਹੀਂ ਜਾ ਰਿਹਾ। ਇਸ ਦੇ ਨਾਲ ਵਿਦੇਸ਼ੀ ਅੱਤਵਾਦੀ ਵਿਚਾਰਧਾਰਾ ਨੂੰ ਕੁਚਲਣ ਵਿਚ ਵੀ ਮਦਦ ਮਿਲੇਗੀ।

ਇਸ ਦੇ ਨਾਲ-ਨਾਲ ਵਿਆਹ ਵਾਲੇ ਕੇਸਾਂ ਅਤੇ ਅਸਾਇਲਮ ਲੈਣ ਵਾਲੇ ਕੇਸਾਂ 'ਤੇ ਵੀ ਹੁਣ ਵਿਸ਼ੇਸ਼ ਨਿਗਾਹ ਰੱਖੀ ਜਾਵੇਗੀ। ਵਿਭਾਗ ਵੱਲੋਂ ਉਨ੍ਹਾਂ ਦਾ ਸੋਸ਼ਲ ਮੀਡੀਆ ਵੀ ਚੈੱਕ ਕੀਤਾ ਜਾ ਸਕਦਾ ਹੈ। ਇਸ ਨਾਲ ਹੁਣ ਝੂਠੇ ਕੇਸਾਂ 'ਤੇ ਸ਼ਿਕੰਜਾ ਕੱਸਿਆ ਜਾਵੇਗਾ।

**ਅਮਰੀਕਾ ਵੀਜ਼ਾ ਬੁਲੇਟਿਨ**

## ਪਰਿਵਾਰਕ ਸਪਾਂਸਰਡ ਵੀਜ਼ਾ ਅਰਜ਼ੀਆਂ ਦੇ ਨਿਪਟਾਰੇ 'ਚ ਹੋਈ ਮਾਮੂਲੀ ਹਿਲਜੁੱਲ




**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਵੱਲੋਂ ਨਵੰਬਰ 2025 ਦਾ ਵੀਜ਼ਾ ਬੁਲੇਟਿਨ ਜਾਰੀ ਕਰ ਦਿੱਤਾ ਗਿਆ ਹੈ। ਇਸ ਮਹੀਨੇ 'ਚ ਮਾਮੂਲੀ ਹਿਲਜੁਲ ਦੇਖਣ ਨੂੰ ਮਿਲੀ ਹੈ। ਫਾਈਨਲ ਐਕਸ਼ਨ ਡੇਟ ਵਿਚ F-1 ਕੈਟਾਗਰੀ 'ਚ ਆਉਂਦੇ ਅਮਰੀਕਨ ਸਿਟੀਜ਼ਨ ਦੇ 21 ਸਾਲ ਤੋਂ ਘੱਟ ਉਮਰ ਦੇ ਅਣਵਿਆਹੇ ਬੱਚੇ, ਉਨ੍ਹਾਂ ਦੀ ਸਮਾਂ ਸੂਚੀ 8 ਨਵੰਬਰ, 2016 ਚੱਲ ਰਹੀ ਹੈ।

ਗਰੀਨ ਕਾਰਡ ਹੋਲਡਰ ਪਤੀ-ਪਤਨੀ ਦੇ 21 ਸਾਲ ਤੋਂ ਘੱਟ ਬੱਚੇ, ਜਿਹੜੇ ਕਿ F-2A ਕੈਟਾਗਰੀ 'ਚ ਆਉਂਦੇ ਹਨ, ਉਨ੍ਹਾਂ ਦੀ ਤਰੀਕ 1 ਫਰਵਰੀ, 2024 ਹੈ।

ਗਰੀਨ ਕਾਰਡ ਹੋਲਡਰ ਵੱਲੋਂ ਅਪਲਾਈ ਕੀਤੇ 21 ਸਾਲ ਤੋਂ ਵੱਧ ਉਮਰ ਦੇ ਬੱਚੇ, ਜੋ ਕਿ F-2B ਕੈਟਾਗਰੀ ਨਾਲ ਸੰਬੰਧਤ ਹਨ, ਅਰਜ਼ੀਕਾਰਾਂ ਦੀ ਉਡੀਕ ਮਿਤੀ ਇਸ ਵੇਲੇ 1 ਦਸੰਬਰ, 2016 ਪਹੁੰਚ ਗਈ ਹੈ।

ਯੂ.ਐੱਸ. ਸਿਟੀਜ਼ਨ ਦੇ ਵਿਆਹੇ ਹੋਏ ਬੱਚੇ ਤੇ ਉਨ੍ਹਾਂ ਦੇ ਅੱਗਿਓਂ ਛੋਟੇ ਬੱਚੇ ਯਾਨੀ ਕਿ F-3 ਕੈਟਾਗਰੀ ਲਈ ਜਿਨ੍ਹਾਂ ਨੇ ਅਪਲਾਈ ਕੀਤਾ ਹੈ, ਉਨ੍ਹਾਂ ਦੀ ਤਰੀਕ 8 ਸਤੰਬਰ, 2011 ਚੱਲ ਰਹੀ ਹੈ।

ਅਮਰੀਕਾ ਦੇ ਜਿਹੜੇ ਸਿਟੀਜ਼ਨ ਨਾਗਰਿਕਾਂ ਵੱਲੋਂ ਭਾਰਤ 'ਚ ਰਹਿ ਰਹੇ ਆਪਣੇ ਭੈਣਾਂ-ਭਰਾਵਾਂ ਨੂੰ F-4 ਕੈਟਾਗਰੀ ਲਈ ਅਪਲਾਈ ਕੀਤਾ ਹੈ, ਅਤੇ ਭੈਣ-ਭਰਾਵਾਂ ਅਤੇ ਉਨ੍ਹਾਂ ਦੇ ਬੱਚੇ ਜਿਹੜੇ 21 ਸਾਲ ਤੋਂ ਘੱਟ ਹਨ, ਉਨ੍ਹਾਂ ਲਈ ਤਰੀਕ 1 ਨਵੰਬਰ, 2006 ਚੱਲ ਰਹੀ ਹੈ।

ਪਰਿਵਾਰਕ ਸਪਾਂਸਰਡ ਵੀਜ਼ਾ ਅਰਜ਼ੀਆਂ ਭਰਨ ਦੀਆਂ ਤਾਰੀਖਾਂ ਲਈ ਨਵੰਬਰ ਵੀਜ਼ਾ ਬੁਲੇਟਿਨ ਦੀਆਂ ਤਰੀਕਾਂ ਇਸ ਤਰ੍ਹਾਂ ਹਨ :

F-4 ਕੈਟਾਗਰੀ ਲਈ 15 ਦਸੰਬਰ, 2006, F-3 ਕੈਟਾਗਰੀ ਲਈ 22 ਜੁਲਾਈ, 2012, F-2B ਕੈਟਾਗਰੀ ਲਈ 8 ਮਾਰਚ, 2017, F-2A ਕੈਟਾਗਰੀ ਲਈ 22 ਅਕਤੂਬਰ 2025 ਅਤੇ F-1 ਕੈਟਾਗਰੀ ਲਈ 1 ਸਤੰਬਰ 2017 ਵਾਲਿਆਂ ਕੋਲੋਂ ਸਪੋਰਟਿੰਗ ਪੇਪਰ ਮੰਗਵਾਏ ਜਾ ਰਹੇ ਹਨ।

## ਰਿਸ਼ਵਤ ਮਾਮਲੇ 'ਚ ਗ੍ਰਿਫ਼ਤਾਰ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਮੁਅੱਤਲ



■ ਸੀ.ਬੀ.ਆਈ. ਅਦਾਲਤ ਨੇ 14 ਦਿਨਾਂ ਦੀ ਨਿਆਂਇਕ ਹਿਰਾਸਤ 'ਚ ਭੇਜਿਆ

**ਚੰਡੀਗੜ੍ਹ, (ਪੰਜਾਬ ਮੇਲ)-** ਰਿਸ਼ਵਤ ਮਾਮਲੇ ਵਿਚ ਫੜੇ ਗਏ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਨੂੰ ਪੰਜਾਬ ਸਰਕਾਰ ਨੇ 16.10.2025 ਤੋਂ ਮੁਅੱਤਲ ਕਰ ਦਿੱਤਾ ਹੈ, ਕਿਉਂਕਿ ਉਨ੍ਹਾਂ ਦੀ ਗ੍ਰਿਫਤਾਰੀ ਤੋਂ ਬਾਅਦ 48 ਘੰਟੇ ਬੀਤ ਚੁੱਕੇ ਹਨ। ਬੀਤੇ ਦਿਨੀਂ ਸੀ.ਬੀ.ਆਈ. ਨੇ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਅਤੇ ਨਿੱਜੀ ਵਿਅਕਤੀ ਨੂੰ 8 ਲੱਖ ਰੁਪਏ ਦੀ ਰਿਸ਼ਵਤ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਸੀ, ਜਿਸ ਤੋਂ ਬਾਅਦ ਭੁੱਲਰ ਦੇ ਘਰੋਂ ਨਕਦੀ, ਸੋਨੇ ਦੇ ਗਹਿਣੇ ਅਤੇ ਹੋਰ ਸਾਮਾਨ ਵੀ ਬਰਾਮਦ ਹੋਇਆ ਸੀ।

ਡੀ.ਆਈ.ਜੀ. ਅਤੇ ਉਨ੍ਹਾਂ ਦੇ ਏਜੰਟ ਨੂੰ ਸ਼ੁੱਕਰਵਾਰ ਨੂੰ ਚੰਡੀਗੜ੍ਹ ਦੀ ਸਪੈਸ਼ਲ ਸੀ.ਬੀ.ਆਈ. ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿੱਥੋਂ ਉਨ੍ਹਾਂ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਗਿਆ। ਸੀ.ਬੀ.ਆਈ. ਦੀ ਛਾਪੇਮਾਰੀ ਦੌਰਾਨ ਡੀ.ਆਈ.ਜੀ. ਦੀ ਚੰਡੀਗੜ੍ਹ ਸਥਿਤ ਕੋਠੀ ਅਤੇ ਲੁਧਿਆਣਾ ਦੇ ਸਮਰਾਲਾ ਫਾਰਮ ਹਾਊਸ ਤੋਂ ਵੱਡੀ ਗਿਣਤੀ 'ਚ ਕੀਮਤੀ ਸਾਮਾਨ ਬਰਾਮਦ ਕੀਤਾ ਗਿਆ ਹੈ। ਸੀ.ਬੀ.ਆਈ. ਟੀਮ ਨਾਲ ਜੁੜੇ ਸੂਤਰਾਂ ਨੇ ਦੱਸਿਆ ਕਿ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਨੇ ਚੰਡੀਗੜ੍ਹ ਦੀ ਆਪਣੀ ਕੋਠੀ ਵਿਚ ਕੈਸ਼ ਅਤੇ ਸੋਨਾ 5 ਵੱਖ-ਵੱਖ ਥਾਵਾਂ 'ਤੇ ਲੁਕੋਇਆ ਹੋਇਆ ਸੀ। ਸੂਤਰਾਂ ਮੁਤਾਬਕ ਡੀ.ਆਈ.ਜੀ. ਨੇ ਕੈਸ਼ ਬੈੱਡ ਦੇ ਅੰਦਰ ਰੱਖਿਆ ਹੋਇਆ ਸੀ, ਕੈਸ਼ ਨਾਲ ਭਰੀ ਇਕ ਥਾਂ ਕਰੌਕਰੀ ਦੀ ਅਲਮਾਰੀ ਦੇ ਹੇਠਲੇ ਹਿੱਸੇ ਵਿਚ ਸੀ, ਜਿਸ ਨੂੰ ਲਾਕ ਕੀਤਾ ਗਿਆ ਸੀ। ■ ਬਾਕੀ ਖਬਰ ਸਫਾ 29 'ਤੇ

### ਮੁਅੱਤਲ ਡੀ.ਆਈ.ਜੀ. ਖਿਲਾਫ਼ ਆਬਕਾਰੀ ਐਕਟ ਤਹਿਤ ਕੇਸ ਦਰਜ

**ਲੁਧਿਆਣਾ, (ਪੰਜਾਬ ਮੇਲ)-** ਸੀ.ਬੀ.ਆਈ. ਵੱਲੋਂ ਭ੍ਰਿਸ਼ਟਾਚਾਰ ਮਾਮਲੇ ਵਿਚ ਗ੍ਰਿਫ਼ਤਾਰੀ ਮਗਰੋਂ ਮੁਅੱਤਲ ਕੀਤੇ ਰੋਪੜ ਰੇਂਜ ਦੇ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਖਿਲਾਫ਼ ਸਮਰਾਲਾ ਪੁਲਿਸ ਨੇ ਆਬਕਾਰੀ ਐਕਟ ਤਹਿਤ ਕੇਸ ਦਰਜ ਕੀਤਾ ਹੈ। ਸੀ.ਬੀ.ਆਈ. ਨੇ ਬੀਤੇ ਦਿਨੀਂ ਸਮਰਾਲਾ ਦੇ ਪਿੰਡ ਬੋਂਦਲੀ ਵਿਚਲੇ ਭੁੱਲਰ ਦੇ ਫਾਰਮ ਹਾਊਸ 'ਤੇ ਮਾਰੇ ਛਾਪੇ ਦੌਰਾਨ ਉਥੋਂ ਸ਼ਰਾਬ ਦੀਆਂ 108 ਬੋਤਲਾਂ ਬਰਾਮਦ ਕੀਤੀਆਂ ਸਨ। ਸਮਰਾਲਾ ਦੇ ਡੀ.ਐੱਸ.ਪੀ. ਤਰਲੋਚਨ ਸਿੰਘ ਨੇ ਪੁਲਿਸ ਵੱਲੋਂ ਸ਼ਨਿੱਚਰਵਾਰ ਨੂੰ ਕੇਸ ਦਰਜ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ। ਸਮਰਾਲਾ ਪੁਲਿਸ ਥਾਣੇ ਵਿਚ ਸੀ.ਬੀ.ਆਈ. ਇੰਸਪੈਕਟਰ ਰੋਮੀਪਾਲ ਦੇ ਬਿਆਨਾਂ 'ਤੇ ਦਰਜ ਐੱਫ.ਆਈ.ਆਰ. ਵਿਚ ਆਬਕਾਰੀ ਐਕਟ ਦੀਆਂ ਵੱਖ-ਵੱਖ ਧਾਰਾਵਾਂ ਲਾਈਆਂ ਗਈਆਂ ਹਨ।

## ਸਾਬਕਾ ਵਿਧਾਇਕ ਅਜੀਤ ਇੰਦਰ ਸਿੰਘ ਮੋਫਰ ਅਮਰੀਕਾ ਦੌਰੇ 'ਤੇ



**ਸੈਕਰਾਮੈਂਟੋ, (ਪੰਜਾਬ ਮੇਲ)-** ਸਾਬਕਾ ਵਿਧਾਇਕ ਅਤੇ ਕਾਂਗਰਸ ਪਾਰਟੀ ਦੇ ਉੱਘੇ ਲੀਡਰ ਸ. ਅਜੀਤ ਇੰਦਰ ਸਿੰਘ ਮੋਫਰ ਅੱਜਕੱਲ੍ਹ ਅਮਰੀਕਾ ਦੌਰੇ 'ਤੇ ਹਨ। ਆਪਣੇ ਇਸ ਦੌਰੇ ਦੌਰਾਨ ਉਹ ਸੈਕਰਾਮੈਂਟੋ ਅਤੇ ਰੀਨੋ ਦੀ ਜਾਣੀ-ਪਹਿਚਾਣੀ ਸ਼ਖਸੀਅਤ ਮਾਈਕਲ ਬੱਠਲਾ (CPA) ਅਤੇ ਸਿਆਰਾ ਬੱਠਲਾ (CPA) ਦੇ ਗ੍ਰਹਿ ਵਿਖੇ ਪਹੁੰਚੇ। ਇਸ ਮੌਕੇ ਉਨ੍ਹਾਂ ਨਾਲ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਉੱਘੇ ਵਕੀਲ ਕੁਲਜੀਤ ਸਿੰਘ ਸਿੱਧੂ ਵੀ ਹਾਜ਼ਰ ਸਨ। ਇਸ ਦੌਰਾਨ ਉਨ੍ਹਾਂ ਦੇ ਸਵਾਗਤ ਲਈ ਗੁਰਜਤਿੰਦਰ ਸਿੰਘ ਰੰਧਾਵਾ, ਉਪਿੰਦਰ ਸਿੰਘ (ਬੱਬੂ ਢਿੱਲੋਂ), ਬ੍ਰਿਜ ਭੂਸ਼ਨ ਮਿੱਡਾ (ਰੀਨੋ), ਕਰਨਦੀਪ ਸਿੰਘ ਢਿੱਲੋਂ, ਅੰਗਦ ਸਿੰਘ ਵਿਰਕ, ਅਜੈ ਪਾਲ ਸਿੰਘ ਬੱਠਲਾ, ਗੁਰਕੀਰਤ ਸਿੰਘ ਬੱਠਲਾ, ਸਤਨਾਮ ਸਿੰਘ ਤੂਰ, ਕਰਨਪਾਲ ਸਿੰਘ, ਨਿਰਮਲਜੀਤ ਕੌਰ ਰੰਧਾਵਾ, ਰਾਜਬੀਰ ਢਿੱਲੋਂ, ਸਬਰੀਨਾ ਢਿੱਲੋਂ, ਐਲਕਸ ਬੱਠਲਾ ਅਤੇ ਰੋਨੀਕਾ ਬੱਠਲਾ ਵੀ ਹਾਜ਼ਰ ਸਨ।

ਇਸ ਦੌਰਾਨ ਅਜੀਤ ਇੰਦਰ ਸਿੰਘ ਮੋਫਰ ਨੇ ਬੋਲਦਿਆਂ ਕਿਹਾ ਕਿ ਇਸ ਵਕਤ ਪੰਜਾਬ ਡਾਂਵਾਂਡੋਲ ਹੋਇਆ ਪਿਆ ਹੈ ਅਤੇ ਪੰਜਾਬ ਦੇ ਹਾਲਾਤ ਬਹੁਤ ਜ਼ਿਆਦਾ ਖਰਾਬ ਹਨ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਪਾਰਟੀ ਆਉਣ ਵਾਲੀਆਂ ਚੋਣਾਂ ਲਈ ਹੁਣ ਤੋਂ ਹੀ ਤਿਆਰੀ ਕਰ ਰਹੀ ਹੈ ਅਤੇ 2027 ਦੀਆਂ ਪੰਜਾਬ ਚੋਣਾਂ 'ਚ ਸਾਰਥਿਕ ਨਤੀਜੇ ਨਿਕਲਣਗੇ। ਇਸ ਮੌਕੇ ਉਨ੍ਹਾਂ ਨੇ ਬੱਠਲਾ ਪਰਿਵਾਰ ਬਾਰੇ ਗੱਲ ਕਰਦਿਆਂ ਕਿਹਾ ਕਿ ਇਨ੍ਹਾਂ ਨਾਲ ਮੇਰੀ ਲੰਮੇ ਸਮੇਂ ਤੋਂ ਜਾਣ-ਪਹਿਚਾਣ ਹੈ। ਉਨ੍ਹਾਂ ਨੇ ਬੱਠਲਾ ਪਰਿਵਾਰ ਵੱਲੋਂ ਅਮਰੀਕਾ ਵਿਚ ਆਣ ਕੇ ਕੀਤੀ ਤਰੱਕੀ 'ਤੇ ਖੁਸ਼ੀ ਜ਼ਾਹਿਰ ਕੀਤੀ।

## ਪੰਜਾਬ ਪੁਲਿਸ ਵੱਲੋਂ 170 ਕਰੋੜ ਰੁਪਏ ਦਾ ਘਪਲਾ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼; 8 ਗ੍ਰਿਫ਼ਤਾਰ

■ ਪੰਜਾਬ ਤੇ ਹਰਿਆਣਾ ਸਮੇਤ ਕਈ ਰਾਜਾਂ 'ਚ ਜੈਵਿਕ ਖੇਤੀ ਦਾ ਲਾਲਚ ਦੇ ਕੇ ਨਿਵੇਸ਼ਕਾਂ ਤੋਂ ਇਕੱਠੇ ਕੀਤੇ ਪੈਸੇ



**ਖੰਨਾ, (ਪੰਜਾਬ ਮੇਲ)-** ਖੰਨਾ ਪੁਲਿਸ ਨੇ ਪੰਜਾਬ ਅਤੇ ਹਰਿਆਣਾ ਸਮੇਤ ਕਈ ਰਾਜਾਂ ਵਿਚ ਜੈਵਿਕ ਖੇਤੀ ਦਾ ਲਾਲਚ ਦੇ ਕੇ ਵੱਡੇ ਪੱਧਰ 'ਤੇ ਨਿਵੇਸ਼ਕਾਂ ਤੋਂ ਪੈਸੇ ਇਕੱਠੇ ਕਰਨ ਵਾਲੇ ਇਕ ਵੱਡੇ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਐੱਸ.ਐੱਸ.ਪੀ. ਖੰਨਾ ਡਾ. ਜੋਤੀ ਯਾਦਵ ਨੇ ਪ੍ਰੈੱਸ ਕਾਨਫਰੰਸ ਵਿਚ ਦੱਸਿਆ ਕਿ 'ਜਨਰੇਸ਼ਨ ਆਫ ਫਾਰਮਿੰਗ' ਨਾਮਕ ਫਰਮ ਨੇ ਕੁੱਲ 23,249 ਭੋਲੇ-ਭਾਲੇ ਵਿਅਕਤੀਆਂ ਤੋਂ ਲਗਭਗ 170.57 ਕਰੋੜ ਰੁਪਏ ਜਮ੍ਹਾਂ ਕਰਵਾ ਲਏ ਸਨ। ਫਰਮ ਨੇ ਨਿਵੇਸ਼ਕਾਂ ਨੂੰ ਹਰ ਮਹੀਨੇ 8 ਫੀਸਦੀ ਰਿਟਰਨ ਦੇਣ ਅਤੇ 25 ਮਹੀਨਿਆਂ ਵਿਚ ਉਨ੍ਹਾਂ ਦਾ ਨਿਵੇਸ਼ ਦੁੱਗਣਾ ਕਰਨ ਦਾ ਭਰੋਸਾ ਦਿੱਤਾ ਸੀ, ਪਰ ਅਸਲ ਵਿਚ ਇਹ ਇਕ ਧੋਖਾਧੜੀ ਨਿਕਲੀ। ਪੁਲਿਸ ਅਨੁਸਾਰ, ਫਰਮ ਦੇ ਮਾਲਕਾਂ ਅਤੇ ਨੁਮਾਇੰਦਿਆਂ ਨੇ ਲੋਕਾਂ ਨੂੰ ਔਰਗੈਨਿਕ ਉਤਪਾਦਨ, ਵਰਮੀ ਕੰਪੋਸਟ ਸਪਲਾਈ ਅਤੇ ਬਾਗਬਾਨੀ ਪ੍ਰਾਜੈਕਟਾਂ ਦੇ ਨਾਂ 'ਤੇ ਲੁਭਾਇਆ ਅਤੇ ਕਈ ਰਜਿਸਟਰਡ ਅਤੇ ਗੈਰ-ਰਜਿਸਟਰਡ ਕੰਪਨੀਆਂ ਦੇ ਮਾਧਿਅਮ ਰਾਹੀਂ ਜਾਲ ਫੈਲਾਇਆ, ਜਿਸ ਵਿਚ ਸੋਸ਼ਲ ਮੀਡੀਆ ਅਤੇ ਸਥਾਨਕ ਸਭਾਵਾਂ ਦੀ ਵਰਤੋਂ ਕਰਕੇ ਲੋਕਾਂ ਦਾ ਭਰੋਸਾ ਜਿੱਤਿਆ ਗਿਆ। ਜਾਂਚ ਵਿਚ ਇਹ ਸਾਹਮਣੇ ਆਇਆ ਕਿ ਨਿਵੇਸ਼ਕਾਂ ਦੇ ਇਸ ਧਨ ਦੀ ਵਰਤੋਂ ਨਿੱਜੀ ਜਾਇਦਾਦਾਂ ਖਰੀਦਣ, ਖਾਤਿਆਂ ਵਿਚ ਘੁਮਾਉਣ ਅਤੇ ਹੋਰ ਕੰਮਾਂ ਲਈ ਕੀਤੀ ਗਈ। ਇਸ ਧੋਖਾਧੜੀ ਦੇ ਸਬੰਧ ਵਿਚ ਥਾਣਾ ਸਮਰਾਲਾ ਵਿਚ ਮੁਕੱਦਮਾ ਨੰਬਰ 247/2025, 248/2025, ਅਤੇ 268/2025 ਦਰਜ ਕੀਤੇ ਗਏ ਹਨ, ਜਿਨ੍ਹਾਂ ਵਿਚ ਧਾਰਾ 318(4), 316(2), 338, 336(3), 340(2), 61(2), 111, ਅਤੇ 238 ਸਮੇਤ ਕਈ ਸੰਗੀਨ ਧਾਰਾਵਾਂ ਸ਼ਾਮਲ ਹਨ।

■ ਬਾਕੀ ਖਬਰ ਸਫਾ 29 'ਤੇ

# ਸਾਬਕਾ ਵਿਧਾਇਕ ਅਜੀਤ ਇੰਦਰ ਸਿੰਘ ਮੋਫਰ ਦਾ ਮਾਈਕਲ ਸਿੰਘ ਬੱਠਲਾ (CPA) ਦੇ ਗ੍ਰਹਿ ਵਿਖੇ ਪਹੁੰਚਣ ’ਤੇ ਭਰਵਾਂ ਸਵਾਗਤ

















# ਪਹਿਲੇ ਸਿੱਖ ਪਾਤਿਸ਼ਾਹ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ, ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈਆਂ।




**Jaspreet Singh**

**Attorney at Law**



Designed By Punjab Mail USA

**ਅਮਰੀਕਾ ਦੀ ਇਮੀਗ੍ਰੇਸ਼ਨ**

ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ

**ਜਸਪ੍ਰੀਤ ਸਿੰਘ** ਅਟਾਰਨੀ ਐਟ ਲਾਅ

**SACRAMENTO**
5855 Auburn Blvd,
Sacramento, CA 95841,
+1-916-307-4620

**FRESNO**
1625 E Shaw Ave
#122, Fresno,
CA 93726
559-271-5511

**FREMONT**
3155 KEARNEY ST,
SUITE #248,
FREMONT, CA 94538.
+1-510-657-6444

**NEWYORK**
108-14 Jamaica Ave,
Richmond Hill,
NY 11418
Phone: 718-533-8444



ਸਮੂਹ ਸਿੱਖ ਜਗਤ ਨੂੰ
ਬੰਦੀ ਛੋੜ ਦਿਵਸ,
ਦੀਵਾਲੀ ਅਤੇ
ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ

# ਲੱਖ-ਲੱਖ ਵਧਾਈਆਂ ।




# ਹਰਬੰਸ ਸਿੰਘ ਪੰਮਾ

## ਗੁਰਵਿੰਦਰ ਸਿੰਘ ਪੰਮਾ, ਅਮਰਜੀਤ ਸਿੰਘ ਪੰਮਾ

Famous Farmer of Live Oak, Yuba City, Live OAK, California






ਪਹਿਲੇ ਸਿੱਖ ਪਾਤਿਸ਼ਾਹ
ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ
ਦੇ ਪ੍ਰਕਾਸ਼ ਪੁਰਬ, ਬੰਦੀ ਛੋੜ ਦਿਵਸ
ਅਤੇ ਦੀਵਾਲੀ ਦੀਆਂ ਸਮੂਹ
ਸੰਗਤ ਨੂੰ ਲੱਖ-ਲੱਖ ਵਧਾਈਆਂ।

# ਪਰਗਟ ਸਿੰਘ ਸੰਧੂ

ਮੇਅਰ, ਗਾਲਟ ਸਿਟੀ

# PARGAT SINGH SANDHU

## Mayor City of GALT, CALIFORNIA

Designed By Punjab Mail USA

# Charhda Punjab Club

Sacramento

## ਚੜ੍ਹਦਾ ਪੰਜਾਬ ਕਲੱਬ, ਸੈਕਰਾਮੈਂਟੋ ਵੱਲੋਂ



ਸਮੂਹ ਜਗਤ ਨੂੰ ਬੰਦੀ ਛੋੜ ਦਿਵਸ, ਦੀਵਾਲੀ ਅਤੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ

**ਦੀਆਂ ਲੱਖ-ਲੱਖ ਵਧਾਈਆਂ।**




Designed By Punjab Mail USA

## ਚੜ੍ਹਦਾ ਪੰਜਾਬ ਕਲੱਬ, ਸੈਕਰਾਮੈਂਟੋ

ੴ ਸਤਿਗੁਰ ਪ੍ਰਸਾਦਿ



ਸਮੁੱਚੀ ਲੋਕਾਈ ਨੂੰ
ਬੰਦੀ ਛੋੜ ਦਿਵਸ, ਦੀਵਾਲੀ
ਅਤੇ ਸਿੱਖ ਧਰਮ ਦੇ ਮੋਢੀ
ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ
ਜੀ ਦੇ ਪ੍ਰਕਾਸ਼ ਪੁਰਬ ਦੀਆਂ
ਲੱਖ-ਲੱਖ ਵਧਾਈਆਂ।



CHARANJIT SINGH BATTH
RAISIN, GRAPE AND ALMOND GROWER

Designed By Punjab Mail USA

# ਚਰਨਜੀਤ ਸਿੰਘ ਬਾਠ
## ਸੌਗੀ ਦੇ ਬਾਦਸ਼ਾਹ

5434 W. KAMM AVENUE, CARUTHERS, CALIFORNIA 93609

# ੴ ਸਤਿਗੁਰ ਪ੍ਰਸਾਦਿ



ਸਮੂਹ ਸਿੱਖ ਜਗਤ ਨੂੰ ਬੰਦੀ ਛੋੜ ਦਿਵਸ, ਦੀਵਾਲੀ ਅਤੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ।



ਸ. ਪਾਖਰ ਸਿੰਘ ਅਕਾਲੀ



ਸ. ਸੌਦਾਗਰ ਸਿੰਘ ਅਕਾਲੀ



ਸ. ਸੁਰਿੰਦਰ ਸਿੰਘ ਨਿੱਝਰ, ਸ. ਅਵਤਾਰ ਸਿੰਘ ਅਕਾਲੀ, ਸ. ਅੰਮ੍ਰਿਤਪਾਲ ਸਿੰਘ ਨਿੱਝਰ

ਪਿਛਲੀਆਂ ਚਾਰ ਪੀੜ੍ਹੀਆਂ ਤੋਂ ਪੰਥ ਦੇ ਵਫ਼ਾਦਾਰ ਸਿਪਾਹੀ ਜਿਨ੍ਹਾਂ ਜੈਤੋਂ ਦੇ ਮੋਰਚੇ ਤੋਂ ਲੈ ਕੇ ਧਰਮ ਯੁੱਧ ਅਤੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ। ਪਿੰਡ ਭਾਗਸਿੰਘ ਪੁਰਾ, ਹਲਕਾ ਫਿਲੌਰ ਦੇ ਜੰਮਪਲ ਜਥੇਦਾਰ ਸੌਦਾਗਰ ਸਿੰਘ ਅਕਾਲੀ, ਜਥੇਦਾਰ ਪਾਖਰ ਸਿੰਘ ਅਕਾਲੀ, ਜਥੇਦਾਰ ਅਵਤਾਰ ਸਿੰਘ ਅਕਾਲੀ ਦੇ ਵਾਰਸ



Varinder Singh Nijjar Jagbir Singh Nijjar

## ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ

ਟਕਸਾਲੀ ਅਕਾਲੀ ਆਗੂ, ਪਿੰਡ ਭਾਗਸਿੰਘ ਪੁਰਾ, ਫਿਲੌਰ (ਜਲੰਧਰ)

Designed By Punjab Mail USA

## ਨਿੱਝਰ ਬ੍ਰਦਰਜ਼ ਤੇ ਪਰਿਵਾਰ

ਮਡੇਰਾ, ਫਰਿਜ਼ਨੋ, ਕੈਲੀਫੋਰਨੀਆ (ਅਮਰੀਕਾ) ਫੋਨ: 559-479-1804, 1-800-317-2577

TRANSCORP
Hiring Owner
Operators & Drivers




ਬੰਦੀ ਛੋੜ ਦਿਵਸ, ਦੀਵਾਲੀ ਅਤੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਜਗਤ ਨੂੰ ਲੱਖ-ਲੱਖ ਵਧਾਈਆਂ ।



Mohabatpal Singh Kaile

President Haryana American Association California



Sukhwinder Singh



Sukhraj Singh Kang

Designed By Punjab Mail USA

ਮੁਹੱਬਤਪਾਲ ਸਿੰਘ ਕੈਲੇ, ਸੁਖਵਿੰਦਰ ਸਿੰਘ, ਸੁਖਰਾਜ ਸਿੰਘ ਕੰਗ

Gas Station, Farming & Hotel Business Owner

Marysville, Lincoln, Sacramento.





ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਸੈਕਰਾਮੈਂਟੋ ਵੱਲੋਂ

ਸਮੂਹ ਜਗਤ ਨੂੰ ਬੰਦੀ ਛੋੜ ਦਿਵਸ, ਦੀਵਾਲੀ ਅਤੇ
ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ
ਦੀਆਂ ਲੱਖ-ਲੱਖ ਵਧਾਈਆਂ ।









Randhir Singh Nijjar
Lakhy Singh | Sajjad Anwar
CAMP LOGISTICS
TRANSPORATATION & BROKERAGE INC
9365, Miko Circle, Elk Grove, CA 95624

DHEERA NIJJAR

ਧੀਰਾ ਨਿੱਝਰ (ਖੇਡ ਪ੍ਰਮੋਟਰ)

American Gurdwara Parbandhak Committee

ੴ ੴ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣੁ ਹੋਆ ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ ॥



# ਸਿੱਖ ਧਰਮ ਦੇ ਮੋਢੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ, ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ ਸਮੁੱਚੀ ਲੋਕਾਈ ਨੂੰ ਲੱਖ-ਲੱਖ ਵਧਾਈਆਂ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਅਤੇ ਦੀਵਾਲੀ ਮੌਕੇ ਅਮਰੀਕਾ ਦੇ ਗੁਰੂਘਰਾਂ ਵਿਚ ਧਾਰਮਿਕ ਦੀਵਾਨ ਸਜਾਏ ਜਾ ਰਹੇ ਹਨ। ਇਨ੍ਹਾਂ ਸਮਾਗਮਾਂ'ਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਡਾ. ਪ੍ਰਿਤਪਾਲ ਸਿੰਘ

## ਅਮਰੀਕਨ ਸਿੱਖ ਕਾਕਸ ਕਮੇਟੀ

Designed By Punjab Mail USA


ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣੁ ਹੋਆ ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ ॥
ਸਮੂਹ ਸਿੱਖ ਜਗਤ ਨੂੰ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ, ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ ਲੱਖ-ਲੱਖ ਵਧਾਈਆਂ।
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਅਤੇ ਦੀਵਾਲੀ ਮੌਕੇ ਅਮਰੀਕਾ ਦੇ ਗੁਰੂਘਰਾਂ ਵਿਚ ਧਾਰਮਿਕ ਦੀਵਾਨ ਸਜਾਏ ਜਾ ਰਹੇ ਹਨ। ਇਨ੍ਹਾਂ ਸਮਾਗਮਾਂ'ਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
HOTHI FREIGHTLINES
Jaswant S. Hothi
Sikh Leader
ਜਸਵੰਤ ਸਿੰਘ ਹੋਠੀ
ਗੁਰਜੀਤ ਸਿੰਘ ਹੋਠੀ
Cost to Cost
Gary Hothi, (408) 332-9355
Designed By Punjab Mail USA


ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ
ਸਿੱਖ ਧਰਮ ਦੇ ਮੋਢੀ ਧੰਨ ਧੰਨ
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ,
ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ
ਸਮੁੱਚੀ ਲੋਕਾਈ ਨੂੰ ਲੱਖ-ਲੱਖ ਵਧਾਈਆਂ।
ਪਾਲ ਸਿਹੋਤਾ
ਪ੍ਰਧਾਨ, ਵੈਸਟ ਕੋਸਟ ਇੰਡੀਅਨ ਓਵਰਸੀਜ਼ ਕਾਂਗਰਸ
Royal Express, INC,
Smartway Express INC,
Smartway Logestic INC
www.royalexp.com
3545, East Date Ave. Fresno CA
Paul Sihota
Chairman, Indian Overseas Congress (California)



# ਸਮੂਹ ਜਗਤ ਨੂੰ ਬੰਦੀ ਛੋੜ ਦਿਵਸ, ਦੀਵਾਲੀ ਅਤੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ ।







**Amolak Singh Gakhal, Iqbal Singh Gakhal, Palwinder Singh Gakhal**

## ਅਮੋਲਕ ਸਿੰਘ ਗਾਖਲ (ਕਬੱਡੀ ਪ੍ਰਮੋਟਰ)

## ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ

**123, E LEE ROAD WATSONVILLE, CA 95076**

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ



ਪਹਿਲੇ ਸਿੱਖ ਪਾਤਿਸ਼ਾਹ
ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ
ਦੇ ਪ੍ਰਕਾਸ਼ ਪੁਰਬ, ਬੰਦੀ ਛੋੜ ਦਿਵਸ
ਅਤੇ ਦੀਵਾਲੀ ਦੀਆਂ ਸਮੂਹ
ਸੰਗਤ ਨੂੰ ਲੱਖ-ਲੱਖ ਵਧਾਈਆਂ।


JASSI SHERGILL


PARAMJIT S. KHAIRA


SAM BATH


PALWINDER SHERGILL

Designed By Punjab Mail USA

Jaswinder Jassi Shergill, Parmjit Singh Khaira, Palwinder Shergill, Sam Bath

ਪੰਜਾਬੀ ਭਰਾਵਾਂ ਦਾ ਸੈਕਰਾਮੈਂਟੋ ਵਿਚ ਆਪਣੇ ਟਰੱਕ ਸਟਾਪ
SAC VALLEY VELLERO
7891, Stockton Blvd, Sacramento, CA 95823

ਟਰੱਕਾਂ ਵਾਲੇ ਭਰਾਵਾਂ ਲਈ ਹਰ ਸਹੂਲਤਾਂ ਨਾਲ ਲੈਸ ਟਰੱਕ ਸਟਾਪ
WEST SAC AM PM TRUCK STOP
4790, West Captial Avenue, West Sacramento, CA 95691



# ਸਮੂਹ ਜਗਤ ਨੂੰ ਬੰਦੀ ਛੋੜ ਦਿਵਸ, ਦੀਵਾਲੀ ਅਤੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ।





Designed By Punjab Mail USA

**Daljit Singh Basanti & Avtar Singh Basanti**

## *Basanti Brothers, Reno*



# ਬੰਦੀ ਛੋੜ ਦਿਵਸ, ਦੀਵਾਲੀ ਅਤੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਜਗਤ ਨੂੰ ਲੱਖ-ਲੱਖ ਵਧਾਈਆਂ।

Designed By Punjab Mail USA





## ਡਾ. ਮਨਬੀਰ ਸਿੰਘ ਅਤੇ ਪਰਿਵਾਰ

Now Seeing Children and Providing Vaccines

## Dr. Manbir Singh M.D.

admin@singhmeds.com

733 3rd Street McFarland, CA 93250

**Dr Manbir Singh**

## SINGH MEDICAL

**Bakersfield & McFarland**

&

**PARALEGAL RELATED SERVICE**



RE/MAX
RE/MAX Outstanding Agents Outstanding Results
DRE Lic. # 01215931 (Broker)

ਸਮੂਹ ਜਗਤ ਨੂੰ ਬੰਦੀ ਛੋੜ ਦਿਵਸ, ਦੀਵਾਲੀ ਅਤੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ।



Gurjatinder S. Randhawa
REALTOR CA DRE licence # 01490567

FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa
916-320-9444

web: www.RealtorRandhawa.com

garysingh123@yahoo.com



PUNJAB MAIL USA
TV Channel, Newspaper, Radio

ਦੇਸ਼-ਵਿਦੇਸ਼ 'ਚ ਬੈਠੇ ਪੰਜਾਬ ਮੇਲ ਦੇ ਪਾਠਕਾਂ ਅਤੇ ਦਰਸ਼ਕਾਂ ਨੂੰ

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ,
ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ ਲੱਖ-ਲੱਖ ਵਧਾਈਆਂ।

Punjab Mail USA
ਪੰਜਾਬ ਮੇਲ ਯੂ.ਐੱਸ.ਏ
TV Channel, Newspaper, Radio

All over America, Canada,
Australia & Europe

Gold # 2867, Gem # 375, TV Zon # 6888,
Glow TV # 1828, Tashan # 131, Real TV etc.

24 Hours
7 Days

For any Information & Advertisement Call at

+1-916-320-9444



Gurjatinder S. Randhawa
CEO & Chief Editor
Punjab Mail USA TV Channel & Newspaper

E-mail: punjabmailtv@gmail.com | Web: punjabmailusa.com
Iphone/Andriod App : Punjab Mail USA | Facebook Page : Punjab Mail USA



Wish You A Happy Diwali
BAGGA JEWELERS®
SINCE 1996
ਸੈਕਰਾਮੈਂਟੋ ਚ ਸਭ ਤੋਂ ਪੁਰਾਣਾ ਗਹਿਣਿਆਂ ਦਾ ਸਟੋਰ
"Every Piece of Jewelery tells a story"
New Wedding Collecton Available Now
ਇਥੋਂ ਤੁਸੀਂ 22, 23 ਤੇ 24 ਕੈਰਟ ਦੇ ਡਿਜ਼ਾਇਨ ਦਾਰ ਗਹਿਣੇ ਖਰੀਦ ਸਕਦੇ ਹੋ।
ਰਾਸ਼ੀ ਨਗ ਵਾਲੀਆਂ ਚਮਕਦਾਰ ਮੁੰਦਰੀਆਂ ਬੱਗਾ ਜਿਓਲਰਸ ਤੋਂ ਲੈ ਕੇ ਤੁਸੀਂ ਆਪਣੀ ਕਿਸਮਤ ਵੀ ਚਮਕਾ ਸਕਦੇ ਹੋ।
ਸੋਨੇ ਦੇ ਬਿਸਕੁਟ ਹਰ ਸਾਈਜ਼ ਵਿੱਚ ਇਥੇ ਉਪਲਬਧ ਹਨ।
●Signature Collections as exclusive as you
●Custom handcrafted jewellery
●Hallmark Certified 22 K Gold Jewellery
●Deals in Gold BUY-Sell-Trade
Call Johny : 916-912-8842
6930, 65th Street, Suite 115, Sacramento, California 95829

# ਸਮੂਹ ਸਿੱਖ ਜਗਤ ਨੂੰ ਬੰਦੀ ਛੋੜ ਦਿਵਸ, ਦੀਵਾਲੀ ਅਤੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ ।





# Global Allianz

ਕਾਨੂੰਨੀ ਸਲਾਹਾਂ

## LAW FIRM LLP



**Atul Kapoor**
C.E.O

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ ’ਤੇ ਸੱਟ ਲਗਣਾ

**Asylum & Deportation Defense**



**Neat Allen Sawyer**
Attorney at law

Designed By Punjab Mail USA

**555 Capitol Mall SUITE 1245, Sacramento, CA 95814**
**Phone:209-808-2136, 209-952-5578, 1-916-806-7042, Fax: 209-476-7188**


Wish You A Happy Diwali
EXPO
Furniture Gallery
We offer 0% interest financing
and carry all major brands.
ਸੈਕਰਾਮੈਂਟੋ ’ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ ’ਤੇ ਇਕ ਵਾਰੀ ਜ਼ਰੂਰ ਆਓ
In business for over 30 years
SPECIAL
SALE
Best price guaranteed.
Designed By Punjab Mail USA
7310 HOME LEISURE PLAZA, SACRAMENTO, CA 95823
(916) 392-3233
www.expofurnituregallery.com


Wish You A Happy Diwali
Designed By Punjab Mail USA
ਸੈਕਰਾਮੈਂਟੋ ਦਾ ਸਭ ਤੋਂ ਵੱਡਾ ਇੰਡੀਅਨ ਰੈਸਟੋਰੈਂਟ
SPICE OF LIFE
PAKISTANI • INDIAN • CHINESE • THAI CUISINE
Lunch Buffet
11AM - 3PM
Dinner Buffet Friday : Sunday
5:30PM - 9:30PM
Business Hours
11AM - 10PM Daily
CLOSED ON TUESDAY
» PAKISTANI
» INDIAN
» AFGHAN
ਟਰੱਕਾਂ ਵਾਲੇ ਵੀਰਾਂ ਲਈ ਵਿਸ਼ੇਸ਼ ਪੈਕੇਜ
ਹਰ ਤਰ੍ਹਾਂ ਦੀ ਕੈਟਰਿੰਗ ਕਰਾਉਣ ਲਈ ਸੰਪਰਕ ਕਰੋ
Catering & Parties
Call : 916-261-4892
6640 Valley Hi Dr Sacramento, CA 95823

# ਟਰੰਪ ਦੇ ਫੀਸ ਦਬਾਅ ਹੇਠ ਵੱਡੀ ਤਕਨੀਕੀ ਕੰਪਨੀਆਂ ਨੇ ਘਟਾਇਆ ਐੱਚ-1ਬੀ ਵੀਜ਼ਾ

**ਵਾਸ਼ਿੰਗਟਨ, (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਦੀਆਂ ਨਵੀਆਂ ਫੀਸਾਂ ਕਾਰਨ ਟਾਟਾ ਕੰਸਲਟੈਂਸੀ ਸਰਵਿਸਿਜ਼, ਜੋ ਕਿ ਸੰਯੁਕਤ ਰਾਜ ਅਮਰੀਕਾ ਵਿਚ ਐੱਚ-1ਬੀ ਵੀਜ਼ਾ ਧਾਰਕਾਂ ਦਾ ਇੱਕ ਵੱਡਾ ਮਾਲਕ ਹੈ, ਇਸ ਪ੍ਰੋਗਰਾਮ ਦੀ ਵਰਤੋਂ ਬੰਦ ਕਰ ਦੇਵੇਗੀ।

ਪਿਛਲੇ ਮਹੀਨੇ, ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐੱਚ-1ਬੀ ਵੀਜ਼ਾ 'ਤੇ ਅਮਰੀਕਾ ਆਉਣ ਵਾਲੇ ਵਿਦੇਸ਼ੀ ਕਾਮਿਆਂ ਲਈ ਇੱਕ ਵਾਰ $100,000 ਫੀਸ ਲਗਾਉਣ ਵਾਲੇ ਇੱਕ ਐਲਾਨ 'ਤੇ ਦਸਤਖਤ ਕੀਤੇ। ਉਨ੍ਹਾਂ ਨੇ ਆਪਣੀ ਘੋਸ਼ਣਾ ਵਿਚ ਅਮਰੀਕੀ ਕਾਮਿਆਂ ਲਈ ਤਨਖਾਹ ਵਿਚ ਕਮੀ ਅਤੇ ਨੌਕਰੀਆਂ ਦੀ ਘਾਟ ਦਾ ਹਵਾਲਾ ਦਿੱਤਾ।

ਐੱਚ-1ਬੀ ਵੀਜ਼ਾ ਆਮ ਤੌਰ 'ਤੇ ਵਿਗਿਆਨ, ਤਕਨਾਲੋਜੀ ਅਤੇ ਇੰਜੀਨੀਅਰਿੰਗ ਖੇਤਰਾਂ ਵਿਚ




ਉੱਚ-ਹੁਨਰਮੰਦ ਵਿਦੇਸ਼ੀ ਕਾਮਿਆਂ ਲਈ ਜਾਰੀ ਕੀਤੇ ਜਾਂਦੇ ਹਨ। ਟਾਟਾ ਕੰਸਲਟੈਂਸੀ ਸਰਵਿਸਿਜ਼ ਮੁੰਬਈ, ਭਾਰਤ ਵਿਚ ਸਥਿਤ ਇੱਕ ਸਾਫਟਵੇਅਰ ਕੰਪਨੀ ਹੈ, ਜਿਸਦੇ ਦਫਤਰ ਮੈਰੀਲੈਂਡ ਵਿਚ ਹਨ।

ਟਾਟਾ ਕੰਸਲਟੈਂਸੀ ਸਰਵਿਸਿਜ਼ ਦੇ ਸੀ.ਈ.ਓ. ਕੇ. ਕ੍ਰਿਤੀਵਾਸਨ ਨੇ ਕਿਹਾ ਕਿ ਕੰਪਨੀ ਕੋਲ ਐੱਚ-1ਬੀ ਵੀਜ਼ਾ 'ਤੇ ਆਪਣੇ ਕੁੱਲ 32,000 ਕਾਮਿਆਂ ਵਿਚੋਂ ਲਗਭਗ 11,000 ਹਨ। ਅਸੀਂ ਹੌਲੀ-ਹੌਲੀ ਸਥਾਨਕ ਕਰਮਚਾਰੀਆਂ ਦੀ ਭਾਗੀਦਾਰੀ ਵਧਾ ਰਹੇ ਹਾਂ, ਜੋ ਕਿ ਜਾਰੀ ਰਹੇਗਾ ਕਿਉਂਕਿ ਨਵੇਂ ਕਿਸਮ ਦੇ ਪ੍ਰੋਜੈਕਟਾਂ ਅਤੇ ਏ.ਆਈ. ਦੇ ਆਉਣ ਨਾਲ ਕੰਮ ਕਰਨ ਦਾ ਤਰੀਕਾ ਬਦਲ ਗਿਆ ਹੈ।

ਟਰੰਪ ਪ੍ਰਸ਼ਾਸਨ ਦੇ ਦਬਾਅ ਤੋਂ ਇਲਾਵਾ, ਸੈਨੇਟਰ ਚੱਕ ਗ੍ਰਾਸਲੇ, ਆਰ-ਆਇਓਵਾ ਅਤੇ ਡਿਕ ਡਰਬਿਨ, ਡੀ-ਇਲੀਨਾਇਸ ਨੇ ਪਿਛਲੇ ਮਹੀਨੇ ਕ੍ਰਿਤੀਵਾਸਨ ਨੂੰ ਇੱਕ ਪੱਤਰ ਭੇਜਿਆ, ਜਿਸ ਵਿਚ ਟੀ.ਸੀ.ਐੱਸ. 'ਤੇ ਐੱਚ-1ਬੀ ਕਰਮਚਾਰੀਆਂ ਦੀ ਥਾਂ ਅਮਰੀਕੀ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢਣ ਦਾ ਦੋਸ਼ ਲਗਾਇਆ ਗਿਆ ਸੀ।

ਡਰਬਿਨ ਅਤੇ ਗ੍ਰਾਸਲੇ ਦੇ ਪੱਤਰ ਵਿਚ ਕਿਹਾ ਗਿਆ ਹੈ ਕਿ ਟੀ.ਸੀ.ਐੱਸ. ਨੂੰ ਵਿੱਤੀ ਸਾਲ 2025 ਵਿਚ 5,505 ਐੱਚ-1ਬੀ ਵੀਜ਼ਾ ਲਈ ਪ੍ਰਵਾਨਗੀ ਮਿਲੀ ਹੈ, ਜਿਸ ਨਾਲ ਇਹ ਦੇਸ਼ ਵਿਚ ਐੱਚ-1ਬੀ ਕਰਮਚਾਰੀਆਂ ਦਾ ਦੂਜਾ ਸਭ ਤੋਂ ਵੱਡਾ ਮਾਲਕ ਬਣ ਗਿਆ ਹੈ। ਸਾਰੇ ਘਰੇਲੂ ਅਮਰੀਕੀ ਪ੍ਰਤਿਭਾ ਨੂੰ ਪਾਸੇ ਕਰ ਦਿੱਤਾ ਗਿਆ ਹੈ, ਸਾਨੂੰ ਇਹ ਵਿਸ਼ਵਾਸ ਕਰਨਾ ਮੁਸ਼ਕਲ ਲੱਗਦਾ ਹੈ ਕਿ ਟੀ.ਸੀ.ਐੱਸ. ਇਨ੍ਹਾਂ ਅਹੁਦਿਆਂ ਨੂੰ ਭਰਨ ਲਈ ਅਮਰੀਕੀ ਤਕਨੀਕੀ ਕਰਮਚਾਰੀ ਨਹੀਂ ਲੱਭ ਸਕਦਾ।

ਗ੍ਰਾਸਲੇ ਅਤੇ ਡਰਬਿਨ ਨੇ ਇਹ ਵੀ ਦੱਸਿਆ ਕਿ ਟੀ.ਸੀ.ਐੱਸ. ਇਸ ਸਮੇਂ ਦੱਖਣੀ ਏਸ਼ੀਆਈ ਕਰਮਚਾਰੀਆਂ ਦੇ ਹੱਕ ਵਿਚ ਪੁਰਾਣੇ ਅਮਰੀਕੀ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢਣ ਦੇ ਦੋਸ਼ਾਂ 'ਤੇ ਬਰਾਬਰ ਰੁਜ਼ਗਾਰ ਅਵਸਰ ਕਮਿਸ਼ਨ ਦੁਆਰਾ ਜਾਂਚ ਅਧੀਨ ਹੈ। ਟੀ.ਸੀ.ਐੱਸ. ਨੇ ਅਮਰੀਕੀ ਕਰਮਚਾਰੀਆਂ ਨਾਲ ਵਿਤਕਰਾ ਕਰਨ ਤੋਂ ਇਨਕਾਰ ਕੀਤਾ। ਦੋਵਾਂ ਸੈਨੇਟਰਾਂ ਨੇ ਮੇਟਾ, ਗੂਗਲ, ਐਪਲ, ਐਮਾਜ਼ਾਨ ਅਤੇ ਮਾਈਕ੍ਰੋਸਾਫਟ ਨੂੰ ਵੀ ਇਸੇ ਤਰ੍ਹਾਂ ਦੇ ਪੱਤਰ ਭੇਜੇ।

# ਟਰੰਪ ਪ੍ਰਸ਼ਾਸਨ ਵੱਲੋਂ ਚਾਰਲੀ ਕਿਰਕ ਬਾਰੇ ਟਿੱਪਣੀਆਂ ਕਰਨ 'ਤੇ 6 ਵੀਜ਼ੇ ਰੱਦ

**ਵਾਸ਼ਿੰਗਟਨ, (ਪੰਜਾਬ ਮੇਲ)-** ਵਿਦੇਸ਼ ਵਿਭਾਗ ਨੇ ਕਿਹਾ ਕਿ ਉਸਨੇ 6 ਗੈਰ-ਅਮਰੀਕੀ ਨਾਗਰਿਕਾਂ ਦੇ ਵੀਜ਼ੇ ਰੱਦ ਕਰ ਦਿੱਤੇ ਹਨ, ਜਿਨ੍ਹਾਂ ਨੇ ਟਰਨਿੰਗ ਪੁਆਇੰਟ ਯੂ.ਐੱਸ.ਏ. ਦੇ ਸਹਿ-ਸੰਸਥਾਪਕ ਚਾਰਲੀ ਕਿਰਕ ਦੇ "ਘਿਨਾਉਣੇ ਕਤਲ ਦਾ ਜਸ਼ਨ" ਮਨਾਇਆ ਸੀ।

ਵਿਦੇਸ਼ ਵਿਭਾਗ ਨੇ ਕਿਹਾ, "ਸੰਯੁਕਤ ਰਾਜ ਅਮਰੀਕਾ ਦੀ ਉਨ੍ਹਾਂ ਵਿਦੇਸ਼ੀ ਲੋਕਾਂ ਦੀ ਮੇਜ਼ਬਾਨੀ ਕਰਨ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ, ਜੋ ਅਮਰੀਕੀਆਂ 'ਤੇ ਮੌਤ ਦੀ ਕਾਮਨਾ ਕਰਦੇ ਹਨ। ਸਾਡੇ ਨਾਗਰਿਕਾਂ ਦੀ ਹੱਤਿਆ ਦਾ ਜਸ਼ਨ ਮਨਾਉਂਦੇ ਹੋਏ ਅਮਰੀਕਾ ਦੀ ਮਹਿਮਾਨ ਨਿਵਾਜ਼ੀ ਦਾ ਫਾਇਦਾ ਉਠਾਉਣ ਵਾਲੇ ਪਰਦੇਸੀ ਹਟਾ ਦਿੱਤੇ ਜਾਣਗੇ।"

ਜਦੋਂ ਕਿ ਵਿਦੇਸ਼ ਵਿਭਾਗ ਨੇ ਤੁਰੰਤ ਉਨ੍ਹਾਂ 6 ਲੋਕਾਂ ਦੀ ਪਛਾਣ ਦਾ ਖੁਲਾਸਾ ਨਹੀਂ ਕੀਤਾ, ਜਿਨ੍ਹਾਂ ਦੇ ਵੀਜ਼ੇ ਇਸ ਨੇ ਰੱਦ ਕਰ ਦਿੱਤੇ ਸਨ, ਇਸਨੇ ਉਨ੍ਹਾਂ ਦੀਆਂ ਆਨਲਾਈਨ ਟਿੱਪਣੀਆਂ ਅਤੇ ਉਨ੍ਹਾਂ ਦੀ ਕੌਮੀਅਤ ਦੀਆਂ ਉਦਾਹਰਣਾਂ ਦਿੱਤੀਆਂ।

ਵਿਭਾਗ ਨੇ ਇੱਕ ਪੋਸਟ ਵਿਚ ਲਿਖਿਆ - ਇੱਕ ਮੈਕਸੀਕਨ ਨਾਗਰਿਕ ਨੇ ਕਿਹਾ ਕਿ ਕਿਰਕ "ਇੱਕ ਨਸਲਵਾਦੀ ਹੋਣ ਕਰਕੇ ਮਰ



ਗਿਆ, ਉਹ ਇੱਕ ਔਰਤ ਵਿਰੋਧੀ ਹੋਣ ਕਰਕੇ ਮਰ ਗਿਆ, ਅਜਿਹੇ ਲੋਕ ਹਨ, ਜੋ ਮਰਨ ਦੇ ਹੱਕਦਾਰ ਹਨ।" ਵਿਭਾਗ ਵੱਲੋਂ ਉਸ ਦਾ ਵੀਜ਼ਾ ਰੱਦ ਕਰ ਦਿੱਤਾ ਗਿਆ।

ਵਿਅਕਤੀਆਂ ਦੇ ਮੂਲ ਦੇਸ਼ਾਂ ਵਿਚ ਅਰਜਨਟੀਨਾ, ਦੱਖਣੀ ਅਫਰੀਕਾ, ਮੈਕਸੀਕੋ, ਬ੍ਰਾਜ਼ੀਲ, ਜਰਮਨੀ ਅਤੇ ਪੈਰਾਗੁਏ ਸ਼ਾਮਲ ਹਨ।

ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਸਤੰਬਰ ਵਿਚ ਕਿਹਾ ਸੀ ਕਿ ਕਿਰਕ ਦੀ ਮੌਤ ਦੀ ਪ੍ਰਸ਼ੰਸਾ ਕਰਨ ਵਾਲੇ ਲੋਕਾਂ ਲਈ ਵੀਜ਼ਾ ਰੱਦ ਕਰਨ ਦਾ ਕੰਮ "ਜਾਰੀ' ਹੈ।

ਟਰੰਪ ਪ੍ਰਸ਼ਾਸਨ ਨੇ ਅਗਸਤ ਵਿਚ ਸਾਰੇ ਅਮਰੀਕੀ ਵੀਜ਼ਾ ਧਾਰਕਾਂ ਨੂੰ ਸੰਭਾਵਿਤ ਦੇਸ਼ ਨਿਕਾਲੇ ਲਈ ਦੁਬਾਰਾ ਜਾਂਚ ਸ਼ੁਰੂ ਕਰ ਦਿੱਤੀ, ਜਿਸ ਵਿਚ ਕਾਲਜ ਕੈਂਪਸਾਂ ਵਿਚ ਫਲਸਤੀਨੀ ਪੱਖੀ ਸਰਗਰਮੀ ਨਾਲ ਜੁੜੇ ਲੋਕ ਵੀ ਸ਼ਾਮਲ ਹਨ।

# ਟਰੰਪ ਵੱਲੋਂ ਚਾਰਲੀ ਕਿਰਕ ਦਾ ਮਰਨ ਉਪਰੰਤ ਰਾਸ਼ਟਰਪਤੀ ਮੈਡਲ ਆਫ਼ ਫ੍ਰੀਡਮ ਨਾਲ ਸਨਮਾਨ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਉਨ੍ਹਾਂ ਦੇ ਕਰੀਬੀ ਸਹਿਯੋਗੀ ਰਹੇ ਅਤੇ ਰੂੜੀਵਾਦੀ ਕਾਰਕੁਨ ਚਾਰਲੀ ਕਿਰਕ ਨੂੰ ਮਰਨ ਉਪਰੰਤ ਅਮਰੀਕਾ ਦਾ ਸਭ ਤੋਂ ਉੱਚ ਨਾਗਰਿਕ ਸਨਮਾਨ ਨਾਲ ਸਨਮਾਨਿਤ ਕੀਤਾ। ਕਿਰਕ ਦਾ 10 ਸਤੰਬਰ ਨੂੰ ਯੂਟਾਹ ਵਿਚ ਇੱਕ ਕਾਲਜ ਪ੍ਰੋਗਰਾਮ ਦੌਰਾਨ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਕਿਰਕ ਨੂੰ ਉਨ੍ਹਾਂ ਦੇ ਜਨਮਦਿਨ 'ਤੇ ਆਯੋਜਿਤ ਇੱਕ ਸਮਾਰੋਹ ਵਿਚ ਮਰਨ ਉਪਰੰਤ ਪੁਰਸਕਾਰ ਦਿੱਤਾ ਗਿਆ।

ਕਿਰਕ ਦੇ ਅਮਰੀਕੀ ਪ੍ਰਸ਼ਾਸਨ ਨਾਲ ਨੇੜਲੇ ਸਬੰਧ ਸਨ। ਉਹ ਰਾਸ਼ਟਰਪਤੀ ਵਜੋਂ ਟਰੰਪ ਦੇ ਦੂਜੇ



ਕਾਰਜਕਾਲ ਦੌਰਾਨ ਰਾਸ਼ਟਰਪਤੀ ਮੈਡਲ ਆਫ਼ ਫ੍ਰੀਡਮ ਪ੍ਰਾਪਤ ਕਰਨ ਵਾਲੇ ਪਹਿਲੇ ਵਿਅਕਤੀ ਹਨ। ਸਤੰਬਰ ਵਿਚ ਕਿਰਕ ਦੇ ਅੰਤਿਮ ਸੰਸਕਾਰ ਦੌਰਾਨ, ਰਾਸ਼ਟਰਪਤੀ ਨੇ ਉਨ੍ਹਾਂ ਨੂੰ ਇੱਕ "ਮਹਾਨ ਅਮਰੀਕੀ ਨਾਇਕ" ਅਤੇ ਆਜ਼ਾਦੀ ਲਈ ਇੱਕ "ਸ਼ਹੀਦ" ਹੋਣ ਵਾਲਾ ਕਿਹਾ ਸੀ।

ਸਾਬਕਾ ਅਮਰੀਕੀ ਰਾਸ਼ਟਰਪਤੀ ਜੌਨ ਐੱਫ. ਕੈਨੇਡੀ ਨੇ 1963 ਵਿਚ "ਸੰਯੁਕਤ ਰਾਜ ਅਮਰੀਕਾ ਦੀ ਸੁਰੱਖਿਆ ਜਾਂ ਰਾਸ਼ਟਰੀ ਹਿੱਤਾਂ, ਵਿਸ਼ਵ ਸ਼ਾਂਤੀ, ਸੱਭਿਆਚਾਰਕ ਜਾਂ ਹੋਰ ਮਹੱਤਵਪੂਰਨ ਜਨਤਕ ਜਾਂ ਨਿੱਜੀ ਯਤਨਾਂ" ਵਿਚ ਅਸਾਧਾਰਨ ਯੋਗਦਾਨ ਪਾਉਣ ਵਾਲੇ ਵਿਅਕਤੀਆਂ ਨੂੰ ਸਨਮਾਨਿਤ ਕਰਨ ਲਈ ਰਾਸ਼ਟਰਪਤੀ ਮੈਡਲ ਆਫ਼ ਫ੍ਰੀਡਮ ਦੀ ਸਥਾਪਨਾ ਕੀਤੀ ਸੀ।

# ਅਮਰੀਕੀ ਚੈਂਬਰ ਆਫ ਕਾਮਰਸ ਵੱਲੋਂ ਐੱਚ-1ਬੀ ਅਰਜ਼ੀਆਂ 'ਤੇ ਫੀਸ ਵਾਧੇ ਵਿਰੁੱਧ ਮੁਕੱਦਮਾ ਦਾਇਰ

**ਵਾਸ਼ਿੰਗਟਨ (ਪੰਜਾਬ ਮੇਲ)-** ਅਮਰੀਕੀ ਚੈਂਬਰ ਆਫ਼ ਕਾਮਰਸ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਦੇ ਸਾਰੇ ਨਵੇਂ ਐੱਚ-1ਬੀ ਵੀਜ਼ਾ ਅਰਜ਼ੀਆਂ 'ਤੇ $100,000 ਫੀਸ ਲਗਾਉਣ ਦੇ ਫੈਸਲੇ ਵਿਰੁੱਧ ਮੁਕੱਦਮਾ ਦਾਇਰ ਕੀਤਾ ਹੈ। ਸੰਗਠਨ ਨੇ ਇਸਨੂੰ "ਭੰਬਲਭੂਸੇ ਵਾਲੀ ਨੀਤੀ ਅਤੇ ਸਪੱਸ਼ਟ ਤੌਰ 'ਤੇ ਗੈਰ-ਕਾਨੂੰਨੀ" ਕਿਹਾ ਹੈ, ਜੋ ਅਮਰੀਕੀ ਨਵੀਨਤਾ ਅਤੇ ਮੁਕਾਬਲੇਬਾਜ਼ੀ ਨੂੰ ਕਮਜ਼ੋਰ ਕਰ ਸਕਦੀ ਹੈ। ਕੋਲੰਬੀਆ ਜ਼ਿਲ੍ਹਾ ਅਦਾਲਤ ਵਿਚ ਵੀਰਵਾਰ ਨੂੰ ਦਾਇਰ ਕੀਤਾ ਗਿਆ ਇਹ ਮੁਕੱਦਮਾ, 19 ਸਤੰਬਰ ਨੂੰ ਜਾਰੀ ਰਾਸ਼ਟਰਪਤੀ ਦੇ ਆਦੇਸ਼ ਨੂੰ ਚੁਣੌਤੀ ਦਿੰਦਾ ਹੈ। ਇਸ ਵਿਚ ਦੋਸ਼ ਲਗਾਇਆ ਗਿਆ ਹੈ ਕਿ ਇਹ ਆਦੇਸ਼ ਐੱਚ-1ਬੀ ਵੀਜ਼ਾ ਪ੍ਰੋਗਰਾਮ 'ਤੇ ਕਾਂਗਰਸ ਦੇ ਅਧਿਕਾਰ ਖੇਤਰ ਦੀ ਉਲੰਘਣਾ ਕਰਦਾ ਹੈ। ਗ੍ਰਹਿ ਸੁਰੱਖਿਆ ਵਿਭਾਗ ਅਤੇ ਵਿਦੇਸ਼ ਵਿਭਾਗ, ਉਨ੍ਹਾਂ ਦੇ ਸਕੱਤਰਾਂ, ਕ੍ਰਿਸਟੀ ਐੱਲ. ਨੋਏਮ ਅਤੇ ਮਾਰਕੋ ਰੂਬੀਓ ਦੇ ਨਾਲ, ਨੂੰ ਬਚਾਓ ਪੱਖ ਵਜੋਂ ਨਾਮਜ਼ਦ ਕੀਤਾ ਗਿਆ ਹੈ।

ਚੈਂਬਰ ਆਫ਼ ਕਾਮਰਸ ਦੇ ਕਾਰਜਕਾਰੀ ਉਪ-ਪ੍ਰਧਾਨ ਨੀਲ ਬ੍ਰੈਡਲੀ ਨੇ ਕਿਹਾ ਕਿ ਇੰਨੀ ਉੱਚੀ ਫੀਸ ਅਮਰੀਕੀ ਕੰਪਨੀਆਂ, ਖਾਸ ਕਰਕੇ ਸਟਾਰਟਅੱਪਸ ਅਤੇ ਛੋਟੇ ਅਤੇ ਦਰਮਿਆਨੇ ਆਕਾਰ ਦੇ ਕਾਰੋਬਾਰਾਂ ਲਈ ਪ੍ਰੋਗਰਾਮ ਦੀ ਵਰਤੋਂ ਕਰਨਾ "ਅਸੰਭਵ" ਬਣਾ ਦੇਵੇਗੀ। ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਦਾ ਹੁਕਮ ਕਾਂਗਰਸ ਦੁਆਰਾ ਨਿਰਧਾਰਤ ਫੀਸਾਂ ਅਤੇ 85,000 ਹੁਨਰਮੰਦ ਵਿਅਕਤੀਆਂ ਨੂੰ ਅਮਰੀਕਾ ਵਿਚ ਕੰਮ ਕਰਨ ਦੀ ਆਗਿਆ ਦੇਣ ਵਾਲੇ ਉਪਬੰਧਾਂ ਦੇ ਉਲਟ ਹੈ। ਇਹ ਅਮਰੀਕੀ ਕਾਰੋਬਾਰਾਂ ਨੂੰ ਜਾਂ ਤਾਂ ਕਿਰਤ ਲਾਗਤਾਂ ਵਧਾਉਣ ਜਾਂ ਹੁਨਰਮੰਦ ਕਾਮਿਆਂ ਦੀ ਭਰਤੀ ਘਟਾਉਣ ਲਈ ਮਜਬੂਰ ਕਰੇਗਾ।

ਚੈਂਬਰ ਆਫ਼ ਕਾਮਰਸ ਨੇ ਚੇਤਾਵਨੀ ਦਿੱਤੀ ਕਿ ਅਜਿਹੀਆਂ ਪਾਬੰਦੀਆਂ ਅਮਰੀਕਾ ਦੇ ਮੁਕਾਬਲੇਬਾਜ਼ਾਂ ਨੂੰ ਲਾਭ ਪਹੁੰਚਾਉਣਗੀਆਂ, ਜੋ ਹੁਣ ਉਨ੍ਹਾਂ ਪ੍ਰਤਿਭਾਵਾਂ ਦਾ ਸਵਾਗਤ ਕਰਨਗੇ, ਜਿਨ੍ਹਾਂ ਨੂੰ ਅਮਰੀਕਾ ਕੰਮ ਕਰਨ ਦੀ ਇਜਾਜ਼ਤ ਨਹੀਂ ਦੇਵੇਗਾ। ਇਹ ਧਿਆਨ ਦੇਣ ਯੋਗ ਹੈ ਕਿ ਐੱਚ-1ਬੀ ਵੀਜ਼ਾ ਧਾਰਕਾਂ ਵਿਚੋਂ ਲਗਭਗ 71 ਫੀਸਦੀ ਭਾਰਤੀ ਹਨ।

# ਸਰਕਾਰੀ ਸ਼ਟਡਾਊਨ ਖਤਮ ਕਰਨ ਲਈ ਸਮਝੌਤੇ 'ਤੇ ਪਹੁੰਚਣ ਦੀਆਂ ਕੋਸ਼ਿਸ਼ਾਂ 'ਚ ਟਰੰਪ ਦੀ ਰੁਚੀ ਘੱਟ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਸਰਕਾਰੀ ਸ਼ਟਡਾਊਨ ਨੂੰ ਖਤਮ ਕਰਨ ਲਈ ਸਮਝੌਤੇ 'ਤੇ ਪਹੁੰਚਣ ਦੀਆਂ ਕੋਸ਼ਿਸ਼ਾਂ 'ਚ ਬਹੁਤ ਘੱਟ ਰੁਚੀ ਦਿਖਾ ਰਹੇ ਹਨ, ਜਦੋਂ ਕਿ ਡੈਮੋਕ੍ਰੇਟਿਕ ਪਾਰਟੀ ਜ਼ੋਰ ਦੇ ਕੇ ਕਹਿੰਦੀ ਹੈ ਕਿ ਜਦੋਂ ਤੱਕ ਉਹ ਸਿੱਧੇ ਦਖਲ ਨਹੀਂ ਦਿੰਦੇ, ਕੋਈ ਹੱਲ ਸੰਭਵ ਨਹੀਂ ਹੈ। ਸਥਿਤੀ ਤਿੰਨ ਹਫ਼ਤਿਆਂ ਤੋਂ ਸਥਿਰ ਹੈ। ਕਾਂਗਰਸ ਠੱਪ ਹੈ ਅਤੇ ਸੈਨੇਟ 'ਚ ਕੋਈ ਵਿਕਾਸ ਨਹੀਂ ਹੋਇਆ ਹੈ।



ਇੱਕ ਮਹੀਨੇ ਤੋਂ ਸਦਨ ਦਾ ਸੈਸ਼ਨ ਨਹੀਂ ਹੋਇਆ ਹੈ ਅਤੇ ਵਿਕਾਸ ਦੀ ਘਾਟ ਤੋਂ ਨਿਰਾਸ਼ ਕਾਨੂੰਨਸਾਜ਼ ਵੀਰਵਾਰ ਨੂੰ ਵਾਸ਼ਿੰਗਟਨ ਛੱਡ ਗਏ। ਰਿਪਬਲਿਕਨ ਨੇਤਾ ਥੋੜ੍ਹੇ ਸਮੇਂ ਦੇ ਫੰਡਿੰਗ ਬਿੱਲ ਪਾਸ ਹੋਣ ਤੱਕ ਗੱਲਬਾਤ ਕਰਨ ਤੋਂ ਇਨਕਾਰ ਕਰ ਰਹੇ ਹਨ, ਜਦੋਂਕਿ ਡੈਮੋਕ੍ਰੇਟ ਸਿਹਤ ਬੀਮਾ ਸਬਸਿਡੀਆਂ 'ਤੇ ਭਰੋਸਾ ਚਾਹੁੰਦੇ ਹਨ। ਟਰੰਪ ਇਸ ਸਮੇਂ ਪਾਸੇ ਰਹਿ ਰਹੇ ਹਨ, ਇਜ਼ਰਾਈਲ-ਹਮਾਸ ਜੰਗਬੰਦੀ ਤੇ ਰੂਸ-ਯੂਕਰੇਨ ਯੁੱਧ ਵਰਗੇ ਹੋਰ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰ ਰਹੇ ਹਨ।

ਇਸ ਦੌਰਾਨ, ਉਨ੍ਹਾਂ ਦੇ ਪ੍ਰਸ਼ਾਸਨ ਨੇ ਸ਼ਟਡਾਊਨ ਲਈ ਇੱਕ ਅਸਾਧਾਰਨ ਪਹੁੰਚ ਦੀ ਯੋਜਨਾ ਬਣਾਈ ਹੈ, ਫੌਜਾਂ ਨੂੰ ਭੁਗਤਾਨ ਕਰਨਾ ਜਾਰੀ ਰੱਖਦੇ ਹੋਏ ਹੋਰ ਸਰਕਾਰੀ ਕਰਮਚਾਰੀਆਂ ਦੀ ਛਾਂਟੀ ਕੀਤੀ ਹੈ। ਇਨ੍ਹਾਂ ਉਪਾਵਾਂ ਨੂੰ ਅਦਾਲਤ ਵਿਚ ਵੀ ਚੁਣੌਤੀ ਦਿੱਤੀ ਗਈ ਹੈ। ਡੈਮੋਕ੍ਰੇਟਿਕ ਨੇਤਾਵਾਂ ਚੱਕ ਸ਼ੂਮਰ ਅਤੇ ਹਕੀਮ ਜੈਫਰੀਜ਼ ਨੇ ਕਿਹਾ ਹੈ ਕਿ ਰਿਪਬਲਿਕਨ ਗੰਭੀਰਤਾ ਨਾਲ ਗੱਲਬਾਤ ਨਹੀਂ ਕਰ ਰਹੇ ਹਨ, ਜਦੋਂ ਕਿ ਬਰਨੀ ਸੈਂਡਰਸ ਅਤੇ ਅਲੈਗਜ਼ੈਂਡਰੀਆ ਓਕਾਸੀਓ-ਕੋਰਟੇਜ਼ ਨੇ ਟਰੰਪ ਦੇ ਸਿੱਧੇ ਦਖਲ ਦੀ ਮੰਗ ਕੀਤੀ ਹੈ। ਹਾਲਾਂਕਿ, ਰਿਪਬਲਿਕਨ ਲੀਡਰਸ਼ਿਪ ਨਹੀਂ ਚਾਹੁੰਦੀ ਕਿ ਟਰੰਪ ਦਖਲ ਦੇਣ, ਤਾਂ ਜੋ ਡੈਮੋਕ੍ਰੇਟ ਭਵਿੱਖ ਲਈ ਕੋਈ ਮਿਸਾਲ ਨਾ ਕਾਇਮ ਕਰ ਲੈਣ। ਟਰੰਪ ਨੇ ਵੀ ਇਸੇ ਤਰ੍ਹਾਂ ਦਾ ਰੁਖ਼ ਅਪਣਾਇਆ ਹੈ ਅਤੇ ਸੰਕੇਤ ਦਿੱਤਾ ਹੈ ਕਿ ਉਹ ਫਿਲਹਾਲ ਨਿੱਜੀ ਤੌਰ 'ਤੇ ਕੋਈ ਕਾਰਵਾਈ ਨਹੀਂ ਕਰਨਗੇ।

## ਨਿਊਯਾਰਕ 'ਚ ਸਟ੍ਰੀਟ ਦਾ ਨਾਮ 'ਗੁਰੂ ਤੇਗ ਬਹਾਦਰ ਜੀ ਵੇਅ' ਰੱਖਿਆ ਗਿਆ

**ਨਵੀਂ ਦਿੱਲੀ, (ਪੰਜਾਬ ਮੇਲ)-** ਨਿਊਯਾਰਕ ਸਿਟੀ ਨੇ ਨੌਵੇਂ ਸਿੱਖ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਇੱਕ ਵਿਲੱਖਣ ਸ਼ਰਧਾਂਜਲੀ ਭੇਟ ਕੀਤੀ ਹੈ। ਕਵੀਨਜ਼ ਵਿਚ 114ਵੀਂ ਸਟਰੀਟ ਅਤੇ 101ਵੀਂ ਐਵੇਨਿਊ ਦੇ ਚੌਰਾਹੇ ਨੂੰ ਹੁਣ ਅਧਿਕਾਰਤ ਤੌਰ 'ਤੇ 'ਗੁਰੂ ਤੇਗ ਬਹਾਦਰ ਜੀ ਵੇਅ' ਦਾ ਨਾਮ ਦਿੱਤਾ ਗਿਆ ਹੈ।

ਸਿੱਖ ਭਾਈਚਾਰੇ ਲਈ ਇੱਕ ਇਤਿਹਾਸਕ ਅਤੇ ਮਾਣਮੱਤਾ ਪਲ ਹੈ। ਇਹ ਇੱਕ ਇਤਿਹਾਸਕ ਘਟਨਾ ਹੈ, ਕਿਉਂਕਿ ਨਿਊਯਾਰਕ ਭਾਰਤ ਤੋਂ ਬਾਹਰ ਪਹਿਲਾ ਸ਼ਹਿਰ ਬਣ ਗਿਆ ਹੈ, ਜਿੱਥੇ ਇੱਕ ਸਿੱਖ ਗੁਰੂ ਜੀ ਦੇ ਨਾਮ ਨੂੰ ਇੱਕ ਗਲੀ (ਸਟ੍ਰੀਟ) ਸਮਰਪਿਤ ਕੀਤੀ ਗਈ ਹੈ। ਇਹ ਫੈਸਲਾ ਅਜਿਹੇ ਸਮੇਂ ਆਇਆ ਹੈ, ਜਦੋਂ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਪੁਰਬ ਦੁਨੀਆਂ ਭਰ ਵਿਚ ਵਿਆਪਕ ਤੌਰ 'ਤੇ ਮਨਾਇਆ ਜਾ ਰਿਹਾ ਹੈ।

**Editorial Board**

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh

**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਹਰਦਿਆਲ ਸਿੰਘ ਚੀਮਾ ਦੀ ਪੁਸਤਕ 'ਅਕਲ ਨੂੰ ਸਜ਼ਾ' ਰਿਲੀਜ਼



**ਸਿਆਟਲ, (ਪੰਜਾਬ ਮੇਲ)-** ਪ੍ਰਸਿੱਧ ਸਾਹਿਤਕਾਰ ਅਤੇ ਗੀਤਕਾਰ ਸਿਆਟਲ ਨਿਵਾਸੀ ਹਰਦਿਆਲ ਸਿੰਘ ਚੀਮਾ ਦੀ 26ਵੀਂ ਪੁਸਤਕ 'ਅਕਲ ਨੂੰ ਸਜ਼ਾ' ਪਿਛਲੇ ਦਿਨੀਂ ਸਾਡਾ ਟੀ.ਵੀ. ਦੇ ਵਿਹੜੇ, ਸਿਮਰਨ ਪ੍ਰੋਡਕਸ਼ਨ ਵੱਲੋਂ ਰਿਲੀਜ਼ ਕੀਤੀ ਗਈ। ਸਿਮਰਨ ਸਿੰਘ ਨੇ ਸਾਰੇ ਹੀ ਮਹਿਮਾਨਾਂ ਦੇ ਸੁਆਗਤ ਪਿੱਛੋਂ ਮਹਿਫਲ ਦਾ ਆਗਾਜ਼ ਕੀਤਾ। ਪੰਜਾਬੀ ਗੀਤਕਾਰ ਸਾਧੂ ਸਿੰਘ ਝੱਜ ਨੇ ਲੇਖਕ ਹਰਦਿਆਲ ਸਿੰਘ ਚੀਮਾ ਦੀ ਪੁਸਤਕ 'ਅਕਲ ਨੂੰ ਸਜ਼ਾ' ਦੀ ਵਧਾਈ ਦਿੰਦਿਆਂ ਜੀ ਆਇਆਂ ਕਿਹਾ। ਉਪਰੰਤ ਹਰਦਿਆਲ ਸਿੰਘ ਚੀਮਾ ਨੇ ਆਏ ਸੱਜਣਾਂ ਗੁਰਦਰਸ਼ਨ ਸਿੰਘ ਬਾਸੀ, ਲਾਲੀ ਸੰਧੂ, ਹਰੀਪਾਲ ਸਿੰਘ ਘੁੰਮਣ, ਸਰਦਾਰ ਪ੍ਰੇਮ ਸਿੰਘ, ਬਲਵੰਤ ਸਿੰਘ ਰਾਣਾ, ਕਰਨੈਲ ਸਿੰਘ ਕੈਲ, ਸਾਹਿਬ ਸਿੰਘ ਨਿੱਝਰ (ਖੂੰਡੇ ਵਾਲਾ ਗੱਭਰੂ), ਗੁਰਬਿੰਦਰ ਸਿੰਘ, ਗੁਰਮੀਤ ਸਿੰਘ ਅਤੇ ਦਵਿੰਦਰ ਸਿੰਘ ਹੀਰਾ ਦੀ ਜਾਣ-ਪਹਿਚਾਣ ਕਰਵਾਉਂਦਿਆਂ ਹਾਜ਼ਰੀ ਭਰਨ ਲਈ ਧੰਨਵਾਦ ਕੀਤਾ। ਸਾਧੂ ਸਿੰਘ ਝੱਜ ਨੇ ਹੱਥਲੀ ਪੁਸਤਕ 'ਅਕਲ ਨੂੰ ਸਜ਼ਾ' ਵਿਚਲੀ ਕਹਾਣੀ 'ਅਕਲ ਨੂੰ ਸਜ਼ਾ', ਕਰਨੈਲ ਸਿੰਘ ਕੈਲ ਨੇ ਵਲੈਤੀ (ਘੋਨਾਂ) ਸਾਧ ਅਤੇ ਲੁੱਕਣ-ਮੀਚੀ, ਲਾਲੀ ਸੰਧੂ ਨੇ 'ਜਦ ਕਦ ਮੰਦਾ ਹੋਇ' ਅਤੇ ਗੁਰਦਰਸ਼ਨ ਬਾਸੀ ਨੇ ਕਹਾਣੀ 'ਜੱਗ ਵਿਚ ਸੀਰ' ਬਾਰੇ ਸੁਆਲ ਕਰਦਿਆਂ ਹਰਦਿਆਲ ਸਿੰਘ ਚੀਮਾ ਨੂੰ ਜਾਣਕਾਰੀ ਦੇਣ ਲਈ ਕਿਹਾ, ਜਿਸ ਦੀ ਲੇਖਕ ਨੇ ਬੜੇ ਹੀ ਸੰਖੇਪ ਰੂਪ 'ਚ ਜਾਣਕਾਰੀ ਦਿੰਦਿਆਂ ਸੁਣਨ ਵਾਲਿਆਂ ਨੂੰ ਜਿੱਥੇ ਸੋਚਣ ਲਈ ਮਜਬੂਰ ਕੀਤਾ, ਉਥੇ ਸਰੋਤੇ ਕਈ ਗੱਲਾਂ ਤੋਂ ਆਪਣਾ ਹਾਸਾ ਨਾ ਰੋਕ ਸਕੇ। ਚਿੰਤਕ ਲਾਲੀ ਸੰਧੂ ਨੇ ਇਸ 'ਲੋਕ ਅਰਪਨ' ਦੀ ਰਸਮ ਨੂੰ ਨਿਵੇਕਲੀ ਦੱਸਦਿਆਂ ਮਾਣ ਮਹਿਸੂਸ ਕੀਤਾ। ਆਖਿਰ ਵਿਚ ਸਾਧੂ ਸਿੰਘ ਝੱਜ ਨੇ ਆਪਣੀ ਡਿਊਟੀ ਬਾਖੂਬੀ ਨਿਭਾਉਂਦਿਆਂ ਚੇਤਨਾ ਪ੍ਰਕਾਸ਼ਨ ਲੁਧਿਆਣਾ ਦੀ ਵੀ ਪ੍ਰਸ਼ੰਸਾ ਕੀਤੀ ਅਤੇ ਖੂਬਸੂਰਤ ਕਿਤਾਬ ਛਾਪਣ ਲਈ ਧੰਨਵਾਦ ਵੀ ਕੀਤਾ ਅਤੇ ਸਾਰੇ ਹੀ ਪੰਜਾਬੀਆਂ ਨੂੰ ਸਲਾਹ ਵੀ ਦਿੱਤੀ ਕਿ 'ਅਕਲ ਨੂੰ ਸਜ਼ਾ' ਵਰਗੀਆਂ ਮਿਆਰੀ ਪੁਸਤਕਾਂ ਨੂੰ ਆਪਣੇ ਘਰਾਂ ਦੀ ਲਾਇਬ੍ਰੇਰੀ ਦਾ ਸ਼ਿੰਗਾਰ ਬਣਾਉਣ। ਇਸ ਨਵੀਂ ਕਿਤਾਬ ਲਈ ਚਾਹਵਾਨ ਹਰਦਿਆਲ ਸਿੰਘ ਚੀਮਾ ਨਾਲ 206-734-0794 ਜਾਂ ਚੇਤਨਾ ਪ੍ਰਕਾਸ਼ਨ ਲੁਧਿਆਣਾ ਨਾਲ 91-98152-98459 'ਤੇ ਸੰਪਰਕ ਕਰ ਸਕਦੇ ਹਨ।

# ਸਿੱਧੂ ਮੂਸੇਵਾਲਾ ਕਤਲ ਮਾਮਲੇ 'ਚ 5 ਮੁਲਜ਼ਮ ਅਦਾਲਤ 'ਚ ਹੋਏ ਪੇਸ਼

**ਮਾਨਸਾ, (ਪੰਜਾਬ ਮੇਲ)-** ਸਿੱਧੂ ਮੂਸੇਵਾਲਾ ਕਤਲ ਮਾਮਲੇ 'ਚ ਅਦਾਲਤ ਦੇ ਹੁਕਮਾਂ 'ਤੇ ਸ਼ੁੱਕਰਵਾਰ ਨੂੰ 5 ਮੁਲਜ਼ਮਾਂ ਨੂੰ ਸਰੀਰਕ ਤੌਰ 'ਤੇ ਪੇਸ਼ ਕੀਤਾ ਗਿਆ। ਇਸ ਦੌਰਾਨ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਪੇਸ਼ ਹੋ ਕੇ ਮੁਲਜ਼ਮਾਂ ਦੀ ਪਛਾਣ ਕੀਤੀ। ਅਦਾਲਤ ਨੇ ਇਸ ਮਾਮਲੇ ਵਿਚ ਅਗਲੀ ਪੇਸ਼ੀ 14 ਨਵੰਬਰ 2025 ਨੂੰ ਨਿਰਧਾਰਿਤ ਕੀਤੀ ਹੈ। ਜ਼ਿਕਰਯੋਗ ਹੈ ਕਿ ਗਾਇਕ ਸਿੱਧੂ ਮੂਸੇਵਾਲਾ ਦਾ 29 ਮਈ 2022 ਨੂੰ ਪਿੰਡ ਜਵਾਹਰਕੇ ਵਿਖੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

ਇਸ ਮਾਮਲੇ 'ਚ ਅਦਾਲਤ ਨੇ ਗਾਇਕ ਦੇ ਪਿਤਾ ਬਲਕੌਰ ਸਿੰਘ ਦੀ ਅਪੀਲ 'ਤੇ ਮੁਲਜ਼ਮਾਂ ਨੂੰ ਸਰੀਰਕ ਤੌਰ 'ਤੇ ਪੇਸ਼ ਹੋਣ ਦੇ ਹੁਕਮ ਦਿੱਤੇ ਹਨ। ਇਸ ਦੇ ਸਬੰਧ 'ਚ ਅਦਾਲਤ 'ਚ ਸਿੱਧੂ ਮੂਸੇਵਾਲਾ ਦੇ ਕਤਲ ਦੇ ਦੋਸ਼ੀ ਪ੍ਰਿਆਵਰਤ ਫ਼ੌਜੀ, ਕੁਲਦੀਪ ਕਸ਼ਿਸ਼, ਦੀਪਕ ਮੁੰਡੀ, ਸੰਦੀਪ ਕੇਕੜਾ ਅਤੇ ਬਲਦੇਵ ਨਿੱਕੂ ਨੂੰ ਪੇਸ਼ ਕੀਤਾ ਗਿਆ। ਉਧਰ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਵੀ ਅਦਾਲਤ 'ਚ ਪੇਸ਼ ਹੋਏ ਅਤੇ ਮੁਲਜ਼ਮਾਂ ਦੀ ਪਛਾਣ ਕੀਤੀ। ਕਤਲ ਦੌਰਾਨ ਇਸਤੇਮਾਲ ਕੀਤੀਆਂ ਗਈਆਂ ਬਲੈਰੋ ਅਤੇ ਕਰੋਲਾ ਗੱਡੀਆਂ ਵੀ ਅਦਾਲਤ 'ਚ ਪੇਸ਼ ਕੀਤੀਆਂ ਗਈਆਂ। ਇਸ ਸਬੰਧੀ ਅਦਾਲਤ ਨੇ ਪੁਲਿਸ ਨੂੰ ਇਹ ਗੱਡੀਆਂ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਥਾਣਾ ਸਿਟੀ 1 ਮਾਨਸਾ ਦੀ ਪੁਲਿਸ ਵੱਲੋਂ ਅਦਾਲਤ ਦੇ ਹੁਕਮਾਂ 'ਤੇ ਇਹ ਗੱਡੀਆਂ ਪੇਸ਼ ਕੀਤੀਆਂ ਗਈਆਂ। ਇਸ ਮਾਮਲੇ 'ਚ ਅਗਲੀ ਪੇਸ਼ੀ 14 ਨਵੰਬਰ ਨੂੰ ਰੱਖੀ ਗਈ ਹੈ।


ਸਮੂਹ ਸਿੱਖ ਜਗਤ ਨੂੰ ਬੰਦੀ ਛੋੜ ਦਿਵਸ, ਦੀਵਾਲੀ ਅਤੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ।

Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute,
Pepperdine University; Faculty member of
Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?

For Mediation Services, Contact Office Manager :
Julie McCool Email: jmccool@jamsadr.com
Call : +1 503 910 8767

SA
www.singhadr.com

Mediation - ◇ Save Money ◇ Save Time ◇ Save Your relationship

• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave

*863

# ਕੈਨੇਡਾ ਦੀਆਂ ਸਖ਼ਤ ਵੀਜ਼ਾ ਨੀਤੀਆਂ ਕਾਰਨ 2.35 ਲੱਖ ਵਿਦੇਸ਼ੀ ਨਾਗਰਿਕਾਂ ਦਾ ਸੁਪਨਾ ਟੁੱਟਿਆ

**■ ਇੰਟਰਨੈਸ਼ਨਲ ਸਟੂਡੈਂਟਸ ਅਤੇ ਟੈਂਪਰੇਰੀ ਫ਼ੌਰਨ ਵਰਕਰਜ਼ ਦੇ ਜੀਵਨ ਸਾਥੀਆਂ ਨੂੰ ਵਰਕ ਪਰਮਿਟ ਤੋਂ ਹੋਣ ਲੱਗੀ ਨਾਂਹ**




ਵਿਨੀਪੈਗ, (ਪੰਜਾਬ ਮੇਲ)- ਕੈਨੇਡਾ ਦੀਆਂ ਸਖ਼ਤ ਵੀਜ਼ਾ ਨੀਤੀਆਂ ਕਰਕੇ ਮੌਜੂਦਾ ਵਰ੍ਹੇ ਦੌਰਾਨ 2.35 ਲੱਖ ਵਿਦੇਸ਼ੀ ਨਾਗਰਿਕਾਂ ਦਾ ਕੈਨੇਡਾ ਪੁੱਜਣ ਦਾ ਸੁਪਨਾ ਅਧੂਰਾ ਰਹਿ ਗਿਆ। ਇਸ ਵਿਚ ਸਟੱਡੀ ਵੀਜ਼ਾ, ਟੈਂਪਰੇਰੀ ਫ਼ੌਰਨ ਵਰਕਰਜ਼ ਦੇ ਜੀਵਨ ਸਾਥੀ ਤੇ ਵਰਕ ਪਰਮਿਟ ਅਰਜ਼ੀਆਂ ਵਾਲੇ ਹਨ। ਜੇਕਰ ਸਟੱਡੀ ਵੀਜ਼ਾ ਨਾਲ ਸਬੰਧਤ ਅੰਕੜਿਆਂ ਨੂੰ ਦੇਖਿਆ ਜਾਵੇ ਤਾਂ ਦਸੰਬਰ 2023 ਦੌਰਾਨ 95 ਹਜ਼ਾਰ ਤੋਂ ਵੱਧ ਵੀਜ਼ੇ ਜਾਰੀ ਕੀਤੇ ਗਏ ਅਤੇ ਦਸੰਬਰ 2020 ਵਿਚ ਇਹ ਅੰਕੜਾ ਸਿਰਫ਼ 30 ਹਜ਼ਾਰ ਰਹਿ ਗਿਆ।

ਇੰਟਰਨੈਸ਼ਨਲ ਸਟੂਡੈਂਟਸ ਅਤੇ ਟੈਂਪਰੇਰੀ ਫ਼ੌਰਨ ਵਰਕਰਜ਼ ਦੇ ਜੀਵਨ ਸਾਥੀਆਂ ਨੂੰ ਵਰਕ ਪਰਮਿਟ ਤੋਂ ਸਾਫ਼ ਨਾਂਹ ਕੀਤੀ ਜਾ ਰਹੀ ਹੈ। ਇਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਮੁਤਾਬਕ ਇਸ ਸਾਲ ਜਨਵਰੀ ਤੋਂ ਜੁਲਾਈ ਦਰਮਿਆਨ 1.23 ਲੱਖ ਸਾਬਕਾ ਟੈਂਪਰੇਰੀ ਰੈਜ਼ੀਡੈਂਟ ਕੈਨੇਡਾ ਦੇ ਪਰਮਾਨੈਂਟ ਰੈਜ਼ੀਡੈਂਟ ਬਣਨ ਵਿਚ ਸਫਲ ਰਹੇ। ਇਹ ਅੰਕੜਾ ਮੁਲਕ ਦੇ ਨਵੇਂ ਪਰਮਾਨੈਂਟ ਰੈਜ਼ੀਡੈਂਟ ਦਾ 50 ਫ਼ੀਸਦੀ ਬਣਦਾ ਹੈ। ਕੈਨੇਡਾ ਸਰਕਾਰ ਟੈਂਪਰੇਰੀ ਰੈਜ਼ੀਡੈਂਟ ਦੀ ਗਿਣਤੀ ਕੁਲ ਆਬਾਦੀ ਦਾ 5 ਫ਼ੀਸਦੀ ਦੇ ਬਰਾਬਰ ਲਿਆਉਣਾ ਚਾਹੁੰਦੀ ਹੈ ਅਤੇ ਇਸੇ ਤਹਿਤ ਪਹਿਲਾਂ ਤੋਂ ਮੁਲਕ ਵਿਚ ਮੌਜੂਦ ਵਿਦੇਸ਼ੀ ਨਾਗਰਿਕਾਂ ਨੂੰ ਚਲਦਾ ਕੀਤਾ ਜਾ ਰਿਹਾ ਹੈ।

ਘੱਟ ਉਜਰਤ ਦਰਾਂ ’ਤੇ ਐੱਲ.ਐੱਮ.ਆਈ.ਏ. ਜਾਰੀ ਨਾ ਕਰਨ ਵਾਲੇ ਇਲਾਕਿਆਂ ਦੀ ਗਿਣਤੀ ਵਧ ਕੇ 32 ਹੋ ਚੁੱਕੀ ਹੈ। ਇਸ ਵਿਚ ਓਨਟਾਰੀਓ ਦਾ ਗੁਏਲਫ ਅਤੇ ਗ੍ਰੇਟਰ ਸੂਦਬਰੀ, ਮੈਨੀਟੋਬਾ ਦਾ ਵਿਨੀਪੈਗ, ਐਲਬਰਟਾ ਦਾ ਰੈੱਡ ਡੀਅਰ ਅਤੇ ਲੈਥਬ੍ਰਿਜ ਅਤੇ ਬੀ.ਸੀ. ਦਾ ਕਲੋਨਾ ਸ਼ਹਿਰ ਵੀ ਸੂਚੀ ਵਿਚ ਆ ਚੁੱਕੇ ਹਨ। ਕੱਚਿਆਂ ਦੀ ਗਿਣਤੀ ਘਟਾਉਣ ਵਿਚ ਜੁਟੀ ਸਰਕਾਰ ਇਨ੍ਹਾਂ ਸ਼ਹਿਰਾਂ ਦੇ ਇੰਪਲੌਇਰ ਹੁਣ ਘੱਟ ਉਜ਼ਰਤਾਂ ਦੀ ਪੇਸ਼ਕਸ਼ ਕਰਦਿਆਂ ਐੱਲ.ਐੱਮ.ਆਈ.ਏ. ਹਾਸਲ ਨਹੀਂ ਕਰ ਸਕਣਗੇ।

ਕੈਨੇਡਾ ਪੁੱਜ ਰਹੇ ਇੰਟਰਨੈਸ਼ਨਲ ਸਟੂਡੈਂਟਸ ਦੀ ਗਿਣਤੀ ਪਿਛਲੇ ਵਰ੍ਹੇ ਦੇ ਮੁਕਾਬਲੇ ਇਕ ਲੱਖ ਘੱਟ ਗਈ, ਜਦਕਿ ਸਾਲ ਦੇ ਅੰਤ ਤੱਕ ਇਹ ਅੰਕੜਾ 2 ਲੱਖ ਤੱਕ ਪੁੱਜ ਸਕਦਾ ਹੈ। ਇਸੇ ਤਰ੍ਹਾਂ ਵਰਕ ਪਰਮਿਟ ਅਰਜ਼ੀਆਂ ’ਤੇ ਵੀ ਕੈਂਚੀ ਚੱਲ ਰਹੀ ਹੈ ਅਤੇ ਪਿਛਲੇ ਸਾਲ ਦੇ ਮੁਕਾਬਲੇ ਕੈਨੇਡਾ ਪੁੱਜਣ ਵਾਲਿਆਂ ਦੀ ਗਿਣਤੀ 1.34 ਲੱਖ ਘੱਟ ਗਈ। ਸਿਰਫ਼ ਜੁਲਾਈ ਮਹੀਨੇ ਦਾ ਅੰਕੜਾ ਦੇਖਿਆ ਜਾਵੇ ਤਾਂ 2024 ਦੌਰਾਨ ਤਕਰੀਬਨ 30 ਹਜ਼ਾਰ ਨਵੇਂ ਕਿਰਤੀ ਕੈਨੇਡਾ ਪੁੱਜੇ ਸਨ ਪਰ ਇਸ ਸਾਲ ਅੰਕੜਾ 18,500 ਦਰਜ ਕੀਤਾ ਗਿਆ। ਇੰਟਰਨੈਸ਼ਨਲ ਸਟੂਡੈਂਟਸ ਦੇ ਮਾਮਲੇ ਵਿਚ ਵੀ ਜੁਲਾਈ 2024 ਦੌਰਾਨ 17 ਹਜ਼ਾਰ ਤੋਂ ਵੱਧ ਨੌਜਵਾਨ ਕੈਨੇਡਾ ਪੁੱਜੇ ਪਰ ਇਸ ਵਾਰ ਅੰਕੜਾ 7,685 ਰਹਿ ਗਿਆ।

ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਦੇ ਹਾਲਾਤ ਨੂੰ ਵੇਖਦਿਆਂ 1.14 ਲੱਖ ਲੋਕ ਆਪਣੇ ਜੱਦੀ ਮੁਲਕ ਪਰਤ ਗਏ। 1971 ਤੋਂ ਬਾਅਦ ਪਹਿਲੀ ਵਾਰ ਕੈਨੇਡਾ ਛੱਡ ਕੇ ਜਾਣ ਵਾਲਿਆਂ ਦੀ ਗਿਣਤੀ ਮੁਲਕ ਵਿਚ ਦਾਖਲ ਹੋਣ ਵਾਲਿਆਂ ਤੋਂ ਵੱਧ ਦਰਜ ਕੀਤੀ ਗਈ। ਇਸ ਰੁਝਾਨ ਸਦਕਾ ਕੈਨੇਡੀਅਨ ਵਸੋਂ ਵਿਚ ਵਾਧੇ ਦੀ ਰਫ਼ਤਾਰ ਤਕਰੀਬਨ ਸਿਫ਼ਰ ’ਤੇ ਆ ਚੁੱਕੀ ਹੈ।


## ਮੈਟਰੀਮੋਨੀਅਲ

ਜੱਟ ਸਿੱਖ ਗਰੇਵਾਲ ਲੜਕਾ, ਜਨਮ 1998, ਕੱਦ 6 ਫ਼ੁੱਟ 1 ਇੰਚ, Diploma in Designing Drafting, ਵਿਜ਼ਟਰ ’ਤੇ ਅਮਰੀਕਾ ਰਹਿ ਰਹੇ, ਸੋਹਣੇ-ਸੁਨੱਖੇ, ਨਸ਼ਿਆਂ ਤੋਂ ਰਹਿਤ ਲਈ ਅਮਰੀਕੀ ਜਾਂ ਕੈਨੇਡੀਅਨ ਇਮੀਗ੍ਰੈਂਟ ਜਾਂ ਸਿਟੀਜ਼ਨ, ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ (ਬਿਨਾਂ ਬੱਚੇ ਤੋਂ) ਲੜਕੀ ’ਤੇ ਵੀ ਵਿਚਾਰ ਕੀਤਾ ਜਾਵੇਗਾ। ਜਾਣਕਾਰੀ ਲਈ : +1-604-749-2805 (whatsapp) ’ਤੇ ਸੰਪਰਕ ਕਰੋ। 871


# 1984 ਦੰਗੇ: ਸੱਜਣ ਕੁਮਾਰ ਦੀ ਅਪੀਲ ’ਤੇ ਸੁਣਵਾਈ 19 ਨਵੰਬਰ ਨੂੰ

ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ ਹਾਈ ਕੋਰਟ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਹ ਨਵੰਬਰ ਵਿਚ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਦੀ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਜੁੜੇ ਇੱਕ ਕਤਲ ਕੇਸ ਵਿਚ ਦੋਸ਼ੀ ਠਹਿਰਾਏ ਜਾਣ ਅਤੇ ਉਮਰ ਕੈਦ ਦੀ ਸਜ਼ਾ ਨੂੰ ਚੁਣੌਤੀ ਦੇਣ ਵਾਲੀ ਅਪੀਲ ’ਤੇ ਸੁਣਵਾਈ ਕਰੇਗਾ।

ਇਹ ਅਪੀਲ ਜਸਟਿਸ ਵਿਵੇਕ ਚੌਧਰੀ ਅਤੇ ਮਨੋਜ ਜੈਨ ਦੇ ਬੈਂਚ ਅੱਗੇ ਸੁਣਵਾਈ ਲਈ ਆਉਣੀ ਸੀ, ਪਰ ਬੈਂਚ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਮਾਮਲੇ ਦੀ ਸੁਣਵਾਈ ਹੁਣ 19 ਨਵੰਬਰ ਲਈ ਤੈਅ ਕਰ ਦਿੱਤੀ ਗਈ ਹੈ। ਕੁਮਾਰ ਨੂੰ ਇੱਥੇ ਇੱਕ ਟਰਾਇਲ ਕੋਰਟ ਵੱਲੋਂ 25 ਫਰਵਰੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ, ਜਿਸ ਨੇ ਕਿਹਾ ਸੀ ਕਿ ਦੋਸ਼ੀ ਦੀ ਵੱਧ ਉਮਰ ਅਤੇ ਬਿਮਾਰੀ ਕਾਰਨ ਮੌਤ ਦੀ ਸਜ਼ਾ ਦੀ ਬਜਾਏ ਹਲਕੀ ਸਜ਼ਾ ਦੇ ਹੱਕ ਵਿਚ ਫੈਸਲਾ ਸੁਣਾਇਆ ਗਿਆ ਹੈ। ਟਰਾਇਲ ਕੋਰਟ ਨੇ ਕਿਹਾ ਕਿ ਭਾਵੇਂ ਇਸ ਕੇਸ ਵਿਚ ਦੋ ਬੇਕਸੂਰ ਵਿਅਕਤੀਆਂ ਦੀ ਹੱਤਿਆ ਕਿਸੇ ਵੀ ਤਰ੍ਹਾਂ ਘੱਟ ਅਪਰਾਧ ਨਹੀਂ ਸੀ, ਪਰ ਇਹ ਮੌਤ ਦੀ ਸਜ਼ਾ ਲਗਾਉਣ ਲਈ ‘ਵੱਖਰੇ ਤੋਂ ਵੱਖਰਾ’ ਨਹੀਂ ਸੀ। ਇਹ ਮਾਮਲਾ 1 ਨਵੰਬਰ 1984 ਨੂੰ ਜਸਵੰਤ ਸਿੰਘ ਅਤੇ ਉਨ੍ਹਾਂ ਦੇ ਬੇਟੇ ਤਰੁਨਦੀਪ ਸਿੰਘ ਦੇ ਕਤਲ ਨਾਲ ਸਬੰਧਤ ਹੈ।

# ਸਰੀ ’ਚ ਕਪਿਲ ਸ਼ਰਮਾ ਦੇ ਰੈਸਟਰੋਂਟ ’ਤੇ ਤੀਜੀ ਵਾਰ ਗੋਲੀਬਾਰੀ

**ਸਰੀ, (ਪੰਜਾਬ ਮੇਲ)-** ਸਰੀ ਵਿਚ ਵੀਰਵਾਰ ਨੂੰ ਕਾਮੇਡੀਅਨ ਕਪਿਲ ਸ਼ਰਮਾ ਦੇ ਰੈਸਟਰੋਂਟ ’ਚ ਮੁੜ ਗੋਲੀਬਾਰੀ ਕੀਤੀ ਗਈ। ਜੁਲਾਈ ਵਿਚ ਰੈਸਟਰੋਂਟ ਖੁੱਲ੍ਹਣ ਮਗਰੋਂ ਇਥੇ ਗੋਲੀਬਾਰੀ ਦੀ ਇਹ ਤੀਜੀ ਘਟਨਾ ਹੈ। ਸਰੀ ਪੁਲਿਸ ਸਰਵਿਸ (ਐੱਸ.ਪੀ.ਐੱਸ.) ਵੀਰਵਾਰ ਸਵੇਰੇ ਲਗਪਗ 3:45 ਵਜੇ 85ਵੇਂ ਐਵੇਨਿਊ ਤੇ 120ਵੇਂ ਸਟਰੀਟ ਸਥਿਤ ਰੈਸਤਰਾਂ ’ਤੇ ਹੋਈ ਗੋਲੀਬਾਰੀ ਦੀ ਜਾਂਚ ਕਰ ਰਹੀ ਹੈ। ਇਸ ਵਿਚ ਕਿਹਾ ਗਿਆ ਹੈ ਕਿ ਕਰਮਚਾਰੀ ਕੈਫੇ ਦੇ ਅੰਦਰ ਸਨ, ਪਰ ਕੋਈ ਜ਼ਖ਼ਮੀ ਨਹੀਂ ਹੋਇਆ। ਰੈਸਤਰਾਂ ’ਤੇ 10 ਜੁਲਾਈ ਅਤੇ 7 ਅਗਸਤ ਨੂੰ ਹੋਈ ਗੋਲੀਬਾਰੀ ਮਗਰੋਂ ਇਹ ਇਸ ਮਹੀਨੇ ਦੇ ਸ਼ੁਰੂ ਵਿਚ ਮੁੜ ਖੁੱਲ੍ਹਿਆ ਸੀ। ਰੈਸਤਰਾਂ ’ਤੇ 7 ਅਗਸਤ ਨੂੰ ਤੜਕੇ ਗੋਲੀਬਾਰੀ ਕੀਤੀ ਗਈ ਸੀ। ਇਸ ਵਿਚ ਕੋਈ ਜ਼ਖ਼ਮੀ ਨਹੀਂ ਹੋਇਆ ਸੀ। ਗੋਲੀਬਾਰੀ ਨਾਲ ਸਿਰਫ਼ ਖਿੜਕੀਆਂ ਤੇ ਇਮਾਰਤ ਨੂੰ ਨੁਕਸਾਨ ਪੁੱਜਾ ਸੀ। ਇਹ ਰੈਸਤਰਾਂ 4 ਜੁਲਾਈ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚ ਖੁੱਲ੍ਹਿਆ ਸੀ। ਉਦਘਾਟਨ ਦੇ ਇੱਕ ਹਫ਼ਤੇ ਦੇ ਅੰਦਰ ਹੀ ਇਸ ’ਤੇ ਹਮਲਾ ਕੀਤਾ ਗਿਆ। ਪਹਿਲੀ ਵਾਰ 10 ਜੁਲਾਈ ਨੂੰ ਗੋਲੀਬਾਰੀ ਕੀਤੀ ਗਈ ਸੀ, ਪਰ ਜਾਨੀ ਨੁਕਸਾਨ ਤੋਂ ਬਚਾਅ ਰਿਹਾ ਸੀ।







# ਬੈਲਜੀਅਮ ਅਦਾਲਤ ਵੱਲੋਂ ਭਗੌੜੇ ਮੇਹੁਲ ਚੌਕਸੀ ਦੀ ਹਵਾਲਗੀ ਨੂੰ ਮਨਜ਼ੂਰੀ



**ਐਂਟਵਰਪ, (ਪੰਜਾਬ ਮੇਲ)-** ਬੈਲਜੀਅਮ ਦੀ ਇੱਕ ਅਦਾਲਤ ਨੇ ਭਗੌੜੇ ਕਾਰੋਬਾਰੀ ਮੇਹੁਲ ਚੋਕਸੀ ਦੀ ਭਾਰਤ ਨੂੰ ਹਵਾਲਗੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਫੈਸਲਾ ਭਾਰਤ ਲਈ ਚੋਕਸੀ ਨੂੰ ਵਾਪਸ ਲਿਆਉਣ ਦੀ ਦਿਸ਼ਾ ਵਿਚ ਇੱਕ ਅਹਿਮ ਕਦਮ ਮੰਨਿਆ ਜਾ ਰਿਹਾ ਹੈ। ਚੋਕਸੀ ਅਤੇ ਉਸ ਦਾ ਭਤੀਜਾ ਨੀਰਵ ਮੋਦੀ ਦੋਵੇਂ ਹੀ ਪੰਜਾਬ ਨੈਸ਼ਨਲ ਬੈਂਕ (ਪੀ.ਐੱਨ.ਬੀ.) ਘੋਟਾਲੇ ਦੇ ਮਾਮਲੇ ਵਿਚ ਭਾਰਤ 'ਚ ਵਾਂਟੇਡ ਹਨ।

ਐਂਟਵਰਪ (ਬੈਲਜੀਅਮ) ਦੀ ਅਦਾਲਤ ਨੇ ਭਾਰਤ ਦੇ ਹਵਾਲਗੀ ਬੇਨਤੀ ਨੂੰ ਸਹੀ ਠਹਿਰਾਉਂਦਿਆਂ ਇੱਕ ਸ਼ੁਰੂਆਤੀ ਹੁਕਮ ਜਾਰੀ ਕੀਤਾ ਹੈ। ਅਦਾਲਤ ਨੇ ਇਹ ਫੈਸਲਾ ਸੁਣਾਇਆ ਕਿ ਭਾਰਤ ਦੀ ਹਵਾਲਗੀ ਬੇਨਤੀ ਅਤੇ ਚੋਕਸੀ ਦੀ ਗ੍ਰਿਫ਼ਤਾਰੀ ਦੋਵੇਂ ਹੀ ਕਾਨੂੰਨੀ ਹਨ। ਅਦਾਲਤ ਨੇ ਸ਼ੁੱਕਰਵਾਰ ਨੂੰ ਭਾਰਤੀ ਪੱਖ ਵੱਲੋਂ ਬੈਲਜੀਅਮ ਦੇ ਸਰਕਾਰੀ ਵਕੀਲਾਂ ਅਤੇ ਚੋਕਸੀ ਦੀ ਕਾਨੂੰਨੀ ਟੀਮ ਦੀਆਂ ਦਲੀਲਾਂ ਸੁਣੀਆਂ ਸਨ। 65 ਸਾਲਾ ਮੇਹੁਲ ਚੋਕਸੀ ਨੂੰ 11 ਅਪ੍ਰੈਲ ਨੂੰ ਐਂਟਵਰਪ ਪੁਲਿਸ ਨੇ ਸੀ.ਬੀ.ਆਈ. ਦੀ ਹਵਾਲਗੀ ਬੇਨਤੀ 'ਤੇ ਗ੍ਰਿਫ਼ਤਾਰ ਕੀਤਾ ਸੀ। ਉਹ ਪਿਛਲੇ ਚਾਰ ਮਹੀਨਿਆਂ ਤੋਂ ਬੈਲਜੀਅਮ ਦੀ ਜੇਲ੍ਹ ਵਿਚ ਬੰਦ ਹੈ। ਚੋਕਸੀ ਨੇ ਵੱਖ-ਵੱਖ ਅਦਾਲਤਾਂ ਵਿਚ ਜ਼ਮਾਨਤ ਲਈ ਪਟੀਸ਼ਨਾਂ ਦਾਇਰ ਕੀਤੀਆਂ ਸਨ, ਪਰ ਹਰ ਵਾਰ ਉਸ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਗਿਆ। ਅਧਿਕਾਰੀਆਂ ਅਨੁਸਾਰ, ਇਸ ਫੈਸਲੇ ਤੋਂ ਬਾਅਦ ਵੀ ਚੋਕਸੀ ਕੋਲ ਅਜੇ ਉੱਪਰੀ ਅਦਾਲਤ ਵਿੱਚ ਅਪੀਲ ਕਰਨ ਦਾ ਵਿਕਲਪ ਮੌਜੂਦ ਹੈ। ਇੱਕ ਅਧਿਕਾਰੀ ਨੇ ਦੱਸਿਆ, "ਇਸ ਦਾ ਮਤਲਬ ਹੈ ਕਿ ਉਸ ਨੂੰ ਤੁਰੰਤ ਭਾਰਤ ਨਹੀਂ ਲਿਆਂਦਾ ਜਾਵੇਗਾ, ਪਰ ਪ੍ਰਕਿਰਿਆ ਦਾ ਪਹਿਲਾ ਅਤੇ ਬਹੁਤ ਅਹਿਮ ਪੜਾਅ ਪਾਰ ਹੋ ਗਿਆ ਹੈ"।

ਸਫਾ 1 ਦਾ ਬਾਕੀ

## ਪੰਜਾਬ ਪੁਲਿਸ ਵੱਲੋਂ 170 ਕਰੋੜ ਰੁਪਏ ਦੇ ਘਪਲਾ ਕਰਨ...

ਪੁਲਿਸ ਨੇ ਇਸ ਮਾਮਲੇ ਵਿਚ ਹੁਣ ਤੱਕ 8 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਅਤੇ ਕਈ ਹੋਰਾਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਜਾਰੀ ਹੈ।

ਤਫ਼ਤੀਸ਼ ਦੌਰਾਨ, ਪੁਲਿਸ ਨੇ ਫਰਮ ਦੇ ਦਫਤਰਾਂ ਤੋਂ ਲੈਪਟਾਪ, ਮਾਨੀਟਰ, ਕੀਬੋਰਡ, ਸੀ.ਪੀ.ਯੂ. ਅਤੇ ਮੋਬਾਈਲ ਫੋਨ ਸਮੇਤ ਮਹੱਤਵਪੂਰਨ ਸਾਫਟਵੇਅਰ ਅਤੇ ਹਾਰਡਵੇਅਰ ਬਰਾਮਦ ਕੀਤੇ। ਜਾਂਚ ਵਿਚ ਕੁੱਲ 44 ਬੈਂਕ ਖਾਤਿਆਂ (21 ਫਰਮ ਦੇ ਖਾਤੇ ਅਤੇ 23 ਨਿੱਜੀ ਖਾਤੇ) ਨੂੰ ਫ੍ਰੀਜ਼ ਕਰਵਾ ਕੇ 1,15,52,062.01 ਰੁਪਏ ਦੀ ਰਕਮ ਜ਼ਬਤ ਕਰ ਲਈ ਗਈ ਹੈ। ਇਸ ਤੋਂ ਇਲਾਵਾ, ਪੁਲਿਸ ਨੇ 6 ਬੇਨਾਮੀ ਜਾਇਦਾਦਾਂ ਦੀ ਵੀ ਪੁਸ਼ਟੀ ਕੀਤੀ ਹੈ, ਜਿਨ੍ਹਾਂ ਨੂੰ ਜ਼ਰੂਰੀ ਕਾਨੂੰਨੀ ਕਾਰਵਾਈ ਕਰਕੇ ਫ੍ਰੀਜ਼ ਕਰਵਾਇਆ ਜਾਵੇਗਾ, ਅਤੇ ਫਰਮ ਨਾਲ ਜੁੜੀਆਂ 9 ਹੋਰ ਸੰਸਥਾਵਾਂ ਦੇ ਰਿਕਾਰਡ ਵੀ ਪ੍ਰਾਪਤ ਕੀਤੇ ਗਏ ਹਨ। ਸ਼ੁਰੂਆਤੀ ਜਾਂਚ ਵਿਚ ਇਹ ਸਾਹਮਣੇ ਆਇਆ ਹੈ ਕਿ ਫਰਮ ਅਤੇ ਸੰਬੰਧਿਤ ਕੰਪਨੀਆਂ ਨੇ ਖਾਤੇ ਖੋਲ੍ਹਣ ਲਈ ਆਪਣੇ ਨੁਮਾਇੰਦਿਆਂ ਦੇ ਰਿਹਾਇਸ਼ੀ ਸਥਾਨਾਂ ਦੀ ਵਰਤੋਂ ਕੀਤੀ ਅਤੇ ਉੱਦਮ ਸਰਟੀਫਿਕੇਟਾਂ ਦੀ ਦੁਰਵਰਤੋਂ ਕਰਕੇ ਇਕਰਾਰਨਾਮੇ/ਦਸਤਾਵੇਜ਼ਾਂ ਦੇ ਆਧਾਰ 'ਤੇ ਕਈ ਖਾਤੇ ਖੋਲ੍ਹੇ। ਐੱਸ.ਐੱਸ.ਪੀ. ਨੇ ਸਪੱਸ਼ਟ ਕੀਤਾ ਕਿ ਇਹ ਕੇਵਲ ਆਰਥਿਕ ਧੋਖਾਧੜੀ ਨਹੀਂ, ਬਲਕਿ ਸੰਗੀਨ ਅਪਰਾਧਾਂ ਨਾਲ ਜੁੜਿਆ ਮਾਮਲਾ ਹੈ ਅਤੇ ਜਾਂਚ ਤੇਜ਼ੀ ਨਾਲ ਅੱਗੇ ਵੱਧ ਰਹੀ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ ਰਾਹੀਂ ਪੀੜਤਾਂ ਨੂੰ ਜਾਂਚ ਵਿਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਹੈ, ਅਤੇ ਐੱਸ.ਆਈ.ਟੀ. ਪੀੜਤਾਂ ਦੇ ਬਿਆਨ ਦਰਜ ਕਰ ਰਹੀ ਹੈ। ਐੱਸ.ਐੱਸ.ਪੀ. ਨੇ ਭਰੋਸਾ ਦਿਵਾਇਆ ਹੈ ਕਿ ਇਕ-ਇਕ ਪੈਸਾ ਵਾਪਸ ਕਰਕੇ ਦਿੱਤਾ ਜਾਵੇਗਾ ਅਤੇ ਦੋਸ਼ੀਆਂ 'ਤੇ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਹਾਲਾਂਕਿ, ਸ਼ੁਰੂਆਤੀ ਪੜਤਾਲ ਵਿਚ ਫਰਮ ਦੀ ਕੁੱਲ ਦੇਣਦਾਰੀ 55.08 ਕਰੋੜ ਰੁਪਏ ਤੋਂ ਵੱਧ ਦੱਸੀ ਜਾ ਰਹੀ ਹੈ। ਅਧਿਕਾਰੀਆਂ ਨੇ ਨਿਵੇਸ਼ਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਅਣਜਾਣ ਸਕੀਮ 'ਚ ਤੁਰੰਤ ਪੈਸਾ ਨਾ ਲਗਾਉਣ, ਕਿਸੇ ਵੀ ਵਾਅਦੇ ਨੂੰ ਲਿਖਤੀ ਰੂਪ ਵਿਚ ਮੰਗਣ ਅਤੇ ਸ਼ੱਕੀ ਲੈਣ-ਦੇਣ ਦੀ ਸੂਚਨਾ ਸਥਾਨਕ ਪੁਲਿਸ ਨੂੰ ਦੇਣ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਇਹ ਵੀ ਚੇਤਾਵਨੀ ਦਿੱਤੀ ਗਈ ਹੈ ਕਿ ਜਿਹੜੀਆਂ ਸੰਸਥਾਵਾਂ ਅਸਲ ਵਪਾਰ ਦਾ ਬਹਾਨਾ ਕਰਕੇ ਲੋਕਾਂ ਨੂੰ ਲੁਭਾਉਣਗੀਆਂ, ਉਨ੍ਹਾਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਸਫਾ 1 ਦਾ ਬਾਕੀ

## ਰਿਸ਼ਵਤ ਮਾਮਲੇ 'ਚ ਗ੍ਰਿਫ਼ਤਾਰ ਡੀ.ਆਈ.ਜੀ. ਹਰਚਰਨ...

ਸੋਨਾ 2 ਅਲਮਾਰੀਆਂ ਵਿਚ ਲੁਕੋ ਕੇ ਰੱਖਿਆ ਗਿਆ ਸੀ। ਨਕਦੀ ਅਤੇ ਸੋਨੇ ਨੂੰ ਇਸ ਤਰੀਕੇ ਨਾਲ ਰੱਖਿਆ ਗਿਆ ਸੀ ਕਿ ਬਾਹਰੋਂ ਦੇਖਣ ਵਾਲੇ ਨੂੰ ਕੋਈ ਸ਼ੱਕ ਨਾ ਹੋਵੇ। ਚੰਡੀਗੜ੍ਹ ਦੇ ਸੈਕਟਰ-40 ਵਾਲੀ ਕੋਠੀ ਤੋਂ ਸੀ.ਬੀ.ਆਈ. ਨੂੰ ਭਾਰੀ ਮਾਤਰਾ ਵਿਚ ਨਕਦੀ ਅਤੇ ਹੋਰ ਕੀਮਤੀ ਸਮਾਨ ਮਿਲਿਆ। ਇਸ ਵਿਚ 7.5 ਕਰੋੜ ਰੁਪਏ ਦੀ ਨਕਦੀ ਸ਼ਾਮਲ ਹੈ। ਨੋਟਾਂ ਦੀਆਂ ਥੱਦੀਆਂ ਇੰਨੀਆਂ ਜ਼ਿਆਦਾ ਸਨ ਕਿ ਉਨ੍ਹਾਂ ਦੀ ਗਿਣਤੀ ਲਈ 3 ਮਸ਼ੀਨਾਂ ਮੰਗਵਾਈਆਂ ਗਈਆਂ।

ਇਸ ਤੋਂ ਇਲਾਵਾ ਢਾਈ ਕਿੱਲੋ ਦੇ ਕਰੀਬ ਸੋਨਾ, ਰੋਲੈਕਸ ਅਤੇ ਰਾਡੋ ਸਣੇ ਕਈ ਬੇਸ਼ਕੀਮਤੀ ਘੜੀਆਂ ਮਿਲੀਆਂ, ਜਿਨ੍ਹਾਂ ਵਿਚੋਂ ਇਕ ਘੜੀ ਦੀ ਸ਼ੁਰੂਆਤੀ ਕੀਮਤ ਹੀ 2 ਤੋਂ 5 ਲੱਖ ਰੁਪਏ ਹੈ। ਇਸ ਤੋਂ ਇਲਾਵਾ 50 ਪ੍ਰਾਪਰਟੀਆਂ ਦੇ ਕਾਗਜ਼ਾਤ ਅਤੇ ਬੈਂਕ ਲਾਕਰ ਦੀਆਂ ਚਾਬੀਆਂ ਵੀ ਮਿਲੀਆਂ ਹਨ। ਡੀ.ਆਈ.ਜੀ. ਭੁੱਲਰ ਮਹਿੰਗੀ ਸ਼ਰਾਬ ਦਾ ਸ਼ੌਕ ਰੱਖਦੇ ਸਨ। ਲੁਧਿਆਣਾ ਦੇ ਸਮਰਾਲਾ ਵਿਚ ਸਥਿਤ ਫਾਰਮ ਹਾਊਸ ਤੋਂ ਸ਼ਰਾਬ ਦੀਆਂ 108 ਬੋਤਲਾਂ ਬਰਾਮਦ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚੋਂ ਕੁਝ ਬੋਤਲਾਂ ਦੀ ਕੀਮਤ 50 ਹਜ਼ਾਰ ਰੁਪਏ ਤੋਂ ਵੀ ਵੱਧ ਦੱਸੀ ਗਈ ਹੈ। ਚੰਡੀਗੜ੍ਹ ਸੀ.ਬੀ.ਆਈ. ਅਦਾਲਤ ਵਿਚ ਪੇਸ਼ੀ ਦੌਰਾਨ ਡੀ.ਆਈ.ਜੀ. ਭੁੱਲਰ ਨੇ ਆਪਣਾ ਪੱਖ ਰੱਖਿਆ। ਉਨ੍ਹਾਂ ਕਿਹਾ ਕਿ ਉਨ੍ਹਾਂ 'ਤੇ ਲਗਾਏ ਗਏ ਸਾਰੇ ਦੋਸ਼ ਝੂਠੇ ਹਨ ਅਤੇ ਉਹ ਇਹ ਗੱਲ ਅਦਾਲਤ ਵਿਚ ਸਾਬਤ ਕਰਨਗੇ। ਉਨ੍ਹਾਂ ਦਾਅਵਾ ਕੀਤਾ ਕਿ ਅਦਾਲਤ ਇਨਸਾਫ ਕਰੇਗੀ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਮਾਣਹਾਨੀ ਮਾਮਲਾ : ਹਾਈਕੋਰਟ ਵੱਲੋਂ ਸੁਖਬੀਰ ਬਾਦਲ ਦੀ ਪਟੀਸ਼ਨ ਰੱਦ



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸ਼ੁੱਕਰਵਾਰ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੋਂ ਵੱਡਾ ਝਟਕਾ ਲੱਗਾ। ਅਦਾਲਤ ਨੇ ਉਨ੍ਹਾਂ ਖ਼ਿਲਾਫ਼ ਦਾਇਰ ਮਾਣਹਾਨੀ ਸ਼ਿਕਾਇਤ ਨੂੰ ਰੱਦ ਕਰਨ ਦੀ ਮੰਗ ਕਰਨ ਵਾਲੀ ਉਨ੍ਹਾਂ ਦੀ ਪਟੀਸ਼ਨ ਰੱਦ ਕਰ ਦਿੱਤੀ। ਇਹ ਮਾਮਲਾ 2017 ਦਾ ਹੈ, ਜਦੋਂ ਬਾਦਲ ਨੇ ਇਕ ਬਿਆਨ 'ਚ ਦਿੱਲੀ ਦੇ ਤਤਕਾਲੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਪੰਜਾਬ ਦੀ ਆਪਣੀ ਫੇਰੀ ਦੌਰਾਨ ਅੱਤਵਾਦੀਆਂ ਨੂੰ ਮਿਲਣ ਦਾ ਦੋਸ਼ ਲਾਇਆ ਸੀ।

ਸੁਖਬੀਰ ਬਾਦਲ ਨੇ ਕਿਹਾ ਸੀ ਕਿ ਕੇਜਰੀਵਾਲ ਨੇ ਅਖੰਡ ਕੀਰਤਨੀ ਜੱਥੇ ਦੇ ਮੈਂਬਰਾਂ ਨਾਲ ਨਾਸ਼ਤਾ ਕੀਤਾ, ਜੋ ਕਿ ਕਥਿਤ ਤੌਰ 'ਤੇ ਅੱਤਵਾਦੀ ਸੰਗਠਨ ਬੱਬਰ ਖਾਲਸਾ ਇੰਟਰਨੈਸ਼ਨਲ ਦਾ ਇਕ ਰਾਜਨੀਤਿਕ ਫਰੰਟ ਹੈ। ਉਨ੍ਹਾਂ ਕਿਹਾ ਸੀ ਕਿ ਰੱਬ ਨਾ ਕਰੇ ਜੇਕਰ ਆਮ ਆਦਮੀ ਪਾਰਟੀ ਪੰਜਾਬ 'ਚ ਸੱਤਾ 'ਚ ਆਈ ਤਾਂ ਸੂਬੇ 'ਚ ਅਰਾਜਕਤਾ ਫੈਲ ਜਾਵੇਗੀ। ਇਸ ਬਿਆਨ ਕਾਰਨ ਅਖੰਡ ਕੀਰਤਨੀ ਜਥੇ ਦੇ ਮੈਂਬਰ ਰਾਜਿੰਦਰ ਪਾਲ ਸਿੰਘ ਨੇ ਬਾਦਲ ਖ਼ਿਲਾਫ਼ ਮਾਣਹਾਨੀ ਦੀ ਸ਼ਿਕਾਇਤ ਦਰਜ ਕਰਵਾਈ ਸੀ। ਬਾਦਲ ਨੇ ਹਾਈਕੋਰਟ 'ਚ ਦਾਇਰ ਆਪਣੀ ਪਟੀਸ਼ਨ 'ਚ ਦਲੀਲ ਦਿੱਤੀ ਕਿ ਉਨ੍ਹਾਂ ਨੇ ਆਪਣੇ ਬਿਆਨ 'ਚ ਸ਼ਿਕਾਇਤਕਰਤਾ ਦਾ ਨਾਂ ਵੀ ਨਹੀਂ ਲਿਆ ਸੀ।

ਇਸ ਤੋਂ ਇਲਾਵਾ ਉਹ ਉਸ ਸਮੇਂ ਪੰਜਾਬ ਦੇ ਗ੍ਰਹਿ ਮੰਤਰੀ ਸਨ ਤੇ ਇਸ ਲਈ, ਰਾਜ ਦੀ ਕਾਨੂੰਨ ਵਿਵਸਥਾ ਦੀ ਸਥਿਤੀ 'ਤੇ ਟਿੱਪਣੀ ਕਰਨਾ ਉਨ੍ਹਾਂ ਦੇ ਅਧਿਕਾਰ ਖੇਤਰ 'ਚ ਸੀ। ਹਾਲਾਂਕਿ ਹਾਈਕੋਰਟ ਨੇ ਉਨ੍ਹਾਂ ਦੀ ਦਲੀਲ ਨੂੰ ਰੱਦ ਕਰ ਦਿੱਤਾ। ਇਹ ਸਪੱਸ਼ਟ ਕਰਦੇ ਹੋਏ ਕਿ ਮਾਮਲਾ ਪਹਿਲੀ ਨਜ਼ਰੇ ਸੁਣਵਾਈਯੋਗ ਸੀ ਤੇ ਇਸ ਪੜਾਅ 'ਤੇ ਸ਼ਿਕਾਇਤ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਇਸ ਅਦਾਲਤੀ ਹੁਕਮ ਤੋਂ ਬਾਅਦ ਸੁਖਬੀਰ ਬਾਦਲ ਨੂੰ ਹੁਣ ਹੇਠਲੀ ਅਦਾਲਤ ਵਿਚ ਮੁਕੱਦਮੇ ਦਾ ਸਾਹਮਣਾ ਕਰਨਾ ਪਵੇਗਾ।

# ਬ੍ਰਿਟੇਨ ਵੱਲੋਂ ਵਰਕ ਵੀਜ਼ਾ ਨਿਯਮਾਂ 'ਚ ਬਦਲਾਅ

■ **ਪੋਸਟ-ਗ੍ਰੈਜੂਏਟ ਰੁਜ਼ਗਾਰ ਦੀ ਮਿਆਦ ਦੋ ਸਾਲ ਤੋਂ ਘਟਾ ਕੇ 18 ਮਹੀਨੇ ਕੀਤੀ**

**ਲੰਡਨ, (ਪੰਜਾਬ ਮੇਲ)-** ਬ੍ਰਿਟਿਸ਼ ਸਰਕਾਰ ਨੇ ਵਰਕ ਵੀਜ਼ਾ ਨਿਯਮਾਂ 'ਚ ਸੋਧ ਕੀਤੀ ਹੈ, ਜਿਸ ਨਾਲ ਪੋਸਟ-ਗ੍ਰੈਜੂਏਟ ਰੁਜ਼ਗਾਰ ਦੀ ਮਿਆਦ ਦੋ ਸਾਲ ਤੋਂ ਘਟਾ ਕੇ 18 ਮਹੀਨੇ ਕਰ ਦਿੱਤੀ ਗਈ ਹੈ। ਨਵਾਂ ਨਿਯਮ 1 ਜਨਵਰੀ, 2026 ਤੋਂ ਲਾਗੂ ਹੋਵੇਗਾ। ਇਹ ਨਿਯਮ ਉਨ੍ਹਾਂ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਲਾਗੂ ਨਹੀਂ ਹੋਵੇਗਾ, ਜੋ ਨਿਯਮ ਲਾਗੂ ਹੋਣ ਤੋਂ ਪਹਿਲਾਂ ਹੀ ਪੋਸਟ-ਸਟੱਡੀ ਕੰਮ ਦੇ ਅਧਿਕਾਰਾਂ ਲਈ ਅਰਜ਼ੀ ਦੇ ਚੁੱਕੇ ਹਨ।

ਇੱਕ ਰਿਪੋਰਟ ਅਨੁਸਾਰ, ਨਵੇਂ ਨਿਯਮ ਤੋਂ ਭਾਰਤੀ ਸਭ ਤੋਂ ਵੱਧ ਪ੍ਰਭਾਵਿਤ ਹੋਣਗੇ, ਕਿਉਂਕਿ 2023 ਦੇ ਵਰਕ ਵੀਜ਼ਾ ਡਾਟਾ ਦੇ ਅਨੁਸਾਰ, ਯੂ.ਕੇ. ਜਾਣ ਵਾਲੇ ਵਿਦਿਆਰਥੀਆਂ ਵਿਚੋਂ ਜ਼ਿਆਦਾਤਰ ਭਾਰਤੀ ਸਨ। ਉਨ੍ਹਾਂ ਕੋਲ ਗ੍ਰੈਜੂਏਸ਼ਨ ਤੋਂ ਬਾਅਦ ਨੌਕਰੀ ਲਈ ਦੇਸ਼ ਵਿਚ ਰਹਿਣ ਲਈ ਘੱਟ ਸਮਾਂ ਹੋਵੇਗਾ।

ਰਿਪੋਰਟ ਅਨੁਸਾਰ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਨੌਕਰੀ ਲੱਭਣ ਲਈ ਸਿਰਫ 18 ਮਹੀਨੇ ਦੇਸ਼ ਵਿਚ ਰਹਿਣ ਦੀ ਇਜਾਜ਼ਤ ਹੋਵੇਗੀ; ਇਹ ਨਿਯਮ ਜਨਵਰੀ 2026 ਤੋਂ ਲਾਗੂ ਹੋਵੇਗਾ। ਵਿਦਿਆਰਥੀਆਂ ਨੂੰ ਵਾਧੂ ਖਰਚਿਆਂ ਦਾ ਪ੍ਰਬੰਧ ਵੀ ਕਰਨਾ ਪਵੇਗਾ, ਕਿਉਂਕਿ ਲੰਡਨ ਤੋਂ ਬਾਹਰ ਨੌਂ ਮਹੀਨਿਆਂ ਦੀ ਰਹਿਣ-ਸਹਿਣ ਨੂੰ ਪੂਰਾ ਕਰਨ ਲਈ ਲੋੜੀਂਦੀ ਰਕਮ 1,136 ਪਾਊਂਡ ਤੋਂ ਵਧਾ ਕੇ 1,171 ਪਾਊਂਡ ਕਰ ਦਿੱਤੀ ਗਈ ਹੈ।

ਯੂ.ਕੇ. ਸਰਕਾਰ ਦੇ ਗ੍ਰਹਿ ਮੰਤਰਾਲਾ ਨੇ ਪੁਸ਼ਟੀ ਕੀਤੀ ਹੈ ਕਿ ਗ੍ਰੈਜੂਏਸ਼ਨ ਤੋਂ ਬਾਅਦ ਰੁਜ਼ਗਾਰ ਪ੍ਰਾਪਤ ਕਰਨ ਲਈ ਲੋੜੀਂਦਾ ਸਮਾਂ ਦੋ ਸਾਲਾਂ ਤੋਂ ਘਟਾ ਕੇ ਡੇਢ ਸਾਲ ਕਰ ਦਿੱਤਾ ਗਿਆ ਹੈ। ਇਸ ਉਦੇਸ਼ ਲਈ, ਗ੍ਰੈਜੂਏਟ ਰੂਟ ਰਾਹੀਂ ਕੰਮ ਦੇ ਅਧਿਕਾਰਾਂ ਵਿਚ ਸੋਧ ਕਰਨ ਲਈ ਸੰਸਦ ਵਿਚ ਨਵਾਂ ਕਾਨੂੰਨ ਪੇਸ਼ ਕੀਤਾ ਗਿਆ ਹੈ। ਸੋਧੇ ਹੋਏ ਨਿਯਮਾਂ ਦੇ ਤਹਿਤ, ਯੋਗ ਕੋਰਸ ਪੂਰੇ ਕਰਨ ਵਾਲੇ ਵਿਦਿਆਰਥੀਆਂ ਨੂੰ ਗ੍ਰੈਜੂਏਟ-ਪੱਧਰ ਦੀ ਨੌਕਰੀ ਪ੍ਰਾਪਤ ਕਰਨ ਲਈ ਸਿਰਫ 18 ਮਹੀਨਿਆਂ ਲਈ ਯੂ.ਕੇ. ਵਿਚ ਰਹਿਣ ਦੀ ਇਜਾਜ਼ਤ ਹੋਵੇਗੀ। ਹਾਲਾਂਕਿ, ਪੀ.ਐੱਚ.ਡੀ. ਜਾਂ ਹੋਰ ਡਾਕਟਰੇਟ ਯੋਗਤਾ ਵਾਲੇ ਵਿਦਿਆਰਥੀ ਅਜੇ ਵੀ ਤਿੰਨ ਸਾਲਾਂ ਦੇ ਠਹਿਰਨ ਦੇ ਯੋਗ ਹੋਣਗੇ। 31 ਦਸੰਬਰ, 2026 ਨੂੰ ਜਾਂ ਇਸ ਤੋਂ ਪਹਿਲਾਂ ਆਪਣੀ ਗ੍ਰੈਜੂਏਟ ਵੀਜ਼ਾ ਅਰਜ਼ੀ ਜਮ੍ਹਾਂ ਕਰਾਉਣ ਵਾਲੇ ਬਿਨੈਕਾਰ ਦੋ ਸਾਲਾਂ ਦੀ ਵੈਧਤਾ ਦੀ ਮਿਆਦ ਤੋਂ ਲਾਭ ਪ੍ਰਾਪਤ ਕਰਦੇ ਰਹਿਣਗੇ। ਉਸ ਤੋਂ ਬਾਅਦ, ਨਵੀਂ 18 ਮਹੀਨਿਆਂ ਦੀ ਸੀਮਾ ਲਾਗੂ ਹੋਵੇਗੀ। ਗ੍ਰੈਜੂਏਟ ਵੀਜ਼ਾ ਵਧਾਇਆ ਨਹੀਂ ਜਾ ਸਕਦਾ।

# ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਮੌਤ ਦੀ ਸਜ਼ਾ ਦੇਣ ਦੀ ਮੰਗ

**ਢਾਕਾ, (ਪੰਜਾਬ ਮੇਲ)-** ਬੰਗਲਾਦੇਸ਼ ਇੰਟਰਨੈਸ਼ਨਲ ਕ੍ਰਾਈਮਜ਼ ਟ੍ਰਿਬਿਊਨਲ ਦੇ ਮੁੱਖ ਵਕੀਲ ਨੇ ਗੱਦੀਓਂ ਲਾਹੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ 'ਤੇ ਪਿਛਲੇ ਸਾਲ ਵੱਡੇ ਪੱਧਰ 'ਤੇ ਹੋਏ ਵਿਰੋਧ ਪ੍ਰਦਰਸ਼ਨਾਂ ਦੌਰਾਨ ਮਾਨਵਤਾ ਖ਼ਿਲਾਫ਼ ਅਪਰਾਧਾਂ ਦੀ ਮੁੱਖ 'ਸਾਜ਼ਿਸ਼ਘਾੜਾ' ਹੋਣ ਦਾ ਦੋਸ਼ ਲਾਉਂਦਿਆਂ ਉਸ ਨੂੰ ਮੌਤ ਦੀ ਸਜ਼ਾ ਦੇਣ ਦੀ ਮੰਗ ਕੀਤੀ। ਸ਼ੇਖ ਹਸੀਨਾ (78) ਬੰਗਲਾਦੇਸ਼ ਵਿਚ ਕਈ ਮਾਮਲਿਆਂ ਦਾ ਸਾਹਮਣਾ ਕਰ ਰਹੀ ਹੈ। ਪਿਛਲੇ ਸਾਲ ਅਗਸਤ ਵਿਚ ਦੇਸ਼ ਵਿਚ ਵੱਡੇ ਪੱਧਰ 'ਤੇ ਵਿਦਿਆਰਥੀਆਂ ਦੀ ਅਗਵਾਈ ਹੇਠ ਹੋਏ ਪ੍ਰਦਰਸ਼ਨਾਂ ਮਗਰੋਂ ਉਸ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਸੰਯੁਕਤ ਰਾਸ਼ਟਰ ਦੇ ਅਧਿਕਾਰ ਦਫ਼ਤਰ ਦੀ ਰਿਪੋਰਟ ਅਨੁਸਾਰ, ਪਿਛਲੇ ਸਾਲ 15 ਜੁਲਾਈ ਤੋਂ 15 ਅਗਸਤ ਦਰਮਿਆਨ ਹਸੀਨਾ ਸਰਕਾਰ ਵੱਲੋਂ ਪ੍ਰਦਰਸ਼ਨਕਾਰੀਆਂ 'ਤੇ ਸੁਰੱਖਿਆ ਕਾਰਵਾਈ ਦਾ ਹੁਕਮ ਦਿੱਤੇ ਜਾਣ ਕਾਰਨ 1,400 ਵਿਅਕਤੀ ਮਾਰੇ ਗਏ ਸਨ।







# ਆਪਣਾ ਦੇਸ਼ ਪਰਾਏ ਲੋਕ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA






**ਅਮਰੀਕਾ, ਕੈਨੇਡਾ, ਆਸਟ੍ਰੇਲੀਆ ਅਤੇ ਯੂਰਪ ਦੇ ਦੇਸ਼ਾਂ ਵਿਚ ਧਰੁਵੀਕਰਨ, ਪ੍ਰਵਾਸ-ਵਿਰੋਧੀ ਭਾਵਨਾ ਤਿੱਖੇ ਟਕਰਾਅ 'ਚ ਪ੍ਰਫੁੱਲਤ ਹੋ ਰਹੀ ਹੈ। ਭਾਵੇਂ ਪੱਛਮ ਵਿਚ ਸਮਾਜਿਕ ਸਮੂਹਾਂ ਵਿਚ ਵੱਡੇ ਪੈਮਾਨੇ 'ਤੇ ਹਿੰਸਕ ਟਕਰਾਅ ਨਹੀਂ ਹੈ। ਲੇਕਿਨ ਧਰੁਵੀਕਰਨ 'ਚ ਬਿਆਨਬਾਜ਼ੀ-ਯੁੱਧ ਸਿਖ਼ਰਾਂ 'ਤੇ ਪੁੱਜਾ ਹੈ। ਇਹ ਵਿਸ਼ਵ ਨਾਗਰਿਕਾਂ ਦੇ ਹਮਾਇਤੀਆਂ ਦੇ ਵਿਰੁੱਧ ਹਥਿਆਰ ਚੁੱਕਣ ਦਾ ਨਾਹਰਾ ਬੁਲੰਦ ਕਰਦੇ ਹਨ ਅਤੇ ਪ੍ਰਵਾਸੀਆਂ 'ਚ ਡਰ ਪੈਦਾ ਕਰਨ ਲਈ ਹਰ ਉਹ ਕਾਰਵਾਈ ਕਰਨ ਦੇ ਹਾਮੀ ਹਨ, ਜਿਸ ਨਾਲ ਦੇਸ਼ ਵਿਚ ਗ੍ਰਹਿ-ਯੁੱਧ ਜਿਹੇ ਹਾਲਾਤ ਪੈਦਾ ਹੋਣ।**

ਹਰ ਪਾਸੇ ਪ੍ਰਵਾਸੀਆਂ ਲਈ ਸਰਹੱਦਾਂ 'ਤੇ ਰੋਕ ਲਾਈ ਜਾ ਰਹੀ ਹੈ। ਪ੍ਰਵਾਸ-ਕਾਨੂੰਨ ਸਖ਼ਤ ਹੋ ਰਹੇ ਹਨ। ਗ਼ੈਰ-ਨਾਗਰਿਕਾਂ ਨੂੰ ਦੇਸ਼ 'ਚੋਂ ਬਾਹਰ ਕੱਢਣ ਦਾ ਦਬਾਅ ਵਧਦਾ ਜਾ ਰਿਹਾ ਹੈ। ਦੇਸ਼ਾਂ ਦੇ ਦੇਸ਼ ਪ੍ਰਵਾਸੀਆਂ ਵਿਰੁੱਧ ਉਬਾਲ ਵਿਚ ਹਨ। ਆਨੇ-ਬਹਾਨੇ ਪ੍ਰਵਾਸੀਆਂ ਵਿਰੁੱਧ ਨਫ਼ਰਤ ਵਧ ਰਹੀ ਹੈ। ਮਨੁੱਖ ਨੂੰ ਮਨੁੱਖ ਨਾ ਸਮਝਣਾ ਕਿੰਨਾ ਘਾਤਕ ਹੈ!

ਯੂਰਪ ਵਿਚ ਕੱਟੜਪੰਥੀ ਦਲ ਸਿਆਸਤ ਵਿਚ ਜ਼ੋਰ ਫੜਦੇ ਜਾ ਰਹੇ ਹਨ। 2024 'ਚ ਫਰਾਂਸ 'ਚ ਨੈਸ਼ਨਲ ਪਾਰਟੀ ਅਤੇ ਜਰਮਨੀ ਵਿਚ ਕੱਟੜਪੰਥੀ "ਆਉ" ਜਿਹੇ ਬਣੇ ਸਿਆਸੀ ਦਲ ਚੋਣਾਂ 'ਚ ਇੱਕ ਤਿਹਾਈ ਸੀਟਾਂ ਜਿੱਤ ਗਏ। ਇਹ ਸਿਆਸੀ ਦਲ ਬਿਆਨਬਾਰੀ ਕਰਦੇ ਹਨ। ਪ੍ਰਵਾਸ ਨੂੰ ਅਪਰਾਧ ਗਿਣਦੇ ਹਨ।

ਆਸਟਰੀਆ ਦੀ ਫਰੀਡਮ ਪਾਰਟੀ 30 ਫ਼ੀਸਦੀ ਵੋਟਾਂ ਲੈ ਗਈ। ਯੂਰਪ ਦੇ ਦੇਸ਼ਾਂ ਫਰਾਂਸ, ਇਟਲੀ, ਜਰਮਨੀ 'ਚ ਫ਼ਾਸ਼ੀਵਾਦੀ ਵਿਚਾਰਾਂ ਵਾਲੇ ਲੋਕਾਂ ਦਾ ਬੋਲਬਾਲਾ ਵਧਿਆ ਹੈ, ਜਿਹੜੇ ਪ੍ਰਵਾਸੀਆਂ ਵਿਰੁੱਧ ਇੱਕ ਲਹਿਰ ਖੜ੍ਹੀ ਕਰਨ 'ਚ ਕਾਮਯਾਬੀ ਹਾਸਲ ਕਰ ਰਹੇ ਹਨ। ਕੀ ਇਹ ਨਫ਼ਰਤੀ ਵਰਤਾਰਾ ਮਨੁੱਖਤਾ ਖਿਲਾਫ਼ ਵੱਡੀ ਜੰਗ ਨਹੀਂ ਹੈ? ਪ੍ਰਮਾਣੂ ਜੰਗ ਤੋਂ ਵੀ ਵੱਡੀ।

ਕੈਨੇਡਾ ਜਿਹੜਾ ਲੰਮੇਂ ਸਮੇਂ ਤੱਕ ਪ੍ਰਵਾਸੀਆਂ ਨੂੰ ਆਪਣੀ ਹਿੱਕ ਨਾਲ ਲਾਉਂਦਾ ਰਿਹਾ ਹੈ। ਉਸਨੂੰ ਉਥੇ ਵੱਡੇ ਤਣਾਅ ਦਾ ਸਹਾਮਣਾ ਕਰਨਾ ਪਿਆ ਹੈ। ਕੈਨੇਡਾ ਦੇ ਕੰਜ਼ਰਵੇਟਿਵ ਨੇਤਾ ਪਿਅਰੇ ਪੌਲੀਏਵਰ ਨੇ ਪ੍ਰਵਾਸੀਆਂ ਨੂੰ ਕੈਨੇਡਾ 'ਚ ਵਧ ਰਹੀਆਂ ਨੌਕਰੀਆਂ 'ਚ ਸਮੱਸਿਆਵਾਂ ਲਈ ਜ਼ਿੰਮੇਵਾਰ ਕਰਾਰ ਦਿੱਤਾ। ਕੈਨੇਡਾ 'ਚ ਇੰਮੀਗ੍ਰੇਸ਼ਨ ਕਾਨੂੰਨ 'ਚ ਸਖ਼ਤੀ ਦੇਖਣ ਨੂੰ ਮਿਲ ਰਹੀ ਹੈ। ਹਾਲਾਂਕਿ ਕੈਨੇਡਾ ਐਡਾ ਵੱਡਾ ਦੇਸ਼ ਹੈ, ਜਿਥੇ ਅਥਾਹ ਪ੍ਰਵਾਸੀ ਸਮਾਅ ਸਕਦੇ ਹਨ, ਚੰਗਾ ਗੁਜ਼ਰ-ਬਸਰ ਕਰ ਸਕਦੇ ਹਨ।

ਆਸਟ੍ਰੇਲੀਆ ਵਿਚ ਵੀ ਪ੍ਰਵਾਸੀਆਂ ਪ੍ਰਤੀ ਨੀਤੀਆਂ 'ਚ ਬਦਲਾਅ ਹੈ ਅਤੇ ਹਜ਼ਾਰਾਂ ਲੋਕ ਪ੍ਰਵਾਸੀਆਂ ਵਿਰੁੱਧ ਵਿਖਾਵੇ ਕਰਨ ਲਈ ਅੱਗੇ ਆਏ ਹਨ, ਪ੍ਰਦਰਸ਼ਨ ਹੋ ਰਹੇ ਹਨ। 'ਨਓ-ਨਾਜੀ' ਨਾਲ ਜੁੜੇ ਵੱਡੇ ਪ੍ਰਦਰਸ਼ਨ ਪ੍ਰਵਾਸੀਆਂ ਨੂੰ ਦੇਸ਼ ਤੋਂ ਬਾਹਰ ਕੱਢਣ ਲਈ ਕੀਤੇ ਗਏ। ਅਮਰੀਕਾ 'ਚ ਟਰੰਪ ਦੀ ਜਿੱਤ ਨੇ ਪ੍ਰਵਾਸੀਆਂ ਵਿਰੁੱਧ ਮਿੱਥ ਕੇ ਜਿਸ ਢੰਗ ਨਾਲ 'ਰਾਸ਼ਟਰਵਾਦ' ਦੇ ਨਾਂਅ ਉਤੇ ਨਫ਼ਰਤੀ ਵਰਤਾਰਾ ਸਿਰਜਿਆ ਹੈ, ਉਸ ਦਾ ਦੁਨੀਆਂ ਭਰ 'ਚ ਖ਼ਾਸ ਕਰਕੇ ਯੂਰਪ 'ਚ ਪ੍ਰਭਾਵ ਪ੍ਰਤੱਖ ਦਿੱਖ ਰਿਹਾ ਹੈ। ਕੀ ਇਹ ਭਰਾਤਰੀਭਾਵ ਉਤੇ ਵੱਡੀ ਸੱਟ ਨਹੀਂ ਹੈ?

ਦੁਨੀਆਂ ਭਰ ਵਿਚ ਪ੍ਰਵਾਸੀਆਂ ਵਿਰੁੱਧ ਅੰਦੋਲਨਾਂ 'ਚ ਵਾਧਾ ਵੇਖਿਆ ਜਾ ਰਿਹਾ ਹੈ। ਇਹ ਅੰਦੋਲਨ ਹਾਸ਼ੀਏ 'ਚ ਨਹੀਂ, ਸਗੋਂ ਮੁੱਖ ਧਾਰਾ ਬਣਦਾ ਜਾ ਰਿਹਾ ਹੈ। ਜਿਸ ਨਾਲ ਸਿਆਸੀ ਨੇਤਾਵਾਂ, ਰਾਸ਼ਟਰਵਾਦੀ ਪਾਰਟੀਆਂ ਅਤੇ ਇਥੋਂ ਤੱਕ ਕਿ ਐਲਨ ਮਸਕ ਜਿਹੇ ਵਿਸ਼ਵ ਪ੍ਰਸਿੱਧੀ ਪ੍ਰਾਪਤ ਪ੍ਰਭਾਵਸ਼ਾਲੀ ਲੋਕਾਂ ਦੀ ਚੜ੍ਹਤ ਹੋਈ ਹੈ।

ਡੋਨਲਡ ਟਰੰਪ ਦੇ ਸੱਜੇ ਹੱਥ ਕੱਟੜਪੰਥੀ "ਕਿਰਕ" ਦੇ ਕਤਲ ਨੇ ਅੱਗ 'ਚ ਘਿਓ ਪਾਉਣ ਦਾ ਕੰਮ ਕੀਤਾ। ਜਿਸਦਾ ਸਿੱਟਾ ਬਰਤਾਨੀਆਂ 'ਚ ਦਿਖਿਆ। ਉਥੇ ਡੇਢ ਲੱਖ ਲੋਕ ਪ੍ਰਵਾਸੀ ਨੀਤੀਆਂ ਅਤੇ ਪ੍ਰਵਾਸੀਆਂ ਦੇ ਵਿਰੁੱਧ ਲੰਦਨ 'ਚ ਸੜਕਾਂ 'ਤੇ ਉਤਰ ਆਏ। ਐਲਨ ਮਸਕ ਦਾ ਇਹ ਬਿਆਨ ਕਿ ਪ੍ਰਵਾਸੀਆਂ ਨੂੰ ਸ਼ਰਨ ਦੇਣਾ ਦੇਸ਼ ਧਰੋਹ ਕਾਰਵਾਈ ਹੈ, ਨਾਲ ਇਹ ਰਾਸ਼ਟਰਵਾਦੀ ਨੇਤਾ ਮਜ਼ਬੂਤ ਹੋ ਰਹੇ ਹਨ। ਕੀ ਇਸ ਨਾਲ ਹਿਟਲਰੀ ਸੋਚ ਵਾਲੇ ਲੋਕਾਂ ਦਾ ਦਬਾਅ ਨਹੀਂ ਵਧੇਗਾ?

20ਵੀਂ ਸਦੀ 'ਚ ਇੱਕ ਨਾਹਰਾ ਗੂੰਜਿਆ ਸੀ। ਵਿਸ਼ਵ ਨਾਗਰਿਕਤਾ ਨੂੰ ਹੁਲਾਰਾ ਮਿਲਿਆ ਸੀ। "ਵਿਸ਼ਵਵਾਦ" ਸੁਰਖੀਆਂ 'ਚ ਆਇਆ ਸੀ। ਪਰ ਹੁਣ ਇਸੇ ਨਾਹਰੇ ਨੂੰ, ਜੋ ਮਨੁੱਖਤਾ ਦੇ ਹਿੱਤ ਵਾਲਾ ਵੱਡਾ ਕਾਰਜ ਸੀ, ਨੂੰ ਪੈਰਾਂ ਹੇਠ ਮਿੱਧਣ ਲਈ ਕੱਟੜਪੰਥੀ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ। ਇਸ ਨਾਹਰੇ ਦੇ ਅਸਲ ਮਨੁੱਖਵਾਦੀ ਤੱਤਾਂ ਨੂੰ ਖ਼ਾਰਜ ਕਰਕੇ "ਆਪਣਾ ਦੇਸ਼ ਪਰਾਏ ਲੋਕ" ਦਾ ਨਾਹਰਾ ਹਰਮਨ ਪਿਆਰਾ ਕੀਤਾ ਜਾ ਰਿਹਾ ਹੈ ਅਤੇ ਇਸ ਦਾ ਨਾਹਰੇ ਦੇ ਤਹਿਤ "ਪ੍ਰਵਾਸੀਆਂ ਨੂੰ ਦੇਸ਼ 'ਚੋਂ ਕੱਢੋ", "ਸੂਬਿਆਂ 'ਚੋਂ ਕੱਢੋ" ਦਾ ਨਾਹਰਾ ਅੰਦੋਲਨ ਬੁਲੰਦ ਹੋ ਰਿਹਾ ਹੈ।

ਅਮਰੀਕਾ, ਕੈਨੇਡਾ, ਆਸਟ੍ਰੇਲੀਆ ਅਤੇ ਯੂਰਪ ਦੇ ਦੇਸ਼ਾਂ ਵਿਚ ਧਰੁਵੀਕਰਨ, ਪ੍ਰਵਾਸ-ਵਿਰੋਧੀ ਭਾਵਨਾ ਤਿੱਖੇ ਟਕਰਾਅ 'ਚ ਪ੍ਰਫੁੱਲਤ ਹੋ ਰਹੀ ਹੈ। ਭਾਵੇਂ ਪੱਛਮ ਵਿਚ ਸਮਾਜਿਕ ਸਮੂਹਾਂ ਵਿਚ ਵੱਡੇ ਪੈਮਾਨੇ 'ਤੇ ਹਿੰਸਕ ਟਕਰਾਅ ਨਹੀਂ ਹੈ। ਲੇਕਿਨ ਧਰੁਵੀਕਰਨ 'ਚ ਬਿਆਨਬਾਜ਼ੀ-ਯੁੱਧ ਸਿਖ਼ਰਾਂ 'ਤੇ ਪੁੱਜਾ ਹੈ। ਇਹ ਵਿਸ਼ਵ ਨਾਗਰਿਕਾਂ ਦੇ ਹਮਾਇਤੀਆਂ ਦੇ ਵਿਰੁੱਧ ਹਥਿਆਰ ਚੁੱਕਣ ਦਾ ਨਾਹਰਾ ਬੁਲੰਦ ਕਰਦੇ ਹਨ ਅਤੇ ਪ੍ਰਵਾਸੀਆਂ 'ਚ ਡਰ ਪੈਦਾ ਕਰਨ ਲਈ ਹਰ ਉਹ ਕਾਰਵਾਈ ਕਰਨ ਦੇ ਹਾਮੀ ਹਨ, ਜਿਸ ਨਾਲ ਦੇਸ਼ ਵਿਚ ਗ੍ਰਹਿ-ਯੁੱਧ ਜਿਹੇ ਹਾਲਾਤ ਪੈਦਾ ਹੋਣ।

ਪ੍ਰਵਾਸ ਵਿਰੋਧੀ ਇਹ ਕੱਟੜਪੰਥੀ, ਸਰਕਾਰੀ ਪ੍ਰਵਾਸ ਨੀਤੀਆਂ ਅਤੇ ਪ੍ਰਵਾਸੀਆਂ ਪ੍ਰਤੀ ਗੁੱਸੇ ਅਤੇ ਨਫ਼ਰਤ ਵਾਲੀ ਭਾਸ਼ਾ ਵਰਤਦੇ ਹਨ। ਉਨ੍ਹਾਂ ਵਿਰੁੱਧ ਹਥਿਆਰ ਚੁੱਕਣ ਦਾ ਹੋਕਾ ਦਿੰਦੇ ਹਨ ਅਤੇ ਟਰੰਪ ਜਿਹੇ ਨੇਤਾਵਾਂ ਦੇ ਹੱਥ ਮਜ਼ਬੂਤ ਕਰਦੇ ਹਨ, ਜਿਸਨੇ ਅੰਤਰਰਾਸ਼ਟਰੀ ਸੰਸਥਾਵਾਂ ਯੂ.ਐੱਸ.ਏ.ਆਈ.ਡੀ. ਆਦਿ ਜਿਹੀਆਂ ਸੰਸਥਾਵਾਂ ਨੂੰ ਖ਼ਤਮ ਕਰ ਦਿੱਤਾ, ਜਿਹੜਾ ਇਸ ਗੱਲ ਦਾ ਮੁੱਦਈ ਹੈ ਕਿ ਅੰਤਰਰਾਸ਼ਟਰੀ ਪੱਧਰ 'ਤੇ ਜਿਹੜੀਆਂ ਸੰਸਥਾਵਾਂ ਨੂੰ ਪੈਸੇ ਦਿੱਤੇ ਜਾਂਦੇ ਹਨ, ਉਹ ਦੇਸ਼ ਦੇ ਟੈਕਸ ਦੇਣ ਵਾਲੇ ਲੋਕਾਂ ਦੇ ਹਨ। ਇਹ ਪੈਸੇ ਦੀ ਨਾਜਾਇਜ਼ ਵਰਤੋਂ ਹੈ। ਉਨ੍ਹਾਂ ਨੂੰ 'ਅਮਰੀਕਾ ਫਸਟ' ਜਾਂ 'ਯੂਨਾਇਟ ਦਾ ਕਿੰਗਡਮ' ਜਿਹੇ ਨਾਹਰੇ ਪਸੰਦ ਹਨ, ਜਿਹੜੇ ਰਾਸ਼ਟਰਵਾਦ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਅੰਤਰਰਾਸ਼ਟਰੀ ਮੁਲਾਂ ਤੇ ਮਨੁੱਖਤਾਵਾਦੀ ਕਦਰਾਂ-ਕੀਮਤਾਂ ਨੂੰ ਨਕਾਰਦੇ ਹਨ।

ਖੁੱਲ੍ਹੇ ਵਿਚਾਰਾਂ ਵਾਲੇ ਉਦਾਰਵਾਦੀ ਸਾਸ਼ਕ ਖੁੱਲ੍ਹੀਆਂ ਸਰਹੱਦਾਂ ਦੇ ਹਿਮਾਇਤੀ ਹਨ। ਉਹ ਸਸਤੀ ਲੇਬਰ ਨੂੰ ਪੂੰਜੀਵਾਦੀ ਹਿੱਤਾਂ ਦੀ ਪੂਰਤੀ ਦੇ ਪਾਲਕ ਮੰਨਦੇ ਹਨ। ਉਹ ਵੱਡੇ ਪੈਮਾਨੇ 'ਤੇ ਪ੍ਰਵਾਸੀਆਂ ਦੇ ਹੱਕ 'ਚ ਖੜ੍ਹਦੇ ਹਨ, ਕਿਉਂਕਿ ਉਹ ਘੱਟ ਵੇਤਨ ਲਈ ਪ੍ਰਵਾਸੀਆਂ ਦੀ ਵਰਤੋਂ ਕਰਦੇ ਹਨ, ਭਾਵੇਂ ਕਿ ਬਹੁਤੇ ਥਾਵਾਂ 'ਤੇ ਇਹ ਸਿਧਾਂਤ ਸਮਾਜਿਕ ਏਕਤਾ ਨੂੰ ਖ਼ਤਮ ਕਰਦਾ ਹੈ।

ਇਸਦੇ ਉਲਟ ਕੱਟੜਪੰਥੀ ਰਾਸ਼ਟਰਵਾਦੀ ਇਹ ਦੋਸ਼ ਲਗਾਉਂਦੇ ਹਨ ਕਿ ਸਥਾਨਕ ਆਬਾਦੀ ਦੀ ਥਾਂ ਪ੍ਰਦੇਸੀਆਂ ਨੂੰ ਲਿਆਉਣਾ ਉਥੋਂ ਦੇ ਵਾਸਨੀਕਾਂ ਦੇ ਹਿੱਤਾਂ ਦੇ ਉਲਟ ਹੈ। ਉਹ ਇਹ ਵੀ ਕਹਿੰਦੇ ਹਨ ਕਿ ਇਹ ਜਾਣਬੁੱਝ ਕੇ ਕੀਤਾ ਜਾ ਰਿਹਾ ਹੈ ਅਤੇ ਦੇਸੀ ਲੋਕਾਂ ਦੀਆਂ ਨੌਕਰੀਆਂ ਨੂੰ ਖੋਰਾ ਲਾਕੇ ਆਊਟ ਸੋਰਸ ਰਾਹੀਂ ਭਰਿਆ ਜਾ ਰਿਹਾ ਹੈ। ਜਿਸ ਨਾਲ ਸਥਾਨਕ ਲੋਕਾਂ ਦੇ ਮਨਾਂ 'ਚ ਗੁੱਸਾ ਹੈ। ਉਹ ਇਸ ਗੁੱਸੇ ਦੀ ਵਰਤੋਂ ਆਪਣੇ ਹਿੱਤ ਲਈ ਕਰਦੇ ਹਨ। ਦੇਸ਼ ਭਾਰਤ ਦੇ ਕਿਰਤੀ-ਕਾਮਿਆਂ, ਪੇਸ਼ੇਵਰਾਂ ਨੂੰ 1960 ਦੇ ਦਹਾਕੇ 'ਚ ਖੁੱਲ੍ਹੀ ਅਵਾਸ ਨੀਤੀ ਦਾ ਫ਼ਾਇਦਾ ਹੋਇਆ। ਜਿਸ ਨਾਲ ਭਾਰਤੀ ਪੇਸ਼ੇਵਰ ਅਤੇ ਕਾਮੇ ਵੱਡੀ ਸੰਖਿਆ 'ਚ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਹੋਰ ਦੇਸ਼ਾਂ 'ਚ ਜਾਕੇ ਰੋਟੀ ਕਮਾਉਣ ਲੱਗੇ। ਇਹ ਵਰਤਾਰਾ ਲਗਾਤਾਰ ਜਾਰੀ ਰਿਹਾ। ਪਰ ਹੁਣ ਭਾਰਤ ਅਤੇ ਉਸਦੇ ਪ੍ਰਵਾਸੀਆਂ ਦੇ ਖਿਲਾਫ਼ ਇਕ ਮੁਹਿੰਮ ਵਿੱਢੀ ਜਾ ਚੁੱਕੀ ਹੈ, ਜੋ ਲਗਾਤਾਰ ਵੱਧ ਰਹੀ ਹੈ। ਇਹ ਵਰਤਾਰਾ ਭਾਰਤ ਲਈ ਨੁਕਸਾਨਦਾਇਕ ਹੈ, ਕਿਉਂਕਿ ਭਾਰਤ ਪਹਿਲਾਂ ਹੀ ਬੇਰੁਜ਼ਗਾਰੀ ਨਾਲ ਭੰਨਿਆ ਪਿਆ ਹੈ, ਜੋ ਪ੍ਰਵਾਸੀਆਂ ਦੀ ਵਾਪਸੀ ਦਾ ਦਬਾਅ ਸਹਿ ਨਹੀਂ ਸਕਦਾ।

ਪ੍ਰਵਾਸ ਦੁਨੀਆਂ 'ਚ ਨਵਾਂ ਵਰਤਾਰਾ ਨਹੀਂ ਹੈ, ਇੱਕ ਥਾਂ ਤੋਂ ਦੂਜੇ ਥਾਂ ਜਾਣਾ ਮਨੁੱਖ ਦੀ ਪ੍ਰਵਿਰਤੀ ਰਹੀ ਹੈ। ਜੰਗਲਾਂ ਤੋਂ ਬਾਹਰ ਨਿਕਲਣਾ, ਬਸਤੀਆਂ ਵਸਾਉਣਾ ਤੇ ਉਥੇ ਸਮੂਹਿਕ ਤੌਰ 'ਤੇ ਰਹਿਣਾ ਮਨੁੱਖ ਦੀ ਪ੍ਰਵਿਰਤੀ ਰਹੀ ਹੈ। ਉਹ ਲਗਾਤਾਰ ਸਥਾਨ ਬਦਲਦਾ ਰਿਹਾ ਹੈ।

ਪ੍ਰਵਾਸ ਕਿਸੇ ਵਿਅਕਤੀ ਵਲੋਂ ਆਪਣੀ ਭੂਗੋਲਿਕ ਇਕਾਈ ਨੂੰ ਛੱਡ ਦੇਣ ਨੂੰ ਕਹਿੰਦੇ ਹਨ, ਜਿਸਦਾ ਉਹ ਮੂਲ ਨਿਵਾਸੀ ਹੁੰਦਾ ਹੈ। ਜੇਕਰ ਕੋਈ ਵਿਅਕਤੀ ਭਾਰਤ ਛੱਡਕੇ ਬਰਤਾਨੀਆ ਚਲਾ ਜਾਵੇ ਅਤੇ ਉਥੇ ਦਾ ਨਾਗਰਿਕ ਬਣ ਜਾਏ ਤਾਂ ਉਹ ਬਰਤਾਨੀਆ ਦਾ ਪ੍ਰਵਾਸੀ ਕਹਾਏਗਾ। ਸਾਲ 1970 ਦੇ ਦਹਾਕੇ 'ਚ ਬਹੁਤ ਲੋਕ ਪੂਰਬੀ ਜਰਮਨੀ ਛੱਡਕੇ ਪੱਛਮ ਜਰਮਨੀ 'ਚ ਜਾਣਾ ਚਾਹੁੰਦੇ ਸਨ ਅਤੇ ਉਨ੍ਹਾਂ ਨੂੰ ਜ਼ਬਰਦਸਤੀ ਰੋਕਣ ਲਈ ਬਰਲਿਨ ਦੀ ਦੀਵਾਰ ਖੜ੍ਹੀ ਕਰ ਦਿੱਤੀ ਗਈ। ਉਂਝ ਹਰ ਦੇਸ਼ ਨੇ ਪ੍ਰਵਾਸੀਆਂ ਨੂੰ ਰੋਕਣ ਲਈ ਕਾਨੂੰਨ ਬਣਾਇਆ ਹੋਇਆ ਹੈ, ਭਾਰਤ 'ਚ ਇੰਮੀਗ੍ਰੇਸ਼ਨ ਅਤੇ ਫਾਰਨਰ ਐਕਟ-2025 ਸਤੰਬਰ 2025 ਤੋਂ ਲਾਗੂ ਕੀਤਾ ਗਿਆ, ਜੋ ਪਹਿਲੇ ਇੰਮੀਗ੍ਰੇਸ਼ਨ ਕਾਨੂੰਨਾਂ ਦੀ ਥਾਂ ਲਵੇਗਾ।

ਭਾਰਤ 'ਚ 1991 ਦੇ ਆਰਥਿਕ ਸੁਧਾਰਾਂ ਦੇ ਬਾਅਦ ਅੰਦਰੂਨੀ ਅਤੇ ਵਿਸ਼ਵੀ ਪ੍ਰਵਾਸ 'ਚ ਵਾਧਾ ਵੇਖਿਆ ਗਿਆ ਹੈ, ਜਿਸ ਨਾਲ ਸ਼ਹਿਰੀਕਰਨ ਅਤੇ ਪ੍ਰਵਾਸ ਨਾਲ ਜੁੜੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਭਾਰਤ ਦਾ ਪ੍ਰਵਾਸੀ ਇਤਿਹਾਸ ਵੱਡਾ ਹੈ, ਜਿਸ ਨਾਲ ਭਾਰਤੀ ਭਾਸ਼ਾਵਾਂ ਅਤੇ ਸੱਭਿਆਚਾਰ ਉਤੇ ਵੱਡੇ ਅਸਰ ਪਏ। ਇਥੇ ਹਮਲਾਵਰ ਆਏ ਅਤੇ ਵਸ ਗਏ। ਮੌਜੂਦਾ ਦੌਰ 'ਚ ਭਾਰਤ ਅੰਤਰਰਾਸ਼ਟਰੀ ਪ੍ਰਵਾਸੀਆਂ ਦਾ ਸਭ ਤੋਂ ਵੱਡਾ ਸਰੋਤ ਹੈ।

ਪਿਛਲੇ ਦਹਾਕਿਆਂ ਭਾਰਤ 'ਚ ਕਰੋੜਾਂ ਦੀ ਗਿਣਤੀ 'ਚ ਲੋਕ ਪ੍ਰਵਾਸ ਕਰ ਚੁੱਕੇ ਹਨ ਅਤੇ ਲਗਭਗ ਅੱਧੀ ਤੋਂ ਵੱਧ ਦੁਨੀਆਂ ਦੇ ਦੇਸ਼ਾਂ 'ਚ ਇਥੋਂ ਦੇ ਵਸਨੀਕ ਵਸ ਚੁੱਕੇ ਹਨ। ਅੰਦਰੂਨੀ ਪ੍ਰਵਾਸ ਨੂੰ ਵਾਚੀਏ, ਤਾਂ ਜਿਹੜੇ ਸੂਬੇ ਆਰਥਿਕ ਤੌਰ 'ਤੇ ਮਜ਼ਬੂਤ ਹਨ, ਖ਼ਾਸ ਤੌਰ 'ਤੇ ਖੇਤੀ ਪ੍ਰਧਾਨ ਜਾਂ ਉਦਯੋਗ ਨਾਲ ਭਰੇ ਪਏ ਹਨ, ਉਥੇ ਦੂਜੇ ਸੂਬਿਆਂ ਦੇ ਲੋਕ ਆਉਂਦੇ ਹਨ। ਪ੍ਰਵਾਸ ਹੁੰਦਾ ਹੈ। ਸਥਾਨਕ ਵਸੋਂ ਨਾਲ ਪ੍ਰਵਾਸੀਆਂ ਦਾ ਇੱਟ-ਖੜੱਕਾ ਚੱਲਦਾ ਹੈ। ਮਹਾਂਰਾਸ਼ਟਰ ਅਤੇ ਪੰਜਾਬ ਇਸਦੀ ਉਦਾਹਰਨ ਹੈ। ਜਿਥੇ ਪ੍ਰਵਾਸੀਆਂ ਦੀ ਗਿਣਤੀ ਵਧਦੀ ਜਾ ਰਹੀ ਹੈ, ਜੋ ਇਥੋਂ ਦੇ ਅਰਥਚਾਰੇ ਦੀ ਵੱਡੀ ਲੋੜ ਬਣ ਚੁੱਕੇ ਹਨ। ਪਰ ਸਥਾਨਕ ਲੇਬਰ ਦੇ ਮੁਕਾਬਲੇ ਪ੍ਰਵਾਸੀਆਂ ਦੀ ਸਸਤੀ ਲੇਬਰ ਮਿਲਣ ਕਾਰਨ, ਆਪਸੀ ਵਿਰੋਧ ਵਧਦਾ ਵੇਖਿਆ ਜਾ ਰਿਹਾ ਹੈ।

ਪਰ ਦੁਖਾਂਤ ਇਹ ਹੈ ਕਿ ਮਨੁੱਖ ਜਿਸ ਦੇਸ਼ ਨੂੰ ਆਪਣਾ ਨਵਾਂ ਦੇਸ਼ ਮੰਨਕੇ ਉਥੋਂ ਦੀ ਤਰੱਕੀ ਲਈ ਕੰਮ ਕਰਦਾ ਹੈ, ਉਹੋ ਦੇਸ਼ ਉਸ ਲਈ ਪਰਾਇਆ ਬਣਾਇਆ ਜਾ ਰਿਹਾ ਹੈ। ਬੀਮਾਰ ਸੋਚ ਵਾਲੇ ਲੋਕ ਨਫ਼ਰਤੀ ਵਰਤਾਰਾ ਵਧਾ ਰਹੇ ਹਨ ਅਤੇ ਜਿਸ ਨਾਲ ਲੱਖਾਂ ਨਹੀਂ ਕਰੋੜਾਂ ਲੋਕ ਇਹ ਦੁਖਾਂਤ ਝੱਲ ਰਹੇ ਹਨ। "ਟਰੰਪੀ ਸੋਚ" ਨੇ ਵਿਸ਼ਵ ਭਰ 'ਚ ਪ੍ਰਵਾਸੀਆਂ ਦੇ ਦੁੱਖਾਂ 'ਚ ਵਾਧਾ ਕੀਤਾ ਹੈ ਅਤੇ ਉਨ੍ਹਾਂ ਨੂੰ ਪਰਾਏਪਨ ਦਾ ਅਹਿਸਾਸ ਕਰਵਾਇਆ ਹੈ।

# ਕੀ ਦਿਵਾਲੀ ਦੇ ਪਟਾਕੇ ਹੀ ਪ੍ਰਦੂਸ਼ਣ ਫੈਲਾਉਂਦੇ ਹਨ...?

ਸੰਦੀਪ ਕੁਮਾਰ
ਰੂਪਨਗਰ
ਮੋਬ : 70098-07121
ਪੰਜਾਬ ਮੇਲ USA





ਭਾਰਤ ਵਿਚ ਖੁਸ਼ੀ ਦੇ ਹਰ ਮੌਕੇ ਨੂੰ ਪਟਾਕੇ ਚਲਾ ਕੇ ਮਨਾਉਣ ਦੀ ਪਰੰਪਰਾ ਬਹੁਤ ਪੁਰਾਣੀ ਹੈ। ਇਹ ਨਾ ਸਿਰਫ਼ ਧਾਰਮਿਕ ਤਿਉਹਾਰਾਂ ਨਾਲ ਜੁੜਿਆ ਹੈ, ਬਲਕਿ ਰਾਜਨੀਤਿਕ ਜਿੱਤਾਂ, ਵਿਆਹਾਂ, ਖੇਡਾਂ ਦੀਆਂ ਜਿੱਤਾਂ ਅਤੇ ਵੱਡੇ ਆਯੋਜਨਾਂ ਵਿਚ ਵੀ ਵਿਆਪਕ ਤੌਰ 'ਤੇ ਵਰਤੀ ਜਾਂਦੀ ਹੈ। ਪਰ ਜਦੋਂ ਗੱਲ ਸਨਾਤਨ ਧਰਮ ਦੇ ਮਹੱਤਵਪੂਰਨ ਤਿਉਹਾਰ ਦੀਵਾਲੀ ਦੀ ਆਉਂਦੀ ਹੈ, ਤਾਂ ਅਚਾਨਕ ਵਾਤਾਵਰਨ ਪ੍ਰੇਮੀ ਅਤੇ ਜਾਨਵਰ ਪ੍ਰੇਮੀ ਜਾਗ ਉੱਠਦੇ ਹਨ। ਉਹ ਪਟਾਕਿਆਂ ਨਾਲ ਹੋਣ ਵਾਲੇ ਪ੍ਰਦੂਸ਼ਣ ਅਤੇ ਸ਼ੋਰ ਨੂੰ ਲੈ ਕੇ ਵਿਰੋਧ ਕਰਨ ਲੱਗ ਪੈਂਦੇ ਹਨ, ਜਿਸ ਨਾਲ ਜਾਨਵਰ ਡਰ ਜਾਂਦੇ ਹਨ ਅਤੇ ਵਾਯੂ ਪ੍ਰਦੂਸ਼ਣ ਵਧ ਜਾਂਦਾ ਹੈ। ਪਰ ਇਹੀ ਲੋਕ ਹੋਰ ਮੌਕਿਆਂ 'ਤੇ ਚੁੱਪ ਕਿਉਂ ਰਹਿੰਦੇ ਹਨ? ਇਹ ਸਵਾਲ ਨਾ ਸਿਰਫ਼ ਇੱਕ ਵਿਚਾਰ ਦਾ ਵਿਸ਼ਾ ਹੈ, ਬਲਕਿ ਸਮਾਜ ਵਿਚ ਵੱਧ ਰਹੇ ਦੋਗਲੇਪਣ ਨੂੰ ਵੀ ਉਜਾਗਰ ਕਰਦਾ ਹੈ। ਇਸ ਲੇਖ ਵਿਚ ਅਸੀਂ ਇਸ ਵਿਸ਼ੇ ਨੂੰ ਵਿਸਥਾਰ ਨਾਲ ਵਿਚਾਰਾਂਗੇ, ਅੰਕੜਿਆਂ ਅਤੇ ਤੱਥਾਂ ਨਾਲ ਜੋੜ ਕੇ, ਅਤੇ ਇਹ ਵੀ ਵੇਖਾਂਗੇ ਕਿ ਕਿਵੇਂ ਇੱਕ ਨਿਰਪੱਖ ਨੀਤੀ ਨਾਲ ਇਸ ਸਮੱਸਿਆ ਨੂੰ ਹੱਲ ਕੀਤਾ ਜਾ ਸਕਦਾ ਹੈ।

ਸਭ ਤੋਂ ਪਹਿਲਾਂ ਗੱਲ ਕਰੀਏ ਉਨ੍ਹਾਂ ਵੱਖ-ਵੱਖ ਮੌਕਿਆਂ ਦੀ ਜਿੱਥੇ ਪਟਾਕੇ ਚਲਾਉਣਾ ਆਮ ਹੈ। ਭਾਰਤ ਵਿਚ ਕਿਸੇ ਵੀ ਧਰਮ ਵੱਲੋਂ ਆਪਣੇ ਧਾਰਮਿਕ ਦਿਨਾਂ ਨੂੰ ਮਨਾਉਣ ਲਈ ਵਿਸ਼ਾਲ ਜਲੂਸ ਕੱਢੇ ਜਾਂਦੇ ਹਨ। ਇਨ੍ਹਾਂ ਜਲੂਸਾਂ ਵਿਚ ਖੁਸ਼ੀ ਦੇ ਇਜ਼ਹਾਰ ਵਜੋਂ ਪਟਾਕੇ ਅਤੇ ਆਤਿਸ਼ਬਾਜ਼ੀ ਵੀ ਵੱਡੇ ਪੱਧਰ 'ਤੇ ਕੀਤੀ ਜਾਂਦੀ ਹੈ। ਇਹ ਨਾ ਸਿਰਫ਼ ਧਾਰਮਿਕ ਭਾਵਨਾਵਾਂ ਨੂੰ ਮਜ਼ਬੂਤ ਕਰਦੀ ਹੈ, ਬਲਕਿ ਲੋਕਾਂ ਵਿਚ ਉਤਸ਼ਾਹ ਵੀ ਪੈਦਾ ਕਰਦੀ ਹੈ। ਪਰ ਇਨ੍ਹਾਂ ਮੌਕਿਆਂ 'ਤੇ ਵਾਤਾਵਰਨ ਪ੍ਰੇਮੀਆਂ ਨੂੰ ਪ੍ਰਦੂਸ਼ਣ ਨਹੀਂ ਨਜ਼ਰ ਆਉਂਦਾ। ਉਹ ਚੁੱਪ ਰਹਿੰਦੇ ਹਨ ਅਤੇ ਕੋਈ ਵਿਰੋਧ ਨਹੀਂ ਕਰਦੇ। ਰਾਜਨੀਤਿਕ ਮੈਦਾਨ ਵਿਚ ਵੀ ਪਟਾਕੇ ਖੁਸ਼ੀ ਦਾ ਅਹਿਮ ਹਿੱਸਾ ਬਣੇ ਹੋਏ ਹਨ। ਜਦੋਂ ਕੋਈ ਰਾਜਨੀਤਿਕ ਪਾਰਟੀ ਚੋਣਾਂ ਜਿੱਤਦੀ ਹੈ, ਤਾਂ ਉਸ ਦੇ ਵਰਕਰ ਬੇਤਹਾਸ਼ਾ ਪਟਾਕੇ ਚਲਾ ਕੇ ਜਿੱਤ ਦਾ ਜਸ਼ਨ ਮਨਾਉਂਦੇ ਹਨ। ਉਦਾਹਰਨ ਵਜੋਂ, 2024 ਵਿਚ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਜਿੱਤ 'ਤੇ ਦੇਸ਼ ਭਰ ਵਿਚ ਪਟਾਕੇ ਚਲਾਏ ਗਏ ਸਨ। ਇਸੇ ਤਰ੍ਹਾਂ ਆਮ ਆਦਮੀ ਪਾਰਟੀ ਨੇ ਅਰਵਿੰਦ ਕੇਜਰੀਵਾਲ ਦੀ ਜ਼ਮਾਨਤ 'ਤੇ ਖੁਸ਼ੀ ਵਿਚ ਪਟਾਕੇ ਚਲਾਏ। ਇਹ ਪਟਾਕੇ ਵੀ ਵਾਯੂ ਪ੍ਰਦੂਸ਼ਣ ਪੈਦਾ ਕਰਦੇ ਹਨ ਪਰ ਕੋਈ ਵਾਤਾਵਰਨ ਪ੍ਰੇਮੀ ਇਸ ਵਿਰੋਧ ਵਿਚ ਨਹੀਂ ਉੱਤਰਦਾ। ਇਹ ਦੋਗਲਾਪਣ ਕਿਉਂ? ਕੀ ਪ੍ਰਦੂਸ਼ਣ ਸਿਰਫ਼ ਧਾਰਮਿਕ ਤਿਉਹਾਰਾਂ 'ਤੇ ਹੀ ਖਤਰਨਾਕ ਹੁੰਦਾ ਹੈ ਜਾਂ ਰਾਜਨੀਤਿਕ ਜਿੱਤਾਂ ਵਿਚ ਇਹ ਫਾਇਦੇਮੰਦ ਬਣ ਜਾਂਦਾ ਹੈ?

ਵਿਆਹਾਂ ਵਿਚ ਵੀ ਪਟਾਕੇ ਚਲਾਉਣਾ ਇੱਕ ਰਵਾਇਤੀ ਰੂਪ ਵਿਚ ਸ਼ਾਮਲ ਹੈ। ਵਿਆਹ ਵਾਲੇ ਘਰ ਵਿਚ ਮਹਿਮਾਨ ਅਤੇ ਰਿਸ਼ਤੇਦਾਰ ਆਪਣੀ ਵਿੱਤੀ ਸਮਰੱਥਾ ਅਨੁਸਾਰ ਪਟਾਕੇ ਚਲਾਉਂਦੇ ਹਨ। ਭਾਰਤ ਵਿਚ ਹਰ ਸਾਲ ਲੱਖਾਂ ਵਿਆਹ ਹੁੰਦੇ ਹਨ ਅਤੇ ਹਰ ਵਿਆਹ ਵਿਚ ਪਟਾਕੇ ਵਰਤੇ ਜਾਂਦੇ ਹਨ। ਇੱਕ ਅੰਦਾਜ਼ੇ ਅਨੁਸਾਰ, ਵਿਆਹਾਂ ਵਿਚ ਵਰਤੇ ਜਾਣ ਵਾਲੇ ਪਟਾਕੇ ਵੀ ਵਾਯੂ ਪ੍ਰਦੂਸ਼ਣ ਵਧਾਉਂਦੇ ਹਨ ਪਰ ਇਸ 'ਤੇ ਕੋਈ ਬੈਨ ਨਹੀਂ ਲੱਗਦਾ। ਖੇਡਾਂ ਦੇ ਮੈਦਾਨ ਵਿਚ ਵੀ ਇਹੀ ਹਾਲ ਹੈ। ਜਦੋਂ ਭਾਰਤ ਕ੍ਰਿਕਟ ਵਰਲਡ ਕੱਪ ਜਾਂ ਓਲੰਪਿਕ ਵਿਚ ਜਿੱਤ ਪ੍ਰਾਪਤ ਕਰਦਾ ਹੈ, ਤਾਂ ਪੂਰਾ ਦੇਸ਼ ਪਟਾਕੇ ਚਲਾ ਕੇ ਖੁਸ਼ੀ ਮਨਾਉਂਦਾ ਹੈ। ਉਦਾਹਰਨ ਵਜੋਂ, ਭਾਰਤ ਦੁਆਰਾ ਅਲਗ-ਅਲਗ ਖੇਡਾਂ ਵਿਚ ਜਿੱਤਾਂ ਪ੍ਰਾਪਤ ਕਰਨ ਉਪਰੰਤ ਵੱਡੇ ਪੱਧਰ 'ਤੇ ਭਾਰਤ ਵਿਚ ਪਟਾਕੇ ਅਤੇ ਆਤਿਸ਼ਬਾਜ਼ੀ ਚਲਾਕੇ ਖੁਸ਼ੀ ਮਨਾਈ ਜਾਂਦੀ ਹੈ। ਇਸ ਤੋਂ ਇਲਾਵਾ, ਵੱਡੇ ਆਯੋਜਨ ਜਿਵੇਂ ਕਿ ਆਈ.ਪੀ.ਐੱਲ. ਦੇ ਫਾਈਨਲ ਜਾਂ ਉਦਘਾਟਨੀ ਸਮਾਰੋਹ ਸਮੇਤ ਮੈਚਾਂ ਵਿਚ ਵੀ ਪਟਾਕੇ ਅਤੇ ਆਤਿਸ਼ਬਾਜ਼ੀ ਨਾਲ ਉਦਘਾਟਨ ਕੀਤਾ ਜਾਂਦਾ ਹੈ। ਇਹ ਸਭ ਮੌਕੇ ਵੀ ਪ੍ਰਦੂਸ਼ਣ ਪੈਦਾ ਕਰਦੇ ਹਨ ਪਰ ਵਿਰੋਧ ਨਹੀਂ ਹੁੰਦਾ।

ਹੁਣ ਗੱਲ ਕਰੀਏ ਦੀਵਾਲੀ 'ਤੇ ਵਿਸ਼ੇਸ਼ ਵਿਰੋਧ ਦੀ, ਦੀਵਾਲੀ ਸਨਾਤਨ ਧਰਮ ਦਾ ਸਭ ਤੋਂ ਵੱਡਾ ਤਿਉਹਾਰ ਹੈ, ਜੋ ਪ੍ਰਭੂ ਸ਼੍ਰੀ ਰਾਮ ਜੀ ਦੇ ਅਯੁੱਧਿਆ ਵਾਪਸ ਆਉਣ ਦੀ ਖੁਸ਼ੀ ਵਿਚ ਮਨਾਇਆ ਜਾਂਦਾ ਹੈ। ਇਸ ਵਿਚ ਪਟਾਕੇ ਚਲਾਉਣਾ ਰੌਸ਼ਨੀ ਅਤੇ ਖੁਸ਼ੀ ਦਾ ਪ੍ਰਤੀਕ ਹੈ। ਪਰ ਹਰ ਸਾਲ ਦੀਵਾਲੀ ਤੋਂ ਪਹਿਲਾਂ ਵਾਤਾਵਰਨ ਪ੍ਰੇਮੀ ਅਤੇ ਜਾਨਵਰ ਪ੍ਰੇਮੀ ਇਸ ਦੇ ਵਿਰੋਧ ਵਿਚ ਉੱਤਰ ਆਉਂਦੇ ਹਨ। ਉਹ ਕਹਿੰਦੇ ਹਨ ਕਿ ਪਟਾਕੇ ਨਾਲ ਵਾਯੂ ਪ੍ਰਦੂਸ਼ਣ ਵਧ ਜਾਂਦਾ ਹੈ ਅਤੇ ਜਾਨਵਰ ਡਰ ਜਾਂਦੇ ਹਨ। ਅਸਲ ਵਿਚ, ਅੰਕੜੇ ਵੇਖੀਏ। ਦਿੱਲੀ ਵਿਚ ਦੀਵਾਲੀ ਸਮੇਂ ਪੀ.ਐੱਮ. 2.5 ਦੇ ਪੱਧਰ ਵਧ ਜਾਂਦੇ ਹਨ ਅਤੇ ਇੱਕ ਅਧਿਐਨ ਅਨੁਸਾਰ, ਦੀਵਾਲੀ ਰਾਤ ਨੂੰ ਪ੍ਰਦੂਸ਼ਣ 15.7 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਵਧ ਜਾਂਦਾ ਹੈ। ਪਰ ਇਹ ਪੂਰਾ ਚਿੱਤਰ ਨਹੀਂ ਹੈ। ਦਿੱਲੀ ਵਿਚ ਪ੍ਰਦੂਸ਼ਣ ਦੇ ਮੁੱਖ ਕਾਰਨਾਂ ਵਿਚ ਪਰਾਲੀ ਸਾੜਨਾ (30-40%), ਵਾਹਨਾਂ ਦਾ ਧੂੰਆਂ (20-30%) ਅਤੇ ਉਦਯੋਗਿਕ ਪ੍ਰਦੂਸ਼ਣ (15-20%) ਸ਼ਾਮਲ ਹਨ, ਜਦਕਿ ਪਟਾਕੇ ਸਿਰਫ਼ 5% ਤੱਕ ਯੋਗਦਾਨ ਪਾਉਂਦੇ ਹਨ। ਫਿਰ ਵੀ, ਵਿਰੋਧ ਸਿਰਫ਼ ਦੀਵਾਲੀ 'ਤੇ ਕਿਉਂ?

ਇਹ ਵਿਰੋਧ ਨੂੰ ਵੇਖ ਕੇ ਲੱਗਦਾ ਹੈ ਕਿ ਇਹ ਇੱਕ ਚੋਣਵੀਂ ਨੀਤੀ ਹੈ, ਜੋ ਸਨਾਤਨ ਧਰਮ ਨੂੰ ਨਿਸ਼ਾਨਾ ਬਣਾਉਂਦੀ ਹੈ। ਬਹੁਤ ਸਾਰੇ ਵਿਸ਼ਲੇਸ਼ਕ ਅਤੇ ਸੋਸ਼ਲ ਮੀਡੀਆ ਤੇ ਲੋਕ ਇਸ ਨੂੰ ਦੋਗਲਾਪਣ ਕਹਿੰਦੇ ਹਨ। ਉਦਾਹਰਨ ਵਜੋਂ, ਨਵੇਂ ਸਾਲ 'ਤੇ ਪੂਰੀ ਦੁਨੀਆਂ ਵਿਚ ਪਟਾਕੇ ਚਲਾਏ ਜਾਂਦੇ ਹਨ ਅਤੇ ਭਾਰਤ ਵਿਚ ਵੀ ਇਹ ਵੱਡੇ ਪੱਧਰ 'ਤੇ ਹੁੰਦਾ ਹੈ ਪਰ ਉਸ 'ਤੇ ਕੋਈ ਬੈਨ ਨਹੀਂ ਲੱਗਦਾ। ਬਾਲੀਵੁੱਡ ਅਭਿਨੇਤਰੀ ਸੋਨਾਕਸ਼ੀ ਸਿਨਹਾ ਨੇ ਦੀਵਾਲੀ 'ਤੇ ਪਟਾਕੇ ਨੂੰ ਪ੍ਰਦੂਸ਼ਣ ਦੱਸ ਕੇ ਵਿਰੋਧ ਕੀਤਾ ਪਰ ਨਵੇਂ ਸਾਲ 'ਤੇ ਆਪ ਆਤਿਸ਼ਬਾਜ਼ੀ ਵਿਚ ਸ਼ਾਮਲ ਹੋਈ। ਇਹੀ ਦੋਗਲਾਪਣ ਹੈ। ਸੋਸ਼ਲ ਮੀਡੀਆ 'ਤੇ ਵੀ ਬਹੁਤ ਸਾਰੇ ਪੋਸਟਾਂ ਵਿਚ ਇਸ ਨੂੰ ਉਜਾਗਰ ਕੀਤਾ ਜਾਂਦਾ ਹੈ ਕਿ ਵਾਤਾਵਰਨ ਪ੍ਰੇਮੀ ਸਿਰਫ਼ ਹਿੰਦੂ ਤਿਉਹਾਰਾਂ 'ਤੇ ਜਾਗਦੇ ਹਨ, ਜਦਕਿ ਹੋਰ ਧਰਮਾਂ ਦੇ ਤਿਉਹਾਰਾਂ 'ਤੇ ਚੁੱਪ ਰਹਿੰਦੇ ਹਨ।

ਜਾਨਵਰ ਪ੍ਰੇਮੀਆਂ ਦੀ ਗੱਲ ਵੀ ਇਸੇ ਤਰ੍ਹਾਂ ਹੈ। ਉਹ ਕਹਿੰਦੇ ਹਨ ਕਿ ਪਟਾਕੇ ਨਾਲ ਜਾਨਵਰ ਡਰ ਜਾਂਦੇ ਹਨ ਪਰ ਜਦੋਂ ਹੋਰ ਧਰਮਾਂ ਵਿਚ ਤਿਉਹਾਰਾਂ ਮੌਕੇ ਜਾਨਵਰਾਂ ਦੀ ਬਲੀ ਦਿੱਤੀ ਜਾਂਦੀ ਹੈ, ਤਾਂ ਉਹ ਚੁੱਪ ਰਹਿੰਦੇ ਹਨ। ਭਾਰਤ ਵਿਚ ਕੁਝ ਧਾਰਮਿਕ ਤਿਉਹਾਰਾਂ ਵਿਚ ਜਾਨਵਰਾਂ ਦੀ ਬਲੀ ਆਮ ਹੈ, ਪਰ ਦਿਵਾਲੀ ਮੌਕੇ ਸ਼ੋਰ ਪ੍ਰਦੂਸ਼ਣ ਨਾਲ ਜਾਨਵਰਾਂ ਦੇ ਡਰ ਜਾਣ ਦੀ ਦੁਹਾਈ ਦੇ ਹੱਕ ਵਿਚ ਛਾਤੀ ਪਿੱਟਣ ਵਾਲਿਆਂ ਦੇ ਮੂੰਹ ਵਿਚ ਜਾਨਵਰਾਂ ਦੀ ਬਲੀ ਮੌਕੇ ਦਹੀ ਜੰਮ ਜਾਂਦਾ ਹੈ ਅਤੇ ਕੋਈ ਵਿਰੋਧ ਨਹੀਂ ਹੁੰਦਾ। ਇਸ ਤੋਂ ਇਲਾਵਾ, ਸਰਹੱਦੀ ਤਕਰਾਰਾਂ ਵਿਚ ਬੰਬਾਰੀ ਨਾਲ ਵਾਤਾਵਰਨ ਅਤੇ ਜਾਨਵਰਾਂ ਨੂੰ ਨੁਕਸਾਨ ਪਹੁੰਚਦਾ ਹੈ ਪਰ ਉਸ 'ਤੇ ਕੋਈ ਗੱਲ ਨਹੀਂ ਕਰਦਾ। ਇਹ ਦੋਗਲਾਪਣ ਸਨਾਤਨ ਧਰਮ ਨੂੰ ਨਿਸ਼ਾਨਾ ਬਣਾਉਣ ਵਾਲੀ ਨੀਤੀ ਵੱਲ ਇਸ਼ਾਰਾ ਕਰਦਾ ਹੈ ਕਿਉਂਕਿ ਸਨਾਤਨੀ ਸਹਿਨਸ਼ੀਲ ਹਨ ਅਤੇ ਵਿਰੋਧ ਨਹੀਂ ਕਰਦੇ।

ਇਸ ਵਿਸ਼ੇ ਨੂੰ ਹੋਰ ਮਜ਼ਬੂਤ ਬਣਾਉਣ ਲਈ ਅਸੀਂ ਵਿਕਲਪ ਵੀ ਵੇਖ ਸਕਦੇ ਹਾਂ। ਸਰਕਾਰ ਨੇ ਗ੍ਰੀਨ ਪਟਾਕੇ ਪੇਸ਼ ਕੀਤੇ ਹਨ, ਜੋ ਘੱਟ ਪ੍ਰਦੂਸ਼ਣ ਪੈਦਾ ਕਰਦੇ ਹਨ। ਸੁਪਰੀਮ ਕੋਰਟ ਨੇ ਵੀ ਦਿੱਲੀ ਵਿਚ ਗ੍ਰੀਨ ਪਟਾਕਿਆਂ ਨੂੰ ਮਨਜ਼ੂਰੀ ਦਿੱਤੀ ਹੈ। ਇਸ ਨਾਲ ਧਾਰਮਿਕ ਭਾਵਨਾਵਾਂ ਨੂੰ ਵੀ ਠੇਸ ਨਹੀਂ ਪਹੁੰਚਦੀ ਅਤੇ ਵਾਤਾਵਰਨ ਵੀ ਸੁਰੱਖਿਅਤ ਰਹਿੰਦਾ ਹੈ। ਪਰ ਸਵਾਲ ਇਹ ਹੈ ਕਿ ਕੀ ਇਹ ਨੀਤੀ ਸਾਰੇ ਮੌਕਿਆਂ 'ਤੇ ਲਾਗੂ ਹੋਵੇਗੀ ਜਾਂ ਸਿਰਫ਼ ਦੀਵਾਲੀ 'ਤੇ? ਵਾਤਾਵਰਨ ਸੁਰੱਖਿਆ ਇੱਕ ਸਾਂਝੀ ਜ਼ਿੰਮੇਵਾਰੀ ਹੈ ਅਤੇ ਇਸ ਨੂੰ ਧਾਰਮਿਕ ਰੰਗ ਨਹੀਂ ਦੇਣਾ ਚਾਹੀਦਾ।

ਅੰਤ ਵਿਚ, ਜੇਕਰ ਪਟਾਕੇ ਨਾਲ ਵਾਤਾਵਰਨ ਪ੍ਰਦੂਸ਼ਣ ਹੁੰਦਾ ਹੈ, ਤਾਂ ਇਹ ਹਰ ਮੌਕੇ 'ਤੇ ਵਿਰੋਧ ਯੋਗ ਹੈ। ਸਰਕਾਰਾਂ ਅਤੇ ਸਮਾਜ ਨੂੰ ਇੱਕੋ ਮਾਪਦੰਡ ਅਪਣਾਉਣਾ ਚਾਹੀਦਾ ਹੈ। ਦੋਗਲਾ ਵਿਹਾਰ ਨਾਲ ਨਾ ਤਾਂ ਵਾਤਾਵਰਨ ਬਚੇਗਾ ਅਤੇ ਨਾ ਹੀ ਸਮਾਜ ਵਿਚ ਏਕਤਾ ਆਏਗੀ। ਸਨਾਤਨ ਧਰਮ ਦੇ ਲੋਕਾਂ ਨੂੰ ਵੀ ਆਪਣੇ ਅਧਿਕਾਰਾਂ ਲਈ ਆਵਾਜ਼ ਉਠਾਉਣੀ ਚਾਹੀਦੀ ਹੈ ਅਤੇ ਵਿਕਲਪਾਂ ਨੂੰ ਅਪਣਾਉਣਾ ਚਾਹੀਦਾ ਹੈ। ਇਸ ਨਾਲ ਹੀ ਅਸੀਂ ਇੱਕ ਨਿਰਪੱਖ ਅਤੇ ਸੰਤੁਲਿਤ ਸਮਾਜ ਬਣਾ ਸਕਾਂਗੇ।

# ਪਹਿਲਾ ਹਸਪਤਾਲ ਜਿੱਥੇ ਪੰਜਾਬੀ ਭਾਸ਼ਾ ਠੀਕ ਲਿਖੀ ਹੈ

ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA






37 ਸਾਲ ਕਾਲਜ 'ਚ ਪੰਜਾਬੀ ਵਿਸ਼ਾ ਪੜ੍ਹਾਉਂਦਿਆਂ ਅਤੇ 33 ਸਾਲ ਤੋਂ ਹਫ਼ਤਾਵਾਰ ਕਾਲਮ ਲਿਖਦਿਆਂ ਪੰਜਾਬੀ ਸ਼ਬਦ-ਜੋੜਾਂ ਨਾਲ ਸਿੱਧਾ ਵਾਹ-ਵਾਸਤਾ ਰਿਹਾ ਹੈ। ਪ੍ਰਸਾਰਨ ਦੇ ਸ਼ਬਦ-ਜੋੜਾਂ ਅਤੇ ਪੰਜਾਬੀ ਦੇ ਅਸ਼ੁੱਧ ਉਚਾਰਨ ਦੇ ਸਬੰਧ ਵਿਚ ਦੂਰਦਰਸ਼ਨ ਕੇਂਦਰ ਜਲੰਧਰ ਦੇ ਅਧਿਕਾਰੀਆਂ ਨਾਲ ਲੰਮੀ ਲੜਾਈ ਲੜਨੀ ਪਈ।

ਇਕ ਦਿਨ ਜਲੰਧਰ ਦੇ ਮਕਸੂਦਾਂ ਖੇਤਰ ਦੇ ਪ੍ਰਸਿੱਧ ਵੱਡੇ ਹਸਪਤਾਲ ਵਿਚ ਜਾਣਾ ਪਿਆ। ਹਸਪਤਾਲ ਦੀ ਲੈਬ ਵਿਚ ਬੈਠਾ ਸਾਂ। ਦਰਵਾਜ਼ਿਆਂ, ਤਖ਼ਤੀਆਂ 'ਤੇ ਜਾਣਕਾਰੀ ਲਈ ਜੋ ਵੀ ਲਿਖਿਆ ਸੀ ਅੰਗਰੇਜ਼ੀ ਅਤੇ ਪੰਜਾਬੀ ਵਿਚ ਲਿਖਿਆ ਸੀ। ਅੰਗਰੇਜ਼ੀ ਬਿਲਕੁਲ ਦਰੁੱਸਤ ਸੀ। ਕਿਧਰੇ ਕੋਈ ਗਲਤੀ ਨਹੀਂ ਸੀ ਪਰੰਤੂ ਮੈਂ ਜਿੱਧਰ ਵੀ ਨਜ਼ਰ ਮਾਰਦਾ ਪੰਜਾਬੀ ਦੇ ਹਰੇਕ ਸ਼ਬਦ ਦੇ, ਸ਼ਬਦ-ਜੋੜ ਗਲਤ ਸਨ। ਜਿਸ ਕਮਰੇ ਵਿਚ ਮੈਂ ਬੈਠਾ ਸਾਂ, ਸਾਹਮਣੇ ਦਰਵਾਜ਼ੇ ਅਤੇ ਤਖ਼ਤੀ 'ਤੇ ਪੰਜਾਬੀ ਦੇ ਪੰਜ ਸ਼ਬਦ ਲਿਖੇ ਸਨ। ਪੰਜਾਂ ਦੇ ਸ਼ਬਦ-ਜੋੜ ਗਲਤ ਸਨ। ਮੈਂ ਖੁਦ ਨੂੰ ਰੋਕ ਨਾ ਸਕਿਆ ਅਤੇ ਲੈਬ-ਇੰਚਾਰਜ ਨੂੰ ਗੁੱਸੇ ਵਿਚ ਕਿਹਾ, 'ਇਹ ਤਖ਼ਤੀਆਂ ਕਿਸਨੇ ਤਿਆਰ ਕਰਵਾਈਆਂ ਹਨ? ਪੰਜਾਬੀ ਦੇ ਸਾਰੇ ਸ਼ਬਦ ਗਲਤ ਲਿਖੇ ਹਨ। ਤੁਸੀ ਕਿਸੇ ਪੜ੍ਹੇ-ਲਿਖੇ ਦੀ ਮਦਦ ਲੈ ਲੈਣੀ ਸੀ।"

ਮਦਦ ਤਾਂ ਲਈ ਸੀ, ਕੋਈ ਆਇਆ ਸੀ, ਉਹ ਦੱਸੀ ਗਿਆ ਅਤੇ ਪੇਂਟਰ ਲਿਖੀ ਗਿਆ।" ਇਹ ਕਹਿ ਕੇ ਲੈਬ-ਇੰਚਾਰਜ ਮੇਰੇ ਵੱਲ ਨੀਝ ਨਾਲ ਵੇਖਣ ਲੱਗਾ। ਬਾਅਦ ਵਿਚ ਪਤਾ ਲੱਗਾ, ਸ਼ਬਦ-ਜੋੜ ਦਰੁੱਸਤ ਕਰਵਾਉਣ ਲਈ ਉਹ ਮੈਨੂੰ ਹਸਪਤਾਲ ਵਿਚ ਲੱਭਦੇ ਰਹੇ ਪਰ ਮੈਂ ਉਥੋਂ ਜਾ ਚੁੱਕਾ ਸਾਂ।

ਬੱਸਾਂ ਵਿਚ, ਬਾਜ਼ਾਰਾਂ ਵਿਚ, ਦਫ਼ਤਰਾਂ ਵਿਚ, ਦੁਕਾਨਾਂ ਵਿਚ ਪੰਜਾਬੀ ਦਾ ਜੋ ਹਸ਼ਰ ਹੁੰਦਾ ਹੈ ਆਪਾਂ ਸਾਰੇ ਜਾਣਦੇ ਹਾਂ। ਪੜ੍ਹ-ਵੇਖ ਕੇ ਪ੍ਰੇਸ਼ਾਨ ਹੁੰਦੇ ਹਾਂ। ਮੈਂ ਮੀਡੀਆ ਸੰਬੰਧੀ ਪਹਿਲਾ ਆਰਟੀਕਲ ਟੈਲੀਵਿਜ਼ਨ ਸਕਰੀਨ 'ਤੇ ਗਲਤ ਸ਼ਬਦ ਜੋੜਾਂ ਵਾਲੀ ਪੰਜਾਬੀ ਅਤੇ ਐਂਕਰਾਂ ਦੁਆਰਾ ਕੀਤੇ ਜਾਂਦੇ ਗਲਤ ਉਚਾਰਨ ਬਾਰੇ ਲਿਖਿਆ ਸੀ। ਉਸੇ ਤੋਂ ਅੱਗੇ ਹਫ਼ਤਾਵਾਰ ਕਾਲਮ ਦੀ ਸ਼ੁਰੂਆਤ ਹੋਈ।

ਗੱਲ ਸਾਲ 2022-23 ਦੀ ਹੈ। ਰਾਧਾ ਸੁਆਮੀ ਸਤਿਸੰਗ ਬਿਆਸ ਕੈਂਪਸ ਦੇ ਅੰਦਰ ਵਾਲੇ ਛੋਟੇ ਹਸਪਤਾਲ ਜਾਣ ਦਾ ਸਬੱਬ ਬਣਿਆ। ਪਹਿਲਾਂ ਸਾਫ਼-ਸਫ਼ਾਈ ਵੇਖ ਕੇ ਮਨ ਖੁਸ਼ ਹੋ ਗਿਆ। ਸ਼ਾਂਤ ਮਾਹੌਲ, ਹਰ ਕੋਈ ਆਪਣੇ ਕੰਮ ਵਿਚ ਰੁੱਝਾ ਹੋਇਆ। ਡਾਕਟਰ ਵਾਰੀ ਸਿਰ ਮਰੀਜ਼ਾਂ ਨੂੰ ਚੈੱਕ ਕਰੀ ਜਾਂਦੇ। ਲੈਬ ਵਿਚ ਵਾਰੀ ਸਿਰ ਟੈਸਟ ਹੋ ਰਹੇ ਸਨ। ਕੋਈ ਸ਼ੋਰ ਨਹੀਂ, ਕੋਈ ਕਾਹਲਾ ਨਹੀਂ, ਕੋਈ ਪ੍ਰੇਸ਼ਾਨੀ ਨਹੀਂ। ਕਿਸੇ ਡਾਕਟਰ ਦੀ ਟੈਸਟ ਦੀ ਕੋਈ ਫੀਸ ਨਹੀਂ ਸੀ ਅਤੇ ਦਵਾਈ ਵੀ ਮੁਫ਼ਤ ਮਿਲ ਰਹੀ ਸੀ।

ਅਜੇ ਮੈਂ ਇਨ੍ਹਾਂ ਗੱਲਾਂ 'ਤੇ ਹੈਰਾਨ ਹੋ ਰਿਹਾ ਸੀ ਕਿ ਮੇਰਾ ਧਿਆਨ ਵੱਖ-ਵੱਖ ਕਮਰਿਆਂ ਦੇ ਬਾਹਰ ਅਤੇ ਹੋਰ ਦਿਸ਼ਾ-ਨਿਰਦੇਸ਼ ਦੇਣ ਵਾਲੀਆਂ ਲੱਗੀਆਂ ਤਖਤੀਆਂ ਵੱਲ ਗਿਆ। ਮੈਂ ਉਨ੍ਹਾਂ ਸਾਰਿਆਂ ਤਖ਼ਤੀਆਂ ਨੂੰ ਧਿਆਨ ਨਾਲ ਪੜ੍ਹਨਾ, ਸਮਝਣਾ ਸ਼ੁਰੂ ਕੀਤਾ। ਮੈਂ ਫੇਰ ਹੈਰਾਨ ਸਾਂ ਕਿ ਕਿਸੇ ਵੀ ਤਖ਼ਤੀ 'ਤੇ ਲਿਖੇ ਪੰਜਾਬੀ ਸ਼ਬਦਾਂ ਦੇ ਸ਼ਬਦ-ਜੋੜ ਬਿਲਕੁਲ ਦਰੁੱਸਤ ਸਨ। ਕਿਸੇ ਅੱਖਰ, ਕਿਸੇ ਲਗ ਮਾਤਰ ਵਿਚ ਕੋਈ ਗਲਤੀ ਨਹੀਂ ਸੀ। ਅੱਖਰਾਂ ਦੀ ਬਣਤਰ ਵੀ ਸਹੀ ਸੀ।

ਇਹ ਪਹਿਲਾ ਹਸਪਤਾਲ ਸੀ, ਜਿਥੇ ਪੰਜਾਬੀ ਭਾਸ਼ਾ ਅਤੇ ਉਸਦੇ ਸ਼ਬਦ-ਜੋੜ ਸਾਰੇ ਦੇ ਸਾਰੇ ਸਹੀ ਸਨ। ਸੁਚੇਤ ਤੌਰ 'ਤੇ ਲੱਭਿਆ ਵੀ ਕੋਈ ਗਲਤੀ ਨਹੀਂ ਲੱਭ ਰਹੀ ਸੀ। ਮਨ ਖੁਸ਼ ਹੋ ਗਿਆ।

ਇਕ ਗੱਲ ਹੋਰ ਨੋਟ ਕਰਨ ਵਾਲ ਸੀ ਕਿ ਬਿਮਾਰ ਹੋਣ ਦੇ ਬਾਵਜੂਦ, ਹਸਪਤਾਲ ਵਿਚ ਹੋਣ ਦੇ ਬਾਵਜੂਦ ਕੋਈ ਮਰੀਜ਼ ਜਾਂ ਮਰੀਜ਼ ਦੇ ਪਰਿਵਾਰ ਵਾਲੇ ਪ੍ਰੇਸ਼ਾਨ ਨਹੀਂ ਸਨ ਕਿਉਂਕਿ ਉਨ੍ਹਾਂ ਨੂੰ ਭਰੋਸਾ ਸੀ ਕਿ ਅਸੀਂ ਸਹੀ ਜਗ੍ਹਾ ਹਾਂ, ਸਹੀ ਹੱਥਾਂ ਵਿਚ ਹਾਂ। ਐਮਰਜੈਂਸੀ ਵਾਲੇ ਹਰੇਕ ਮਰੀਜ਼ ਨੂੰ ਤੁਰੰਤ ਸਾਂਭ-ਸੰਭਾਲ ਰਹੇ ਸਨ। ਹਰੇਕ ਦੀ ਲੋੜੀਂਦੀ ਸਹਾਇਤਾ ਅਤੇ ਇਲਾਜ ਹੋ ਰਿਹਾ ਸੀ।

ਇਹ ਪਹਿਲਾ ਹਸਪਤਾਲ ਸੀ, ਜਿੱਥੇ ਅਜਿਹਾ ਸੁਚਾਰੂ ਤੇ ਸਿਹਤਮੰਦ ਮਾਹੌਲ ਸੀ ਅਤੇ ਪੰਜਾਬੀ ਭਾਸ਼ਾ ਬਿਲਕੁਲ ਠੀਕ ਲਿਖੀ ਸੀ। ਇਸ ਸਭ ਕੁਝ ਦਾ ਸਿਹਰਾ ਸੰਸਥਾ, ਸੇਵਾਦਾਰਾਂ ਅਤੇ ਪ੍ਰਬੰਧਕਾਂ ਨੂੰ ਜਾਂਦਾ ਹੈ।

ਜਦ ਸਮਾਂ ਪਾ ਕੇ ਹਸਪਤਾਲ ਦੇ ਪ੍ਰਬੰਧਕਾਂ ਅਤੇ ਸਮੁੱਚੀ ਸੰਸਥਾ ਸੰਬੰਧੀ ਜਾਣਕਾਰੀ ਮਿਲੀ, ਤਾਂ ਸਭ ਸ਼ੰਕੇ ਦੂਰ ਹੋ ਗਏ। ਸਭ ਸਵਾਲਾਂ ਦੇ ਜਵਾਬ ਮਿਲ ਗਏ। ਸਾਫ਼-ਸਫ਼ਾਈ ਅਤੇ ਸੁਚਾਰੂ ਪ੍ਰਬੰਧ ਇਸ ਸੰਸਥਾ ਦਾ ਮੁੱਢਲਾ ਅਤੇ ਜ਼ਰੂਰੀ ਕਦਮ ਹੈ। ਇਹ ਹਸਪਤਾਲ ਉਸਦੀ ਬਿਹਤਰੀਨ ਉਦਾਹਰਨ ਕਹੀ ਜਾ ਸਕਦੀ ਹੈ।

ਬਲਵਿੰਦਰ ਬਾਲਮ
ਓਂਕਾਰ ਨਗਰ ਗੁਰਦਾਸਪੁਰ
ਮੋ. 98156-25409
ਪੰਜਾਬ ਮੇਲ USA



# ਖੁਸ਼ੀ ਦੀ ਆਮਦ ਦਾ ਪਵਿੱਤਰ ਤਿਉਹਾਰ ਹੈ ਦੀਵਾਲੀ

**ਭਾਰਤ ਦੇ ਪ੍ਰਮੁੱਖ ਤਿਉਹਾਰਾਂ 'ਚੋਂ ਆਉਂਦਾ ਹੈ ਖ਼ੁਸ਼ੀ ਦੀ ਆਮਦ ਦਾ ਪਵਿੱਤਰ ਤਿਉਹਾਰ ਦੀਵਾਲੀ। ਇਹ ਤਿਉਹਾਰ ਕੱਤਰ ਮਹੀਨੇ ਦੀ ਮੱਸਿਆ ਨੂੰ ਮਨਾਇਆ ਜਾਂਦਾ ਹੈ। ਦੀਵਾਲੀ ਦੇ ਦਿਨਾਂ ਨੂੰ ਮੌਸਮ ਦਾ ਵੱਡਾ ਪਰਿਵਰਤਨ ਹੁੰਦਾ ਹੈ। ਫ਼ਸਲਾਂ ਪੱਕ ਕੇ ਤਿਆਰ ਹੋ ਜਾਂਦੀਆਂ ਹਨ। ਹਰਿਆਵਲ ਅਪਣੀ ਸੁੰਦਰਤਾ ਨੂੰ ਧਰਤੀ ਉਪਰ ਬਿਖੇਰਦੀ ਹੈ। ਨਿੱਕੀ-ਨਿੱਕੀ ਠੰਡੇ ਦੀ ਆਮਦ ਇਕ ਸੁਖਦ ਮਾਹੌਲ ਪੈਦਾ ਕਰਦੀ ਹੈ। ਸਰਦੀ ਦੀ ਰੁੱਤ ਅਪਣਾ ਬਿਗਲ ਵਜਾ ਦਿੰਦੀ ਹੈ। ਕੀਟ-ਪਤੰਗੇ ਅਤੇ ਤੱਤੇ ਮੌਸਮ ਦੀ ਸਮਾਪਤੀ ਹੋ ਜਾਂਦੀ ਹੈ।**



ਸੰਸਾਰ ਵਿਚ ਅਨੇਕਾਂ ਹੀ ਤਿਉਹਾਰ ਮਨਾਏ ਜਾਂਦੇ ਹਨ। ਇਹ ਦਿਨ ਤਿਉਹਾਰ ਨਾ ਹੋਵਣ ਤਾਂ ਮਨੁੱਖ ਦੀ ਜ਼ਿੰਦਗੀ ਨੀਰਸ-ਉਦਾਸ ਭਰੀ ਹੋ ਜਾਏ। ਇਨ੍ਹਾਂ ਤਿਉਹਾਰ ਨਾਲ ਮਨੁੱਖ ਆਪਣੀਆਂ ਖ਼ੁਸ਼ੀਆਂ, ਪ੍ਰਾਪਤੀਆਂ ਸਾਂਝੀਆਂ ਕਰਦਾ ਹੋਇਆ ਅਪਣੀ ਮੰਜ਼ਿਲ ਵਲ ਵਧਦਾ ਹੈ। ਦੁਨੀਆਂ ਦੇ ਹਰ ਜਾਤ-ਮਜ਼ਹਬ, ਕੌਮ ਅਤੇ ਧਰਮ ਵਿਚ ਵੱਖ-ਵੱਖ ਤਿਉਹਾਰ ਰੀਝਾਂ-ਸਧਰਾਂ ਚਾਵਾਂ ਨਾਲ ਮਨਾਏ ਜਾਂਦੇ ਹਨ। ਤਿਉਹਾਰ ਮਨਾਉਣ ਪਿੱਛੇ ਧਾਰਮਿਕ, ਰਾਜਨੀਤਿਕ, ਇਤਿਹਾਸਕ, ਸਮਾਜਿਕ, ਆਰਥਿਕ, ਖ਼ੂਬਸੂਰਤ ਆਦਾਨ-ਪ੍ਰਦਾਨ, ਮੌਸਮਾਂ, ਰੁੱਤਾਂ ਅਤੇ ਪਿਛੋਕੜ ਵਿਚਲੇ ਸੱਭਿਆਚਾਰ ਦਾ ਗਹਿਰਾ ਸੰਬੰਧ ਹੁੰਦਾ ਹੈ।

ਭਾਰਤ ਦੇ ਪ੍ਰਮੁੱਖ ਤਿਉਹਾਰਾਂ 'ਚੋਂ ਆਉਂਦਾ ਹੈ ਖ਼ੁਸ਼ੀ ਦੀ ਆਮਦ ਦਾ ਪਵਿੱਤਰ ਤਿਉਹਾਰ ਦੀਵਾਲੀ। ਇਹ ਤਿਉਹਾਰ ਕੱਤਰ ਮਹੀਨੇ ਦੀ ਮੱਸਿਆ ਨੂੰ ਮਨਾਇਆ ਜਾਂਦਾ ਹੈ। ਦੀਵਾਲੀ ਦੇ ਦਿਨਾਂ ਨੂੰ ਮੌਸਮ ਦਾ ਵੱਡਾ ਪਰਿਵਰਤਨ ਹੁੰਦਾ ਹੈ। ਫ਼ਸਲਾਂ ਪੱਕ ਕੇ ਤਿਆਰ ਹੋ ਜਾਂਦੀਆਂ ਹਨ। ਹਰਿਆਵਲ ਅਪਣੀ ਸੁੰਦਰਤਾ ਨੂੰ ਧਰਤੀ ਉਪਰ ਬਿਖੇਰਦੀ ਹੈ। ਨਿੱਕੀ-ਨਿੱਕੀ ਠੰਡੇ ਦੀ ਆਮਦ ਇਕ ਸੁਖਦ ਮਾਹੌਲ ਪੈਦਾ ਕਰਦੀ ਹੈ। ਸਰਦੀ ਦੀ ਰੁੱਤ ਅਪਣਾ ਬਿਗਲ ਵਜਾ ਦਿੰਦੀ ਹੈ। ਕੀਟ-ਪਤੰਗੇ ਅਤੇ ਤੱਤੇ ਮੌਸਮ ਦੀ ਸਮਾਪਤੀ ਹੋ ਜਾਂਦੀ ਹੈ। ਫਬੀਲੇ ਮੌਸਮ ਦਾ ਸੰਗਲਾਚਰਣ ਆਨੰਦਮਈ ਕਿਰਿਆਵਾਂ ਦੇ ਦਰਵਾਜ਼ੇ ਖੋਲ੍ਹ ਦਿੰਦਾ ਹੈ।

ਇਤਿਹਾਸਕ ਅਤੇ ਧਰਮ ਮਰਿਆਦਾ ਪੱਖੋਂ ਅਨੇਕਾਂ ਕਾਰਣਾ ਕਰਕੇ ਦੀਵਾਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਤਰੱਕੀ, ਸ਼ਹਿਰਾਂ ਦਾ ਵਸਾਉਣਾ, ਸੰਗਤਾਂ ਦਾ ਜੁੜਣਾ, ਮੀਰੀ-ਪੀਰੀ ਦਾ ਸਿਧਾਂਤ ਅਪਣਾਉਣਾ ਅਤੇ ਸਭ ਧਰਮਾਂ ਵਿਚ ਸਨਮਾਨ ਵਧਦਾ ਵੇਖ ਕੇ ਜਹਾਂਗੀਰ ਅੰਦਰੋਂ-ਅੰਦਰੀਂ ਡਰ ਗਿਆ। ਮੁਰਤਜਾ ਖ਼ਾਨ ਉਦੋਂ ਲਾਹੌਰ ਦਾ ਗਵਰਨਰ ਸੀ। ਉਸ ਨੇ ਜਹਾਂਗੀਰ ਅੱਗੇ ਮਨਘੜਤ ਅਤੇ ਝੂਠੀਆਂ ਗੱਲਾਂ ਦਸ ਕੇ ਗੁਰੂ ਸਾਹਿਬ ਦੀ ਗ੍ਰਿਫਤਾਰੀ ਦੇ ਹੁਕਮ ਕਰਵਾ ਦਿੱਤੇ। ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਗਿਆ। ਜਦ ਗੁਰੂ ਜੀ ਕਿਲ੍ਹੇ ਵਿਚ ਪਹੁੰਚੇ, ਤਾਂ ਉਥੇ 52 ਰਾਜੇ ਵੀ ਕੈਦ ਸਨ। ਗੁਰੂ ਜੀ ਕਿਲ੍ਹੇ ਵਿਚ ਹੀ ਦੀਵਾਨ ਸਜਾਉਣ ਲੱਗੇ। ਸਾਂਈ ਮੀਆਂ ਮੀਰ ਨੇ ਵੀ ਜਹਾਂਗੀਰ ਦੇ ਗਲਤ ਫੈਸਲੇ ਦੀ ਨਿੰਦਾ ਕੀਤੀ। ਗੁਰੂ ਸਾਹਿਬ ਜਦ ਇਹ ਕਿਲ੍ਹਾ ਛੱਡਣ ਲੱਗੇ, ਤਾਂ ਉਨ੍ਹਾਂ ਨੇ 52 ਰਾਜਿਆਂ ਨੂੰ ਵੀ ਨਾਲ ਹੀ ਰਿਹਾਅ ਕਰਵਾਇਆ। ਇਸੇ ਕਰਕੇ ਹੀ ਸ੍ਰੀ ਹਰਗੋਬਿੰਦ ਸਾਹਿਬ ਜੀ ਨੂੰ ਬੰਦੀ ਛੋੜ ਪਾਤਿਸ਼ਾਹ ਆਖਿਆ ਜਾਂਦਾ ਹੈ। ਜਦੋਂ ਗੁਰੂ ਸਾਹਿਬ ਅਮ੍ਰਿਤਸਰ ਦੀ ਪਵਿੱਤਰ ਧਰਤੀ ਉਤੇ ਪਹੁੰਚੇ, ਤਾਂ ਸੰਗਤਾਂ ਨੇ ਉਨ੍ਹਾਂ ਦੀ ਮੰਗਲਮਈ ਅਭਿਨੰਦਨ ਵਿਚ ਦੀਵੇ ਬਾਲ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੀਵਾਲੀ ਦਾ ਤਿਉਹਾਰ ਬੜੀ ਸ਼ਰਧਾਪੂਰਵਕ ਅਤੇ ਧੂਮਧਾਮ ਨਾਲ ਮਨਾਇਆ। ਦੀਪ ਮਾਲਾ ਕੀਤੀ ਗਈ, ਤਰ੍ਹਾਂ-ਤਰ੍ਹਾਂ ਦੇ ਮਿਸ਼ਠਾਣ ਵੰਡੇ ਗਏ, ਆਤਿਸ਼ਬਾਜ਼ੀ ਅਸਮਾਨ ਵਿਚ ਰੰਗ ਬਿਖੇਰਨ ਲੱਗੀ, ਰੌਸ਼ਨੀ ਦੀ ਜਗ-ਮਗ, ਜਗ-ਮਗ ਆਮਦ ਕਰਕੇ ਹਰ ਸ਼ੈਅ ਦੀ ਦੀਵਾਲੀ ਵਿਚ ਰੰਗੀ ਗਈ, ਜੋ ਜਿੱਤ ਅਤੇ ਖ਼ੁਸ਼ੀ ਦਾ ਤਿਉਹਾਰ ਬਣਿਆ ਹੈ। ਦੀਵਾਲੀ ਦੀ ਇਹ ਇਤਿਹਾਸਕ ਪ੍ਰੰਪਰਾ ਉਦੋਂ ਤੋਂ ਲੈ ਕੇ ਹੁਣ ਤੱਕ ਚਲਦੀ ਆ ਰਹੀ ਹੈ ਅਤੇ ਰਹਿੰਦੀ ਦੁਨੀਆਂ ਤੱਕ ਚਲਦੀ ਰਵੇਗੀ। ਇਤਿਹਾਸ ਵਿਚ ਇਹ ਦਿਨ ਧਰੂ ਤਾਰੇ ਦੀ ਤਰ੍ਹਾਂ ਚਮਕਦਾ ਰਹਿਣਾ ਹੈ। ਇਸੇ ਕਰਕੇ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਦੀ ਦੀਵਾਲੀ ਦੁਨੀਆਂ ਭਰ 'ਚ ਪ੍ਰਸਿੱਧ ਹੈ। ਦੇਸ਼-ਵਿਦੇਸ਼ ਤੋਂ ਸ਼ਰਧਾਲੂ ਸੱਚਖੰਡ ਸ੍ਰੀ ਹਰਿਮੰਦਿਰ ਸਾਹਿਬ ਵਿਖੇ ਆਉਂਦੇ ਹਨ। ਸਭ ਧਰਮਾਂ ਦੇ ਲੋਕ ਮਿਲਕੇ ਇਹ ਤਿਉਹਾਰ ਮਨਾਉਂਦੇ ਹਨ। ਦੀਵਾਲੀ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੀਵੇ-ਮੋਮਬਤੀਆਂ, ਦੀਵਿਆਂ ਵਾਂਗ ਜਗਦੇ ਲੋਕਾਂ ਦਾ ਭਾਰੀ ਇਕੱਠ, ਸੋਨ-ਸੁਨਹਿਰੀ ਸ੍ਰੀ ਹਰਿਮੰਦਿਰ ਸਾਹਿਬ 'ਤੇ ਕੀਤੀ ਦੀਪਮਾਲਾ ਇਕ ਅਧਿਆਤਮਿਕ ਦਿਲਕਸ਼, ਰੂਹਾਨੀ, ਅਲੌਕਿਕ ਅਤੇ ਸਕੂਨ ਭਰਿਆ ਮਾਹੌਲ ਪੈਦਾ ਕਰਦੀ ਹੈ। ਸ੍ਰੀ ਹਰਿਮੰਦਿਰ ਸਾਹਿਬ ਵਿਖੇ ਰੂਹਾਨੀ ਕੀਰਤਨ ਸੰਗਤਾਂ ਨੂੰ ਕਿਸੇ ਜੰਨਤ ਨਾਲ ਜੋੜ ਦਿੰਦਾ ਹੈ। ਸ਼ਾਂਤੀ ਸਕੂਨ ਵਿਚ ਸਾਰਾ ਮਾਹੌਲ ਅਧਿਆਤਮਕ ਅਤੇ ਗੁਰੂਆਂ ਦੀ ਬਾਣੀ ਨਾਲ ਓਤ-ਪ੍ਰੋਤ ਹੋ ਜਾਂਦਾ ਹੈ। ਤਾਰਿਆਂ ਦੇ ਸਮੂਹ ਵਾਂਗ ਸੰਗਤਾਂ ਦਾ ਇਕੱਠ ਇਤਿਹਾਸ ਨੂੰ ਉਜਾਗਰ ਕਰ ਦਿੰਦਾ ਹੈ। ਇਸੇ ਦਿਨ ਹੀ ਜਦੋਂ ਸ਼੍ਰੀ ਰਾਮ ਚੰਦਰ ਜੀ ਲੰਕਾ ਤੋਂ ਵਾਪਸ ਆਏ, ਤਾਂ ਇਸੇ ਮੱਸਿਆ ਨੂੰ ਉਨ੍ਹਾਂ ਦਾ ਰਾਜਤਿਲਕ ਕੀਤਾ ਗਿਆ ਸੀ। ਇਸੇ ਦਿਨ ਹੀ ਭਗਵਾਨ ਨੇ ਰਾਜਾ ਬਲੀ ਨੂੰ ਪਾਤਾਲ ਲੋਕ ਦਾ ਇੰਦਰ ਬਣਾਇਆ ਸੀ। ਤਦ ਇੰਦਰ ਨੇ ਬੜੀ ਪ੍ਰਸੰਨਤਾਪੂਰਵਕ ਦੀਵਾਲੀ ਮਨਾਈ ਕਿ ਮੇਰਾ ਸਵਰਗ ਦਾ ਸਿੰਘਾਸ਼ਨ ਬਚ ਗਿਆ। ਇਸੇ ਦਿਨ ਹੀ ਸਮੁੰਦਰ ਮੰਥਨ ਦੇ ਸਮੇਂ ਕਸ਼ੀਰ ਸਾਗਰ 'ਚੋਂ ਲਕਸ਼ਮੀ ਪ੍ਰਗਟ ਹੋਈ ਸੀ ਅਤੇ ਭਗਵਾਨ ਨੂੰ ਆਪਣਾ ਪਤੀ ਸਵੀਕਾਰ ਕੀਤਾ।

ਇਸ ਦਿਨ ਹੀ ਰਾਜਾ ਵਿਕਰਮ ਦਿਤਿਆ ਨੇ ਆਪਣੇ ਸਵਤ ਦੀ ਰਚਨਾ ਕੀਤੀ ਸੀ। ਉੱਚ ਕੋਟੀ ਦੇ ਵਿਦਵਾਨਾਂ ਨੂੰ ਬੁਲਾ ਕੇ ਮੂਹਰਤ ਕੱਢਿਆ ਸੀ ਕਿ ਨਵਾਂ ਸਵਤ ਚੇਤਰ ਸੁਦੀ ਚਲਾਇਆ ਜਾਏ।

ਇਸੇ ਦਿਨ ਹੀ ਆਰਿਆ ਸਮਾਜ ਦੇ ਸੰਸਥਾਪਕ ਮਹਾਂਰਿਸ਼ੀ ਦਿਆ ਨੰਦ ਦਾ ਨਿਰਵਾਣ ਹੋਇਆ ਸੀ।

ਇਸੇ ਦਿਨ ਭਗਵਤੀ ਮਹਾਂ ਲਕਸ਼ਮੀ ਦਾ ਤਿਉਹਾਰ ਵੀ ਮਨਾਇਆ ਜਾਂਦਾ ਹੈ। ਇਸ ਦਿਨ ਲਕਸ਼ਮੀ ਪੂਜਣ, ਗਣੇਸ਼ ਪੂਜਨ, ਵਿਸ਼ਣੂ ਭਗਵਾਨ, ਇੰਦਰਦੇਵ, ਸਰਸਵਤੀ ਆਦਿ ਦੇਵੀ-ਦੇਵਤਿਆਂ ਦੀ ਵੀ ਪੂਜਾ ਕੀਤੀ ਜਾਂਦੀ ਹੈ। ਮੰਦਿਰਾਂ ਵਿਚ, ਧਾਰਮਿਕ ਸਥਾਨਾਂ ਵਿਚ ਦੀਪਮਾਲਾ ਅਤੇ ਪੂਜਣ ਹੁੰਦੇ ਹਨ। ਇਸ ਦਿਨ ਪੂਜਾ ਦਾ ਬਹੁਤ ਮਹੱਤਵ ਮੰਨਿਆ ਜਾਂਦਾ ਹੈ। ਦੋ ਥਾਲਾਂ ਵਿਚ ਦੀਪਕ ਰੱਖੇ ਜਾਂਦੇ ਹਨ ਤੇ ਚਹੁੰ ਮੁਖੀ ਦੀਵੇ ਥਾਲਾਂ ਵਿਚ ਸਜਾਏ ਜਾਂਦੇ ਹਨ। ਲਗਭਗ ਛੱਬੀ ਛੋਟੇ ਦੀਵੇ ਤੇਲ ਬੱਤੀ ਜਲਾ ਕੇ ਰੱਖੇ ਜਾਂਦੇ ਹਨ, ਫਿਰ ਜਲ, ਰੌਲੀ, ਖੀਲ, ਪਤਾਸੇ, ਚੌਲ, ਫੁੱਲ, ਫੱਲ, ਗੁੜ, ਅਬੀਰ, ਗੁਲਾਲ, ਧੂਫ ਆਦਿ ਨਾਲ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਸ਼ੁੱਭ ਜਾਂਦੀ ਹੈ। ਫਿਰ ਟਿੱਕਾ ਲਗਾ ਕੇ ਵਿਉਪਾਰ ਜਾਂ ਘਰ ਵਿਚ ਗਣੇਸ਼ ਅਤੇ ਲਕਸ਼ਮੀ ਦੀ ਪ੍ਰਤਿਮਾ ਰੱਖ ਕੇ ਪੂਜਾ ਕੀਤੀ ਜਾਂਦੀ ਹੈ। ਸਾਰਾ ਪਰਿਵਾਰ ਪੂਜਾ ਵਿਚ ਸ਼ਾਮਲ ਹੁੰਦਾ ਹੈ। ਇਹ ਪੂਜਾ ਮੰਦਿਰਾਂ ਵਿਚ ਵੀ ਹੁੰਦੀ ਹੈ। ਇਸ ਪੂਜਾ ਵਿਧੀ ਨਾਲ ਸਭ ਤਰ੍ਹਾਂ ਦਾ ਦਰਿੱਦਰ ਦੂਰ ਹੁੰਦਾ ਹੈ। ਸ਼ਾਂਤੀ ਅਤੇ ਸ਼ਕਤੀ ਉਤਪਨ ਹੁੰਦੀ ਹੈ। ਇਕ ਨਵ ਪ੍ਰੀਵਰਤਨ ਨਾਲ ਜ਼ਿੰਦਗੀ ਸੌਖਾਲੀ ਹੁੰਦੀ ਹੈ।

ਇਸ ਦਿਨ ਧਾਰਮਿਕ ਸਥਾਨਾਂ ਦੀ ਦੀਪਮਾਲਾ, ਧਾਰਮਿਕ ਸਥਾਨਾਂ ਦੇ ਅੰਦਰ ਦੇਸੀ ਘਿਉ ਦੇ ਬਲਦੇ ਲਟ-ਲਟ ਦੀਵੇ, ਸਾਜ-ਸੱਚਾ, ਤਰ੍ਹਾਂ-ਤਰ੍ਹਾਂ ਦੀ ਖ਼ੁਸ਼ਬੂ, ਸ਼ਰਧਾਲੂ ਦੀ ਅਥਾਹ ਭੀੜ, ਕੀਰਤਨ ਅਤੇ ਬਾਣੀਆਂ ਦਾ ਜਾਪ, ਨਗਰ ਕੀਰਤਨ, ਅਤੇ ਧਾਰਮਿਕ ਹਿੰਦੂ ਰਹੁ-ਰੀਤੀ ਮੁਤਾਬਿਕ ਭਗਵਾਨ ਮੂਰਤੀਆਂ ਦੀ ਸਾਜ ਸਜਾ ਵਿਚ ਝਾਕੀਆਂ ਦੇ ਸੁੰਦਰ ਦ੍ਰਿਸ਼, ਕਲਾ ਵਾਚਕਾਂ ਦੇ ਇਲਾਹੀ ਪ੍ਰਵਚਨ, ਬਾਜ਼ਾਰ 'ਚ ਸੱਜੀਆਂ ਮਿਠਾਈਆਂ ਦੀਆਂ ਦੁਕਾਨਾਂ, ਸਾਰਾ ਮਾਹੌਲ ਆਪਣੇ ਆਪ ਵਿਚ ਦੀਵਾਲੀਮਈ ਹੋ ਜਾਂਦਾ ਹੈ। ਬਾਜ਼ਾਰਾਂ ਵਿਚ ਗੁਰੂਆਂ, ਪੀਰ੍ਹਾਂ, ਪੈਗੰਬਰਾਂ, ਭਗਵਾਨਾਂ, ਰਿਸ਼ੀਆਂ ਮੁਨੀਆਂ ਦੀਆਂ ਤਸਵੀਰਾਂ, ਸਟੈਚੂ ਆਦਿ ਧੜਾਧੜ ਵਿਕਦੇ ਹਨ। ਸ਼ਾਮ ਨੂੰ ਘਰ-ਘਰ ਵਿਚ ਪਟਾਕਿਆਂ, ਫੁਲਝੜੀਆਂ, ਆਤਿਸ਼ਬਾਜ਼ੀਆਂ ਦੀ ਗੂੰਜ ਦੀਵਾਲੀ ਦੇ ਇਤਿਹਾਸ ਨੂੰ ਚਾਰ ਚੰਨ੍ਹ ਲਗਾ ਦਿੰਦੀ ਹੈ। ਘਰ ਵਿਚ ਦੂਰੋਂ-ਦੂਰੋਂ ਗਏ ਵੀਰ-ਭੈਣ, ਜਵਾਈ-ਭਾਈ ਸਭ ਇਸ ਦਿਨ ਖ਼ੁਸ਼ੀ-ਖ਼ੁਸ਼ੀ ਇਕੱਠੇ ਹੁੰਦੇ ਹਨ। ਧੀਆਂ-ਨੂੰਹਾਂ ਸੱਜ-ਧੱਜ ਕੇ ਦੀਵਾਲੀ ਦਾ ਸ਼ਿੰਗਾਰ ਬਣਦੀਆਂ ਹਨ। ਧੀਆਂ-ਨੂੰਹਾਂ ਹੀ ਇਸ ਪਵਿੱਤਰ ਤਿਉਹਾਰ ਦੀ ਆਮਦ ਦਾ ਵਿਮੋਚਨ ਕਰਦੀਆਂ ਹਨ, ਜਿਸ ਨਾਲ ਦੀਵਾਲੀ ਦਾ ਪਵਿੱਤਰ ਤਿਉਹਾਰ ਸਾਰਥਿਕ ਅਤੇ ਆਨੰਦਮਈ ਹੋ ਨਿਬੜਦਾ ਹੈ।

ਡਾ. ਪ੍ਰਿਤਪਾਲ ਸਿੰਘ
ਮਹਿਰੋਕ
ਹੁਸ਼ਿਆਰਪੁਰ
ਸੰਪਰਕ : 98885-10185
ਪੰਜਾਬ ਮੇਲ USA



# ਦੀਵਾਲੀ ਦਾ ਬਹੁਪੱਖੀ ਮਹੱਤਵ



ਦੀਵਾਲੀ ਨੂੰ ਖੁਸ਼ੀਆਂ ਤੇ ਰੌਸ਼ਨੀਆਂ ਦੇ ਤਿਉਹਾਰ ਵਜੋਂ ਜਾਣਿਆਂ ਜਾਂਦਾ ਹੈ। ਇਹ ਭਾਰਤ ਦੇ ਪ੍ਰਮੁੱਖ ਤਿਉਹਾਰਾਂ ਵਿਚੋਂ ਇਕ ਹੈ ਜਿਸਨੂੰ ਪੂਰੇ ਦੇਸ਼ ਵਿਚ ਬਹੁਤ ਸ਼ਰਧਾ ਭਾਵਨਾ, ਸਤਿਕਾਰ, ਉਤਸ਼ਾਹ ਅਤੇ ਚਾਅ ਨਾਲ ਮਨਾਇਆ ਜਾਂਦਾ ਹੈ। ਮਨੁੱਖ ਦੇ ਸੰਘਰਸ਼, ਉਸਦੇ ਰਸਤਿਆਂ 'ਚ ਆਉਂਦੀਆਂ ਰਹੀਆਂ ਰੁਕਾਵਟਾਂ, ਉਸਦੀ ਲੰਮੀ ਜੱਦੋ-ਜਹਿਦ ਦੀ ਇਬਾਰਤ ਤੇ ਉਸਦੇ ਹਾਰਨ-ਜਿੱਤਣ ਦੀਆਂ ਗਾਥਾਵਾਂ ਉਸਦੇ ਸਿਰੜ ਜਿੰਨੀਆਂ ਹੀ ਪੁਰਾਣੀਆਂ ਹਨ। ਮਨੁੱਖ ਜਦੋਂ ਵੀ ਆਪਣੇ ਸੰਘਰਸ਼ ਦੀ ਯਾਤਰਾ ਵਿਚੋਂ ਜੇਤੂ ਬਣ ਕੇ ਨਿਕਲਦਾ ਹੈ, ਤਾਂ ਆਪਣੀ ਜਿੱਤ ਦੇ ਅਵਸਰ 'ਤੇ ਉਹ ਖੁਸ਼ੀ ਦਾ ਪ੍ਰਗਟਾਵਾ ਕਰਦਾ ਹੈ ਤੇ ਰੱਜ ਕੇ ਜਸ਼ਨ ਮਨਾਉਂਦਾ ਹੈ। ਜਦੋਂ ਉਹ ਖੁਸ਼ੀ ਨੂੰ ਦੂਜਿਆਂ ਨਾਲ ਸਾਂਝਿਆਂ ਕਰਦਾ ਹੈ, ਤਾਂ ਉਸਦੀ ਖੁਸ਼ੀ ਦੂਣ-ਸਵਾਈ ਹੋ ਜਾਂਦੀ ਹੈ। ਦੀਵਾਲੀ ਦਾ ਤਿਉਹਾਰ ਆਉਂਦਾ ਹੈ, ਤਾਂ ਲੋਕ ਇਸ ਅਵਸਰ ਦੀਆਂ ਅਥਾਹ ਖੁਸ਼ੀਆਂ ਨੂੰ ਦੂਜਿਆਂ ਨਾਲ ਵੰਡਾਉਂਦੇ ਹਨ। ਰਲ-ਮਿਲ ਕੇ ਕਿਸੇ ਨਾ ਕਿਸੇ ਰੂਪ ਵਿਚ ਖੁਸ਼ੀਆਂ ਮਨਾਉਣ ਵਾਲਾ ਅਜਿਹਾ ਕੋਈ ਨਾ ਕੋਈ ਤਿਉਹਾਰ ਲਗਭਗ ਹਰੇਕ ਸਮਾਜ ਵਿਚ ਮਨਾਇਆ ਜਾਂਦਾ ਹੈ। ਮਨੁੱਖ ਆਪਣੀ ਸੰਪੰਨਤਾ ਦੇ ਜਸ਼ਨ ਮਨਾਉਂਦਾ ਹੈ, ਤਾਂ ਉਹ ਖੁਸ਼ੀ ਵਿਚ ਫੁਲਿਆ ਨਹੀਂ ਸਮਾਉਂਦਾ।

ਦੀਵਾਲੀ ਦਾ ਤਿਉਹਾਰ ਮਨੁੱਖ ਲਈ ਕਈ ਤਰ੍ਹਾਂ ਦੇ ਸੁਨੇਹੇ ਲੈ ਕੇ ਆਉਂਦਾ ਹੈ। ਲੋਕ ਆਪਣੇ ਘਰਾਂ, ਦਫਤਰਾਂ, ਕਾਰੋਬਾਰੀ ਅਦਾਰਿਆਂ, ਸਾਂਝੇ ਅਸਥਾਨਾਂ, ਵਸਤੂਆਂ, ਵਸਤਰਾਂ ਤੇ ਹੋਰ ਵੀ ਬਹੁਤ ਕੁਝ ਦੀ ਸਫਾਈ ਕਰਦੇ ਹਨ। ਸਾਫ-ਸੁਥਰਾ ਘਰ, ਦਫਤਰ, ਵਸਤਰ ਆਦਿ ਸਭ ਨੂੰ ਚੰਗੇ ਲੱਗਦੇ ਹਨ। ਇਸ ਮੌਕੇ 'ਤੇ ਮਨੁੱਖ ਨੂੰ ਉਜਵਲ ਵਿਚਾਰ ਧਾਰਨ ਕਰਨ ਤੇ ਉਨ੍ਹਾਂ ਨੂੰ ਅਮਲ ਵਿਚ ਲਿਆਉਣ ਦਾ ਸੰਕਲਪ ਵੀ ਕਰਨਾ ਚਾਹੀਦਾ ਹੈ। ਉਸ ਕੋਲ ਉਜਾਲਾ ਕਰਨ ਦੇ ਵਿਭਿੰਨ ਸਾਧਨ ਪ੍ਰਾਪਤ ਹਨ, ਜੋ ਹਰ ਕਿਸੇ ਨੂੰ ਚੰਗੇ ਲੱਗਦੇ ਹਨ। ਭਾਂਤ-ਸੁਭਾਂਤੀ ਮਹਿੰਗੀ ਤੋਂ ਮਹਿੰਗੀ ਆਤਿਸ਼ਬਾਜ਼ੀ ਹੈ, ਖਾਣ-ਪੀਣ ਦੇ ਬੇਅੰਤ ਪਦਾਰਥ ਹਨ, ਰੰਗ ਤਮਾਸ਼ਿਆਂ ਤੇ ਖੁਸ਼ੀਆਂ ਮਨਾਉਣ ਦੇ ਅਨੇਕ ਸਾਧਨ ਹਨ। ਇਸੇ ਸੰਦਰਭ ਵਿਚ ਦੀਵਾਲੀ ਦੇ ਮਹੱਤਵ ਨੂੰ ਪਛਾਨਣ ਦੀ ਲੋੜ ਹੈ। ਦੀਵਾਲੀ ਦੀਆਂ ਬਹੁਰੰਗੀ ਰੌਸ਼ਨੀਆਂ ਦਾ ਮਤਲਬ ਇਹ ਲਿਆ ਜਾਣਾ ਚਾਹੀਦਾ ਹੈ ਕਿ ਮਨੁੱਖ ਹਨੇਰੇ ਤੋਂ ਪ੍ਰਕਾਸ਼ ਵੱਲ ਵਧਦਾ ਜਾਵੇ। ਹਨੇਰਾ ਵੀ ਤਾਂ ਜੀਵਨ ਦਾ ਇਕ ਹਿੱਸਾ ਹੈ... ਜਿਸਨੂੰ ਹਰ ਕੋਈ ਸਵੀਕਾਰ ਕਰਦਾ ਹੈ। ਮਨੁੱਖ ਦੀ ਇਕ ਵੱਡੀ ਪ੍ਰਾਪਤੀ ਇਹ ਹੈ ਕਿ ਹਨੇਰੇ ਨੂੰ ਦੂਰ ਕਰਨ ਦੀ ਕਲਾ ਵੀ ਮਨੁੱਖ ਕੋਲ ਹੈ। ਹਨੇਰੇ ਨੂੰ ਪਛੰਡਣ ਲਈ ਨਵੇਂ ਉਤਸ਼ਾਹ ਦੀ ਲੋੜ ਹੁੰਦੀ ਹੈ। ਨਵੇਂ ਦਿਸਹੱਦੇ ਢੂੰਢਦੇ ਰਹਿਣ ਦੀ ਇੱਛਾ ਸ਼ਕਤੀ ਰੱਖਣ ਵਾਲੇ ਸਮਾਜ ਨਵੀਂ ਨਵੇਲੀ ਰੌਸ਼ਨੀ ਦੀ ਤਲਾਸ਼ ਕਰ ਹੀ ਲੈਂਦੇ ਹਨ। ਅਜਿਹਾ ਕਰਕੇ ਉਹ ਆਪਣੀ ਹਰ ਦੀਵਾਲੀ ਰੌਸ਼ਨੀਆਂ ਨਾਲ ਭਰ ਸਕਦੇ ਹਨ। ਸਿਹਤਮੰਦ ਵਿਚਾਰ ਤਰੰਗਾਂ ਤੇ ਮਨੁੱਖ ਦੀ ਰੱਜਵੀਂ ਨੀਅਤ ਵਾਲੇ ਮਜ਼ਬੂਤ ਇਰਾਦੇ ਦੀਵਾਲੀ ਦਾ ਅਸਲ ਤੇ ਸਹੀ ਆਨੰਦ ਦੇ ਸਕਦੇ ਹਨ।

ਅਜੋਕੇ ਮਨੁੱਖ ਦੀਆਂ ਮਨੋ-ਗੁੰਥੀਆਂ ਦਾ ਜੰਜਾਲ ਉਸਨੂੰ ਰੌਸ਼ਨੀ ਤੋਂ ਦੂਰ ਲਿਜਾ ਰਿਹਾ ਹੈ। ਉਲਝਣਾਂ, ਤਣਾਓ, ਗੁੰਝਲਾਂ ਆਦਿ ਵਧ ਰਹੀਆਂ ਹਨ। ਕਦੇ ਅਜਿਹਾ ਸਮਾਂ ਵੀ ਆਉਂਦਾ ਹੈ ਕਿ ਛਿਨ-ਭੰਗਰ ਲਈ ਹਨੇਰੇ ਦੀ ਜਿੱਤ ਹੁੰਦੀ ਪ੍ਰਤੀਤ ਹੁੰਦੀ ਹੈ ਪਰੰਤੂ ਇਹ ਇਕ ਭੁਲਾਂਦਰਾ ਹੁੰਦਾ ਹੈ। ਰੌਸ਼ਨੀ ਕਰਨ, ਰੌਸ਼ਨੀ ਵਲ ਵਧਣ ਤੇ ਆਪਣੇ ਅੰਦਰ ਨੂੰ ਜਗਮਗਾਉਣ ਤੋਂ ਬਿਨਾਂ ਨਾ ਕਿਸੇ ਨੂੰ ਅਸਲ ਜਿੱਤ ਪ੍ਰਾਪਤ ਹੁੰਦੀ ਹੈ, ਨਾ ਹੁਲਾਸ, ਨਾ ਹੁਲਾਰਾ ਮਿਲਦਾ ਹੈ। ਦੀਵਾਲੀ ਦੇ ਇਸ ਸੰਦੇਸ਼ 'ਤੇ ਇਸ ਮਹੱਤਵ ਨੂੰ ਸਮਝਣ ਦੀ ਲੋੜ ਹੈ। ਦੀਵਾਲੀ ਦਾ ਉਤਸਵ ਮਹਾਨਤਾ ਅਤੇ ਪਵਿੱਤਰਤਾ ਦੇ ਜਿਨ੍ਹਾਂ ਆਦਰਸ਼ਾਂ ਨੂੰ ਮਿੱਥ ਕੇ ਪ੍ਰਾਰੰਭ ਹੋਇਆ ਹੋਵੇਗਾ, ਉਹ ਮਹੱਤਵ ਅਤੇ ਸੰਦੇਸ਼ ਅਸੀਂ ਭੁੱਲਦੇ ਜਾ ਰਹੇ ਹਾਂ। ਪੈਸੇ, ਵਸੀਲਿਆਂ ਤੇ ਆਧੁਨਿਕਤਾ ਦੀ ਅੰਨ੍ਹੀ ਦੌੜ ਵਿਚ ਅਸੀਂ ਦੀਵਾਲੀ ਦੇ ਵਾਸਤਵਿਕ ਮਹੱਤਵ ਨੂੰ ਵਿਸਾਰ ਕੇ ਫੋਕੇ ਵਿਖਾਵੇ, ਖੋਖਲੀ ਸ਼ਾਨੋ-ਸ਼ੌਕਤ, ਇਸ ਤਿਉਹਾਰ ਨੂੰ ਇਕ ਮੌਕੇ ਵਜੋਂ ਵਰਤਣ ਦੀ ਉਡੀਕ ਅਤੇ ਫ਼ਜ਼ੂਲ ਕਿਸਮ ਦੇ ਆਡੰਬਰਾਂ ਵਿਚ ਉਲਝਦੇ ਜਾ ਰਹੇ ਹਾਂ। ਅਜਿਹੇ ਆਡੰਬਰ ਤੇ ਵਿਖਾਵਾ ਇਸ ਤਿਉਹਾਰ ਨੂੰ ਬਹੁਤ ਮਹਿੰਗਾ ਤੇ ਖਰਚੀਲਾ ਬਣਾ ਦਿੰਦੇ ਹਨ। ਖਰੀਦ ਕੇ ਜਾਂ ਕਿਰਾਏ 'ਤੇ ਲਿਆਂਦੇ ਬਿਜਲੀ ਦੇ ਬਹੁ ਰੰਗੇ ਬਲਬਾਂ ਨਾਲ ਘਰ ਨੂੰ ਸਜਾਉਣਾ, ਬੱਚਿਆਂ ਲਈ ਨਵੇਂ ਕੱਪੜੇ ਖਰੀਦਣੇ, ਖਿਡਾਉਣੇ ਖਰੀਦਣੇ, ਵਿਤੋਂ ਬਾਹਰੀ ਅਣਲੋੜੀਂਦੀ ਆਤਿਸ਼ਬਾਜ਼ੀ ਖਰੀਦਣੀ, ਦੋਸਤਾਂ, ਰਿਸ਼ਤੇਦਾਰਾਂ, ਆਂਢ-ਗੁਆਂਢ ਨੂੰ ਰੱਖ ਰਖਾਓ ਲਈ ਮਹਿੰਗੇ ਤੋਹਫਿਆਂ ਦਾ ਦੇਣ-ਲੈਣ ਕਰਨਾ, ਘਰ ਨੂੰ ਅਣਲੋੜੀਂਦਾ ਰੰਗ-ਰੋਗਨ ਕਰਵਾਉਣਾ, ਬੱਚਿਆਂ ਦੀਆਂ ਮੰਗਾਂ ਦੀ ਲੰਮੀ ਸੂਚੀ ਨੂੰ ਪੂਰਿਆਂ ਕਰਨ ਲਈ ਪੂਰਾ ਤਾਣ ਲਾ ਦੇਣਾ ਆਦਿ ਦੀਵਾਲੀ ਦੇ ਅਵਸਰ 'ਤੇ ਅਜਿਹਾ ਕੁਝ ਕਰਨਾ ਜ਼ਰੂਰੀ ਸਮਝਿਆ ਜਾਣ ਲੱਗ ਪਿਆ ਹੈ। ਗਲਤ ਕਿਸਮ ਦੀ ਧਾਰਨਾ ਇਹ ਬਣ ਗਈ ਹੈ ਕਿ ਜੇ ਇਹ ਕੁਝ ਨਾ ਕੀਤਾ ਗਿਆ, ਤਾਂ ਲੋਕ ਕੀ ਕਹਿਣਗੇ? ਇਹ ਪ੍ਰਸ਼ਨ ਆਮ ਆਦਮੀ ਲਈ ਮੁਸ਼ਕਲਾਂ ਖੜ੍ਹੀਆਂ ਕਰਦਾ ਹੈ। ਅਸਲ ਵਿਚ ਅਣਕਿਆਸੀ ਮਹਿੰਗਾਈ ਦੇ ਇਸ ਸਮੇਂ ਵਿਚ ਸਾਧਾਰਨ ਆਦਮੀ ਲਈ ਦੀਵਾਲੀ ਮਨਾਉਣੀ ਮੁਸ਼ਕਲ ਵੀ ਹੋ ਗਈ ਹੈ ਤੇ ਪਹੁੰਚ ਤੋਂ ਬਾਹਰ ਵੀ। ਇਥੇ ਫਿਰ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਫੋਕਾ ਵਿਖਾਵਾ ਕਰਕੇ ਤੇ ਆਡੰਬਰ ਰਚ ਕੇ ਹੀ ਦੀਵਾਲੀ ਮਨਾਈ ਜਾ ਸਕਦੀ ਹੈ? ਕੀ ਇਸ ਸਭ ਕੁਝ ਤੋਂ ਬਗੈਰ ਦੀਵਾਲੀ ਦੀਆਂ ਖੁਸ਼ੀਆਂ ਨਹੀਂ ਮਨਾਈਆਂ ਜਾ ਸਕਦੀਆਂ? ਕੀ ਉਪਰੋਕਤ ਗੱਲਾਂ ਦੀ ਪੂਰਤੀ ਕਰਕੇ ਹੀ ਦੀਵਾਲੀ ਦੇ ਮਹੱਤਵ ਨੂੰ ਸਮਝਿਆ ਜਾ ਸਕਦਾ ਹੈ? ਦੀਵਾਲੀ ਦੇ ਮਹੱਤਵ ਨੂੰ ਸਮਝਣ ਲਈ ਇਹ ਪ੍ਰਸ਼ਨ ਬੜੇ ਮਹੱਤਵਪੂਰਨ ਹਨ, ਜਿਨ੍ਹਾਂ 'ਤੇ ਸੰਜੀਦਗੀ ਨਾਲ ਵਿਚਾਰ ਕਰਨੀ ਬਣਦੀ ਹੈ। ਚੀਜ਼ਾਂ ਦਾ ਖਿਲਾਰਾ ਪਾਉਣ, ਫ਼ਜ਼ੂਲਖਰਚੀ ਕਰਨ, ਖਾਹਮਖਾਹ ਅਣਲੋੜੀਂਦਾ ਵਿਖਾਵਾ ਕਰਨ, ਬੇਹਿਸਾਬੇ ਆਡੰਬਰ ਰਚਣ ਤੋਂ ਬਗੈਰ ਵੀ ਦੀਵਾਲੀ ਦੀਆਂ ਖੁਸ਼ੀਆਂ ਮਨਾਈਆਂ ਜਾ ਸਕਦੀਆਂ ਹਨ। ਆਤਿਸ਼ਬਾਜ਼ੀ ਨਾ ਚਲਾਈ ਜਾਵੇ ਜਾਂ ਘੱਟ ਤੋਂ ਘੱਟ ਪ੍ਰਤੀਕ ਮਾਤਰ ਚਲਾਈ ਜਾਵੇ, ਤਾਂ ਅਸੀਂ ਹਵਾ ਦੇ ਪ੍ਰਦੂਸ਼ਣ ਦੇ ਨਾਲ-ਨਾਲ ਸ਼ੋਰ ਪ੍ਰਦੂਸ਼ਣ ਨੂੰ ਘਟਾਉਣ ਵਿਚ ਆਪਣੀ ਭੂਮਿਕਾ ਨਿਭਾ ਰਹੇ ਹੋਵਾਂਗੇ। ਉਸ ਦਿਨ/ਰਾਤ ਵਾਤਾਵਰਣ ਵਿਚ ਜ਼ਹਿਰੀਲੀਆਂ ਗੈਸਾਂ ਰਲਣ ਦੀ ਮਾਤਰਾ ਨੂੰ ਕੁਝ ਹੱਦ ਤੱਕ ਘਟਾਇਆ ਜਾ ਸਕਦਾ ਹੈ। ਦੀਵਾਲੀ ਦੇ ਤਿਉਹਾਰ 'ਤੇ ਬਾਜ਼ਾਰਾਂ ਵਿਚ ਹਰੇਕ ਚੀਜ਼ ਦੀਆਂ ਕੀਮਤਾਂ ਵਧ ਜਾਂਦੀਆਂ ਹਨ। ਮੁੱਲ ਵੱਧ, ਵਸਤੂ ਘਟੀਆ। ਚੋਰ ਬਾਜ਼ਾਰੀ ਹੁੰਦੀ ਹੈ। ਕੀ ਲੋਕਾਂ ਵਲੋਂ ਖਰੀਦੀ ਜਾਣ ਵਾਲੀ ਚੀਜ਼ ਦੀ ਮੰਗ ਵਧ ਜਾਣ ਕਰਕੇ ਵੱਡੇ ਵਪਾਰੀਆਂ, ਕਾਰੋਬਾਰੀਆਂ ਤੇ ਛੋਟੇ ਦੁਕਾਨਦਾਰਾਂ ਵਲੋਂ ਮਹਿੰਗਾਈ ਵਧਾ ਦੇਣੀ ਸਰਾਸਰ ਲੁੱਟ ਅਤੇ ਮੌਕੇ ਦਾ ਅਣਉਚਿਤ ਲਾਭ ਉਠਾਉਣਾ ਨਹੀਂ? ਕੀ ਇਹੀ ਦੀਵਾਲੀ ਦਾ ਸੁਨੇਹਾ ਹੈ? ਤਿਉਹਾਰਾਂ ਦੇ ਦਿਨੀਂ ਥਾਂ-ਥਾਂ ਲੱਗੇ ਸੇਲ ਦੇ ਬੈਨਰ, ਫਲੈਕਸ, ਵੱਡੇ-ਵੱਡੇ ਹੋਰਡਿੰਗਜ਼ ਤੇ ਹੋਰ ਮਾਧਿਅਮਾਂ ਰਾਹੀਂ ਕੀਤੀ ਜਾਂਦੀ ਇਸ਼ਤਿਹਾਰਬਾਜ਼ੀ ਦੀਵਾਲੀ ਦੇ ਨਾਂ 'ਤੇ ਗਾਹਕਾਂ ਨਾਲ ਨਿਰਾ ਧੋਖਾ ਨਹੀਂ?

ਕੁਝ ਲੋਕ ਦੀਵਾਲੀ ਦੇ ਅਵਸਰ 'ਤੇ ਲਛਮੀ ਦੀ ਪੂਜਾ ਕਰਦੇ ਹਨ। ਇਹ ਵਿਸ਼ਵਾਸ ਪਾਇਆ ਜਾਂਦਾ ਹੈ ਕਿ ਲਛਮੀ ਦੀ ਪੂਜਾ ਨਾ ਕੀਤੇ ਜਾਣ ਦੀ ਸੂਰਤ ਵਿਚ ਉਹ ਨਾਰਾਜ਼ ਹੋ ਜਾਵੇਗੀ। ਗੱਲ ਵਿਸ਼ਵਾਸ ਦੀ ਹੈ। ਕਈ ਪ੍ਰਸ਼ਨ ਵੀ ਉੱਠਦੇ ਹਨ। ਅਜਿਹੇ ਵਿਚ ਦੌਲਤ ਦੇ ਖ਼ਜ਼ਾਨੇ ਕਿਵੇਂ ਭਰਨਗੇ? ਕੀ ਫਿਰ ਲਛਮੀ ਪੂਜਾ ਸਵਾਰਥ ਹਿਤ ਨਹੀਂ ਕੀਤੀ ਜਾ ਰਹੀ ਹੁੰਦੀ? ਜੇ ਸਵਾਲ ਖ਼ਜ਼ਾਨੇ ਭਰਪੂਰ ਕਰਨ ਤੇ ਪੈਸੇ ਨਾਲ ਮਾਲਾ-ਮਾਲ ਹੋਣ ਦਾ ਹੈ, ਤਾਂ ਸਪੱਸ਼ਟ ਹੈ ਕਿ ਇਸ ਪਿੱਛੇ ਵੀ ਮਨੁੱਖ ਦੀ ਖੁਦਗਰਜ਼ੀ ਕੰਮ ਕਰ ਰਹੀ ਹੁੰਦੀ ਹੈ। ਜੇ ਦੀਵਾਲੀ ਵਾਲੇ ਦਿਨ ਜਾਂ ਰਾਤ ਸਮੇਂ ਧੰਨ ਦੌਲਤ ਦੀ ਪੂਜਾ ਹੀ ਕਰਨੀ ਹੈ, ਲੋਕਾਂ ਦੀ ਲੁੱਟ ਕਰਨੀ ਹੈ, ਸ਼ਰਾਬ ਜਾਂ ਹੋਰ ਨਸ਼ੇ ਪੀਣੇ ਖਾਣੇ ਹਨ, ਜੂਆ ਖੇਡਣਾ ਹੈ, ਲੱਚਰ ਗੀਤ ਵੇਖਣੇ/ਸੁਣਨੇ ਹਨ, ਉਨ੍ਹਾਂ ਦੀਆਂ ਧੁਨੀਆਂ/ਬੋਲਾਂ 'ਤੇ ਬੇਹੂਦਾ ਕਿਸਮ ਦੇ ਨਾਚ ਨੱਚਣੇ ਹਨ, ਤਾਂ ਲੱਛਮੀ ਜਾਂ ਹੋਰ ਦੇਵੀ ਦੇਵਤਿਆਂ ਦੀ ਪੂਜਾ ਕਰਨ ਦਾ ਕੀ ਲਾਭ? ਕੀ ਇਸੇ ਲਈ ਹੀ ਅਸੀਂ ਹਰੇਕ ਸਾਲ ਦੀਵਾਲੀ ਦੀ ਬੇਸਬਰੀ ਨਾਲ ਉਡੀਕ ਕਰਦੇ ਹਾਂ?

ਸਾਡਾ ਧਾਰਮਿਕ ਵਿਰਸਾ ਬਹੁਤ ਮਹਾਨ ਹੈ। ਦੀਵਾਲੀ ਵਾਲੇ ਦਿਨ ਸਾਨੂੰ ਆਪਣੇ ਗੁਰੂਆਂ, ਭਗਤਾਂ, ਸੰਤਾਂ, ਪੈਗੰਬਰਾਂ ਦੀਆਂ ਵਡਮੁੱਲੀਆਂ ਤੇ ਮਹਾਨ ਸਿੱਖਿਆਵਾਂ ਨੂੰ ਅਮਲ ਵਿਚ ਲਿਆਉਣ ਦਾ ਸੰਕਲਪ ਕਰਨਾ ਚਾਹੀਦਾ ਹੈ। ਪਹਿਲਾਂ ਕੀਤੇ ਹੋਏ ਸੰਕਲਪ ਨੂੰ ਦ੍ਰਿੜ ਕੀਤਾ ਜਾਣਾ ਚਾਹੀਦਾ ਹੈ। ਸਬਰ, ਸੰਤੋਖ, ਧੀਰਜ ਤੇ ਸੰਜਮ ਵਿਚ ਰਹਿ ਕੇ ਤਿਉਹਾਰ ਮਨਾਉਣ ਤੇ ਜੀਵਨ ਬਤੀਤ ਕਰਨ ਦਾ ਆਨੰਦ ਉਠਾਉਣਾ ਚਾਹੀਦਾ ਹੈ।

ਕੋਰੋਨਾ ਦੀ ਵਿਸ਼ਵ ਵਿਆਪੀ ਮਹਾਂਮਾਰੀ ਦੀ ਕਰੋਪੀ ਦੇ ਸਮੇਂ ਦੌਰਾਨ ਮਨੁੱਖ ਦੀਆਂ ਵਿਅਕਤੀਗਤ, ਸਮਾਜਿਕ ਤੇ ਸਮੂਹਿਕ ਜ਼ਿੰਮੇਵਾਰੀਆਂ ਵਧ ਗਈਆਂ ਸਨ। ਪਿਛਲੇ ਸਾਲਾਂ ਦੌਰਾਨ ਕੁਝ ਮੌਕਿਆਂ 'ਤੇ ਕਿਸਾਨ ਸਰਕਾਰਾਂ ਵਿਰੁੱਧ ਰੋਸ ਪ੍ਰਗਟ ਕਰਨ ਲਈ ਸੜਕਾਂ 'ਤੇ ਬੈਠਦਾ ਰਿਹਾ ਹੈ। ਇਸ ਸਾਲ ਪਿਛਲੇ ਮਹੀਨਿਆਂ ਦੌਰਾਨ ਪੰਜਾਬ ਸਮੇਤ ਦੇਸ਼ ਦੇ ਕੁਝ ਰਾਜ ਹੜ੍ਹਾਂ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ ਤੇ ਅਣਕਿਆਸਿਆ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ। ਇਸ ਵਾਰ ਹੜ੍ਹਾਂ ਤੋਂ ਪੀੜਤ ਲੋਕਾਂ ਪ੍ਰਤੀ ਸੰਵੇਦਨਾ ਤੇ ਹਮਦਰਦੀ ਪ੍ਰਗਟ ਕਰਨ ਲਈ ਦੀਵਾਲੀ ਬਹੁਤ ਸੰਜਮ ਨਾਲ ਮਨਾਈ ਜਾਣੀ ਚਾਹੀਦੀ ਹੈ। ਦੀਵਾਲੀ ਦੇ ਅਵਸਰ 'ਤੇ ਹਾਦਸਿਆਂ ਤੋਂ ਅਤੇ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਅਣਗਹਿਲੀ ਵੀ ਨਹੀਂ ਵਰਤਣੀ ਚਾਹੀਦੀ। ਸਗੋਂ ਵਧੇਰੇ ਸਾਵਧਾਨੀ ਤੋਂ ਕੰਮ ਲੈਣਾ ਚਾਹੀਦਾ ਹੈ। ਅਜਿਹੀਆਂ ਸਥਿਤੀਆਂ ਵਿਚ ਸਵੈ ਜ਼ਾਬਤਾ ਬਣਾਈ ਰੱਖਣ ਦੀ ਵਧੇਰੇ ਲੋੜ ਹੈ।

ਇਕ ਹੋਰ ਪੱਖ ਇਹ ਕਿ ਰੁਜ਼ਗਾਰ ਦੇ ਮੌਕੇ ਘੱਟ ਰਹੇ ਹਨ। ਕਾਮਿਆਂ ਕੋਲੋਂ ਰੁਜ਼ਗਾਰ ਖੁਸ ਰਿਹਾ ਹੈ। ਬੇਰੁਜ਼ਗਾਰੀ ਤੇ ਮਹਿੰਗਾਈ ਵਧਦੀ ਜਾ ਰਹੀ ਹੈ। ਸਾਧਾਰਨ ਮਨੁੱਖ ਬੇਚੈਨ ਹੈ। ਕਿਸਾਨਾਂ, ਮਜ਼ਦੂਰਾਂ, ਘੱਟ ਤਨਖਾਹਾਂ 'ਤੇ ਕੰਮ ਕਰਦੇ ਤੇ ਕੱਚੇ ਮੁਲਾਜ਼ਮਾਂ ਦੇ ਭਵਿੱਖ ਦੀ ਅਨਿਸ਼ਚਿਤਤਾ, ਉਨ੍ਹਾਂ ਵਲੋਂ ਉਠਾਏ ਜਾ ਰਹੇ ਨੁਕਸਾਨ ਤੇ ਝੱਲੀਆਂ ਜਾ ਰਹੀਆਂ ਮੁਸੀਬਤਾਂ ਦਾ ਅਨੁਮਾਨ ਲਗਾਉਣਾ ਕਠਿਨ ਹੈ। ਇਸ ਸਮੇਂ 'ਤੇ ਇਨ੍ਹਾਂ ਹਾਲਤਾਂ ਵਿਚ ਤਿਉਹਾਰਾਂ ਦੇ ਮੌਕੇ 'ਤੇ ਬੇਹੱਦ ਸੰਜਮ ਵਰਤਣ ਦੀ ਲੋੜ ਹੈ। ਵਿਸ਼ੇਸ਼ ਕਰਕੇ ਦੀਵਾਲੀ ਦੇ ਤਿਉਹਾਰ 'ਤੇ ਮਨੁੱਖ ਨੂੰ ਸਵੈ ਅਤੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਣ ਦੀ ਲੋੜ ਹੋਵੇਗੀ। ਸਾਵਧਾਨੀਆਂ ਵਰਤ ਕੇ ਸੰਜਮਤਾ ਨਾਲ ਦੀਵਾਲੀ ਮਨਾਉਣ ਦੀ ਲੋੜ ਦੀ ਤੀਬਰਤਾ ਨੂੰ ਸਮਝਣਾ ਵੀ ਸਮੇਂ ਦੀ ਮੰਗ ਬਣ ਗਈ ਹੈ। ਇਨ੍ਹਾਂ ਕੁਝ ਗੱਲਾਂ 'ਤੇ ਗੌਰ ਕਰਕੇ ਅਸੀਂ ਦੀਵਾਲੀ ਦੇ ਮਹੱਤਵ ਨੂੰ ਬਿਹਤਰ ਸਮਝ ਸਕਦੇ ਹਾਂ ਤੇ ਦੀਵਾਲੀ ਨੂੰ ਯਾਦਗਾਰੀ ਤਿਉਹਾਰ ਬਣਾਉਣ ਵਿਚ ਆਪਣਾ ਬਣਦਾ ਹਿੱਸਾ ਪਾ ਸਕਦੇ ਹਾਂ।

**ਅਜੋਕੇ ਮਨੁੱਖ ਦੀਆਂ ਮਨੋ-ਗੁੰਥੀਆਂ ਦਾ ਜੰਜਾਲ ਉਸਨੂੰ ਰੌਸ਼ਨੀ ਤੋਂ ਦੂਰ ਲਿਜਾ ਰਿਹਾ ਹੈ। ਉਲਝਣਾਂ, ਤਣਾਓ, ਗੁੰਝਲਾਂ ਆਦਿ ਵਧ ਰਹੀਆਂ ਹਨ। ਕਦੇ ਅਜਿਹਾ ਸਮਾਂ ਵੀ ਆਉਂਦਾ ਹੈ ਕਿ ਛਿਨ-ਭੰਗਰ ਲਈ ਹਨੇਰੇ ਦੀ ਜਿੱਤ ਹੁੰਦੀ ਪ੍ਰਤੀਤ ਹੁੰਦੀ ਹੈ ਪਰੰਤੂ ਇਹ ਇਕ ਭੁਲਾਂਦਰਾ ਹੁੰਦਾ ਹੈ। ਰੌਸ਼ਨੀ ਕਰਨ, ਰੌਸ਼ਨੀ ਵਲ ਵਧਣ ਤੇ ਆਪਣੇ ਅੰਦਰ ਨੂੰ ਜਗਮਗਾਉਣ ਤੋਂ ਬਿਨਾਂ ਨਾ ਕਿਸੇ ਨੂੰ ਅਸਲ ਜਿੱਤ ਪ੍ਰਾਪਤ ਹੁੰਦੀ ਹੈ, ਨਾ ਹੁਲਾਸ, ਨਾ ਹੁਲਾਰਾ ਮਿਲਦਾ ਹੈ। ਦੀਵਾਲੀ ਦੇ ਇਸ ਸੰਦੇਸ਼ 'ਤੇ ਇਸ ਮਹੱਤਵ ਨੂੰ ਸਮਝਣ ਦੀ ਲੋੜ ਹੈ। ਦੀਵਾਲੀ ਦਾ ਉਤਸਵ ਮਹਾਨਤਾ ਅਤੇ ਪਵਿੱਤਰਤਾ ਦੇ ਜਿਨ੍ਹਾਂ ਆਦਰਸ਼ਾਂ ਨੂੰ ਮਿੱਥ ਕੇ ਪ੍ਰਾਰੰਭ ਹੋਇਆ ਹੋਵੇਗਾ, ਉਹ ਮਹੱਤਵ ਅਤੇ ਸੰਦੇਸ਼ ਅਸੀਂ ਭੁੱਲਦੇ ਜਾ ਰਹੇ ਹਾਂ।**

# ਡਿਜੀਟਲ ਯੁੱਗ ਵਿਚ ਦੀਵਾਲੀ ਕਿਵੇਂ ਮਨਾਈਏ

-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ ਕਾਲਮਨਵੀਸ, ਮਲੋਟ (ਪੰਜਾਬ)
ਪੰਜਾਬ ਮੇਲ USA





ਦੀਵਾਲੀ, ਰੌਸ਼ਨੀਆਂ ਦਾ ਤਿਉਹਾਰ, ਹਮੇਸ਼ਾ ਬੁਰਾਈ ਉੱਤੇ ਚੰਗਿਆਈ, ਹਨੇਰੇ ਉੱਤੇ ਰੌਸ਼ਨੀ ਅਤੇ ਅਗਿਆਨਤਾ ਉੱਤੇ ਬੁੱਧੀ ਦੀ ਜਿੱਤ ਦਾ ਪ੍ਰਤੀਕ ਰਿਹਾ ਹੈ। ਜਦੋਂਕਿ ਦੀਵਾਲੀ ਦਾ ਸਾਰ ਬਦਲਿਆ ਨਹੀਂ ਹੈ, ਇਸਨੂੰ ਮਨਾਉਣ ਦਾ ਤਰੀਕਾ ਅੱਜ ਦੇ ਡਿਜੀਟਲ ਯੁੱਗ ਵਿਚ ਤੇਜ਼ੀ ਨਾਲ ਵਿਕਸਿਤ ਹੋ ਰਿਹਾ ਹੈ। ਤਕਨਾਲੋਜੀ ਨੇ ਤਿਉਹਾਰ ਨੂੰ ਨਵੇਂ ਤਰੀਕਿਆਂ ਨਾਲ ਰੌਸ਼ਨ ਕੀਤਾ ਹੈ - ਪਰਿਵਾਰਾਂ ਨੂੰ ਨੇੜੇ ਲਿਆਉਣਾ, ਖੁਸ਼ੀ ਨੂੰ ਤੇਜ਼ੀ ਨਾਲ ਫੈਲਾਉਣਾ ਅਤੇ ਪ੍ਰੰਪਰਾਵਾਂ ਨੂੰ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਨਵੀਨਤਾਕਾਰੀ ਅਤੇ ਸਮਾਵੇਸ਼ੀ ਬਣਾਉਣਾ।

## ਵਰਚੁਅਲ ਟੂਗੇਦਰਨੇਸ

ਦੂਰੀ ਹੁਣ ਤਿਉਹਾਰਾਂ ਦੀ ਭਾਵਨਾ ਨੂੰ ਮੱਧਮ ਨਹੀਂ ਕਰਦੀ। ਦੁਨੀਆਂ ਭਰ ਵਿਚ ਖਿੰਡੇ ਹੋਏ ਪਰਿਵਾਰ ਹੁਣ ਵੀਡੀਓ ਕਾਲਾਂ ਰਾਹੀਂ ਜੁੜਦੇ ਹਨ, ਵਰਚੁਅਲ ਦੀਵੇ ਸਾਂਝੇ ਕਰਦੇ ਹਨ ਅਤੇ ਇਕੱਠੇ ਔਨਲਾਈਨ ਗੇਮਾਂ ਵੀ ਖੇਡਦੇ ਹਨ। ਡਿਜ਼ੀਟਲ ਪਲੇਟਫਾਰਮ ਆਪਣੇ ਅਜ਼ੀਜ਼ਾਂ ਨੂੰ ਇੱਕੋ ਪੂਜਾ ਦਾ ਹਿੱਸਾ ਬਣਨ, ਇੱਕੋ ਆਤਿਸ਼ਬਾਜ਼ੀ ਦੇ ਪ੍ਰਦਰਸ਼ਨ ਨੂੰ ਦੇਖਣ ਅਤੇ ਅਸਲ ਸਮੇਂ ਵਿਚ ਦਿਲੋਂ ਸ਼ੁਭਕਾਮਨਾਵਾਂ ਦਾ ਆਦਾਨ-ਪ੍ਰਦਾਨ ਕਰਨ ਦੀ ਆਗਿਆ ਦਿੰਦੇ ਹਨ - ਸਕ੍ਰੀਨਾਂ ਨੂੰ ਸਾਂਝੀ ਖੁਸ਼ੀ ਦੀਆਂ ਖਿੜਕੀਆਂ ਵਿਚ ਬਦਲਦੇ ਹਨ।

## ਵਾਤਾਵਰਣ ਅਨੁਕੂਲ ਅਤੇ ਸਮਾਰਟ ਜਸ਼ਨ

ਡਿਜੀਟਲ ਯੁੱਗ ਜਾਗਰੂਕਤਾ ਨੂੰ ਵੀ ਵਧਾ ਰਿਹਾ ਹੈ। ਈ-ਸੱਦੇ ਕਾਗਜ਼ੀ ਕਾਰਡਾਂ ਦੀ ਥਾਂ ਲੈਂਦੇ ਹਨ, ਰਚਨਾਤਮਕ ਡਿਜ਼ਾਈਨਾਂ ਅਤੇ ਐਨੀਮੇਸ਼ਨਾਂ ਰਾਹੀਂ ਇੱਕ ਨਿੱਜੀ ਅਹਿਸਾਸ ਜੋੜਦੇ ਹੋਏ ਰੁੱਖਾਂ ਨੂੰ ਬਚਾਉਂਦੇ ਹਨ। ਪ੍ਰਦੂਸ਼ਣ ਕਰਨ ਵਾਲੇ ਸ਼ੋਰ-ਸ਼ਰਾਬੇ ਵਾਲੇ ਪਟਾਕਿਆਂ ਦੀ ਬਜਾਏ, ਲੋਕ ਹੁਣ ਵਰਚੁਅਲ ਆਤਿਸ਼ਬਾਜ਼ੀ ਜਾਂ ਰੋਸ਼ਨੀ ਵਾਲੇ ਐੱਲ.ਈ.ਡੀ. ਲੈਂਪਾਂ ਦਾ ਆਨੰਦ ਮਾਣਦੇ ਹਨ, ਜੋ ਸੁਰੱਖਿਅਤ ਅਤੇ ਟਿਕਾਊ ਦੋਵੇਂ ਹਨ। ਤਕਨਾਲੋਜੀ ਸਾਨੂੰ ਦੀਵਾਲੀ ਦੀ ਚਮਕ ਨੂੰ ਮੱਧਮ ਕੀਤੇ ਬਿਨਾਂ ਜ਼ਿੰਮੇਵਾਰੀ ਨਾਲ ਮਨਾਉਣ ਵਿਚ ਮਦਦ ਕਰਦੀ ਹੈ।

## ਖਰੀਦਦਾਰੀ ਅਤੇ ਤੋਹਫ਼ੇ ਔਨਲਾਈਨ ਦਿਓ

ਹੁਣ ਲੰਬੀਆਂ ਕਤਾਰਾਂ ਅਤੇ ਭੀੜ-ਭੜੱਕੇ ਵਾਲੇ ਬਾਜ਼ਾਰ ਨਹੀਂ ਰਹੇ। ਔਨਲਾਈਨ ਪਲੇਟਫਾਰਮ ਤਿਉਹਾਰਾਂ ਦੀ ਖਰੀਦਦਾਰੀ ਨੂੰ ਆਸਾਨ ਅਤੇ ਦਿਲਚਸਪ ਬਣਾਉਂਦੇ ਹਨ - ਨਸਲੀ ਪਹਿਰਾਵੇ ਤੋਂ ਲੈ ਕੇ ਹੱਥ ਨਾਲ ਬਣੇ ਸਜਾਵਟ ਅਤੇ ਤੁਹਾਡੇ ਦਰਵਾਜ਼ੇ 'ਤੇ ਪਹੁੰਚਾਈਆਂ ਜਾਣ ਵਾਲੀਆਂ ਮਠਿਆਈਆਂ ਤੱਕ। ਡਿਜੀਟਲ ਵਾਲਿਟ ਅਤੇ ਤੁਰੰਤ ਤੋਹਫ਼ੇ ਦੇ ਵਿਕਲਪ, ਜਿਵੇਂ ਕਿ ਈ-ਵਾਉਚਰ ਜਾਂ ਅਨੁਕੂਲਿਤ ਵੀਡੀਓ ਸ਼ੁਭਕਾਮਨਾਵਾਂ ਨੇ ਤੋਹਫ਼ਿਆਂ ਦੇ ਆਦਾਨ-ਪ੍ਰਦਾਨ ਨੂੰ ਆਸਾਨ ਅਤੇ ਰਚਨਾਤਮਕ ਬਣਾ ਦਿੱਤਾ ਹੈ।

## ਡਿਜ਼ੀਟਲ ਰੰਗੋਲੀਆਂ ਅਤੇ ਰਚਨਾਤਮਕ ਪ੍ਰਗਟਾਵੇ

ਰੰਗੋਲੀ ਕਲਾ ਨੂੰ ਇੱਕ ਨਵਾਂ ਕੈਨਵਸ ਮਿਲ ਗਿਆ ਹੈ — ਸਾਡੇ ਫ਼ੋਨ ਅਤੇ ਟੈਬਲੇਟ। ਐਪਸ ਅਤੇ ਸੋਸ਼ਲ ਮੀਡੀਆ ਲੋਕਾਂ ਨੂੰ ਆਪਣੀਆਂ ਡਿਜੀਟਲ ਰੰਗੋਲੀਆਂ, ਦੀਆ ਸੈਲਫ਼ੀਆਂ ਅਤੇ ਦੁਨੀਆਂ ਭਰ ਦੇ ਦੋਸਤਾਂ ਨਾਲ ਤਿਉਹਾਰਾਂ ਦੇ ਪਲਾਂ ਨੂੰ ਡਿਜ਼ਾਈਨ ਕਰਨ ਅਤੇ ਸਾਂਝਾ ਕਰਨ ਦੀ ਆਗਿਆ ਦਿੰਦੇ ਹਨ। #DigitalDiwali ਅਤੇ #EcoFriendlyFestival ਵਰਗੇ ਹੈਸ਼ਟੈਗਾਂ ਨੇ ਸੋਸ਼ਲ ਮੀਡੀਆ ਨੂੰ ਜਸ਼ਨ ਦੀ ਇੱਕ ਗੈਲਰੀ ਵਿਚ ਬਦਲ ਦਿੱਤਾ ਹੈ।

## ਪਰੰਪਰਾ ਅਤੇ ਤਕਨਾਲੋਜੀ ਨੂੰ ਸੰਤੁਲਿਤ ਕਰਨਾ

ਭਾਵੇਂ ਅਸੀਂ ਗੈਜੇਟਸ ਅਤੇ ਐਪਸ ਨੂੰ ਅਪਣਾਉਂਦੇ ਹਾਂ, ਪਰ ਇਹ ਮਹੱਤਵਪੂਰਨ ਹੈ ਕਿ ਦੀਵਾਲੀ ਦੀ ਆਤਮਾ ਨੂੰ ਨਾ ਗੁਆਓ - ਏਕਤਾ, ਸ਼ੁਕਰਗੁਜ਼ਾਰੀ ਅਤੇ ਹਮਦਰਦੀ। ਇੱਕ ਅਸਲੀ ਦੀਵਾ ਜਗਾਉਣਾ, ਗੁਆਂਢੀਆਂ ਨਾਲ ਮਠਿਆਈਆਂ ਸਾਂਝੀਆਂ ਕਰਨਾ ਅਤੇ ਲੋੜਵੰਦਾਂ ਦੀ ਮਦਦ ਕਰਨਾ ਸਾਨੂੰ ਯਾਦ ਦਿਵਾਉਂਦਾ ਹੈ ਕਿ ਤਿਉਹਾਰ ਸਭ ਤੋਂ ਉੱਪਰ ਮਨੁੱਖੀ ਸਬੰਧਾਂ ਬਾਰੇ ਹਨ।

## ਇੱਕ ਨਵੇਂ ਯੁੱਗ ਲਈ ਇੱਕ ਨਵੀਂ ਰੌਸ਼ਨੀ

ਡਿਜ਼ੀਟਲ ਯੁੱਗ ਵਿਚ, ਦੀਵਾਲੀ ਇੱਕ ਤਿਉਹਾਰ ਤੋਂ ਵੱਧ ਹੈ - ਇਹ ਨਵੀਨਤਾ ਅਤੇ ਸੰਪਰਕ ਦਾ ਜਸ਼ਨ ਹੈ। ਤਕਨਾਲੋਜੀ ਸਾਡੇ ਮਨਾਉਣ ਦੇ ਤਰੀਕੇ ਨੂੰ ਬਦਲ ਸਕਦੀ ਹੈ, ਪਰ ਦੀਵਾਲੀ ਦਾ ਸੰਦੇਸ਼ ਸਦੀਵੀ ਰਹਿੰਦਾ ਹੈ: ਸਾਡੇ ਘਰਾਂ, ਦਿਲਾਂ ਅਤੇ ਹੁਣ - ਸਾਡੀ ਡਿਜ਼ੀਟਲ ਦੁਨੀਆਂ ਨੂੰ ਦਿਆਲਤਾ ਅਤੇ ਉਮੀਦ ਨਾਲ ਰੌਸ਼ਨ ਕਰਨਾ।

# ਰੌਸ਼ਨੀਆਂ ਦੇ ਤਿਉਹਾਰ ਨੇ ਸਿਨੇਮਾ ਹਾਲਾਂ ਨੂੰ ਰੌਸ਼ਨ ਕਰ ਦਿੱਤਾ ਹੈ

-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ ਕਾਲਮਨਵੀਸ, ਮਲੋਟ (ਪੰਜਾਬ)
ਪੰਜਾਬ ਮੇਲ USA





ਸਿਨੇਮਾ ਦੇ ਸ਼ੁਰੂਆਤੀ ਦਿਨਾਂ ਵਿਚ, ਫਿਲਮੀ ਪਲਾਟਾਂ ਵਿਚ ਦੀਵਾਲੀ ਇੱਕ ਪ੍ਰਮੁੱਖ ਥੀਮ ਸੀ, ਪਰ ਬਾਅਦ ਦੀਆਂ ਫਿਲਮਾਂ ਵਿਚ, ਦੀਵਾਲੀ ਨੂੰ ਇੱਕ ਥੀਮ, ਦ੍ਰਿਸ਼, ਗੀਤ ਜਾਂ ਸੰਦਰਭ ਬਿੰਦੂ ਤੱਕ ਸੀਮਤ ਕਰ ਦਿੱਤਾ ਗਿਆ ਹੈ। 1970 ਦੇ ਦਹਾਕੇ ਤੋਂ ਲੈ ਕੇ 2005 ਦੇ ਆਸ-ਪਾਸ ਤੱਕ ਅਜਿਹੇ ਦ੍ਰਿਸ਼ ਅਕਸਰ ਪਰਦੇ 'ਤੇ ਦੇਖੇ ਜਾਂਦੇ ਰਹੇ। ਹਾਲਾਂਕਿ, ਕੁਝ ਫਿਲਮਾਂ ਵਿਚ ਦੀਵਾਲੀ ਨੂੰ ਇੰਨਾ ਵਧੀਆ ਢੰਗ ਨਾਲ ਦਰਸਾਇਆ ਗਿਆ ਸੀ ਕਿ ਉਹ ਦ੍ਰਿਸ਼ ਅਤੇ ਗਾਣੇ ਦਰਸ਼ਕਾਂ ਲਈ ਯਾਦਗਾਰੀ ਬਣ ਗਏ।

ਇੱਕ ਸਮਾਂ ਸੀ ਜਦੋਂ ਫਿਲਮਾਂ ਦੀਵਾਲੀ ਦੇ ਥੀਮ ਦੁਆਲੇ ਘੁੰਮਦੀਆਂ ਸਨ, ਜਿਵੇਂ ਕਿ 1940 ਵਿਚ ਜਯੰਤ ਦੇਸਾਈ ਦੀ "ਦੀਵਾਲੀ", ਗਜਾਨਨ ਜਗੀਰਦਾਰ ਦੀ "ਘਰ ਘਰ ਮੈਂ ਦੀਵਾਲੀ" (1955), ਅਤੇ ਦੀਪਕ ਆਸ਼ਾ ਦੀ "ਦੀਵਾਲੀ ਕੀ ਰਾਤ" (1956)। ਪਰ ਹੁਣ, ਫਿਲਮਾਂ ਵਿਚ ਦੀਵਾਲੀ ਨੂੰ ਇੱਕ ਥੀਮ, ਦ੍ਰਿਸ਼, ਗੀਤ ਜਾਂ ਸੰਦਰਭ ਬਿੰਦੂ ਤੱਕ ਸੀਮਤ ਕਰ ਦਿੱਤਾ ਗਿਆ ਹੈ। ਦਰਅਸਲ, ਹਾਲ ਹੀ ਦੇ ਸਮੇਂ ਵਿਚ, ਨਿਰਮਾਤਾਵਾਂ ਨੇ ਵੱਡੇ ਪਰਦੇ 'ਤੇ ਦੀਵਾਲੀ ਨੂੰ ਦਰਸਾਉਣਾ ਲਗਭਗ ਬੰਦ ਕਰ ਦਿੱਤਾ ਹੈ। ਇਸ ਬਾਰੇ, ਕੁਝ ਨਿਰਦੇਸ਼ਕਾਂ ਦਾ ਕਹਿਣਾ ਹੈ, "ਅੱਜ, ਦੀਵਾਲੀ ਨੂੰ ਹੁਣ ਸਿਲਵਰ ਸਕ੍ਰੀਨ 'ਤੇ ਕੇਂਦਰੀ ਦ੍ਰਿਸ਼ ਵਜੋਂ ਪੇਸ਼ ਨਹੀਂ ਕੀਤਾ ਜਾ ਰਿਹਾ ਹੈ। ਫਿਲਮ ਨਿਰਮਾਤਾ ਨਵੇਂ ਥੀਮ ਅਤੇ ਨਵੇਂ ਪ੍ਰਯੋਗਾਂ ਨੂੰ ਤਰਜੀਹ ਦਿੰਦੇ ਹਨ।" ਬਾਲੀਵੁੱਡ ਨਵੇਂ ਗਲੋਬਲ ਪਲੇਟਫਾਰਮਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਿਹਾ ਹੈ, ਇਸ ਲਈ ਫਿਲਮ ਨਿਰਮਾਤਾ ਅਜਿਹੀਆਂ ਫਿਲਮਾਂ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਭਾਰਤੀ ਅਤੇ ਗਲੋਬਲ ਦਰਸ਼ਕਾਂ ਦੋਵਾਂ ਨੂੰ ਪਸੰਦ ਆਉਣ। ਇਹ ਧਿਆਨ ਦੇਣ ਯੋਗ ਹੈ ਕਿ 2001 ਵਿਚ, ਅਮਿਤਾਭ ਬੱਚਨ ਦੀ ਪ੍ਰੋਡਕਸ਼ਨ ਕੰਪਨੀ ਏ.ਬੀ.ਸੀ.ਐੱਲ. ਨੇ ਆਮਿਰ ਖਾਨ ਅਤੇ ਰਾਣੀ ਮੁਖਰਜੀ ਅਭਿਨੀਤ ਫਿਲਮ 'ਹੈਪੀ ਦੀਵਾਲੀ' ਬਣਾਉਣ ਦਾ ਐਲਾਨ ਕੀਤਾ ਸੀ, ਪਰ ਅਸਪੱਸ਼ਟ ਕਾਰਨਾਂ ਕਰਕੇ, ਇਹ ਫਿਲਮ ਐਲਾਨ ਤੋਂ ਅੱਗੇ ਨਹੀਂ ਵਧ ਸਕੀ।

## ਤਿਉਹਾਰ ਦੀ ਵਰਤੋਂ ਇੱਕ ਹਵਾਲੇ ਵਜੋਂ

ਹਾਲਾਂਕਿ, ਇਹ ਗੱਲ ਅਸਵੀਕਾਰਨਯੋਗ ਹੈ ਕਿ 1970 ਦੇ ਦਹਾਕੇ ਤੋਂ ਲੈ ਕੇ 2005 ਦੇ ਆਸ-ਪਾਸ ਫਿਲਮ ਨਿਰਮਾਤਾਵਾਂ ਨੇ ਦੀਵਾਲੀ ਨੂੰ ਇੱਕ ਸੰਦਰਭ ਬਿੰਦੂ ਵਜੋਂ ਵਰਤਿਆ ਹੈ। ਉਦਾਹਰਣ ਵਜੋਂ, 1972 ਦੀ ਫਿਲਮ "ਅਨੁਰਾਗ" ਵਿਚ ਪੂਰਾ ਆਂਢ-ਗੁਆਂਢ ਇੱਕ ਕੈਂਸਰ ਪੀੜਤ ਬੱਚੇ (ਸੱਤਿਆਜੀਤ) ਦੀ ਮਰਨ ਵਾਲੀ ਇੱਛਾ ਨੂੰ ਪੂਰਾ ਕਰਨ ਲਈ ਦੀਵਾਲੀ ਮਨਾਉਣ ਲਈ ਇਕੱਠੇ ਹੁੰਦਾ ਹੈ। ਕਮਲ ਹਾਸਨ ਦੀ 1998 ਦੀ ਫਿਲਮ "ਚਾਚੀ 420" ਵਿਚ, ਹਾਸਨ ਦੀ ਧੀ ਦੀ ਭੂਮਿਕਾ ਨਿਭਾਉਣ ਵਾਲੀ ਕੁੜੀ ਦੀਵਾਲੀ ਦੇ ਪਟਾਕੇ ਨਾਲ ਜ਼ਖਮੀ ਹੋ ਜਾਂਦੀ ਹੈ। ਆਦਿਤਿਆ ਚੋਪੜਾ ਦੀ ਫਿਲਮ "ਮੁਹੱਬਤੇਂ" (2000) ਨੇ ਦੀਵਾਲੀ ਨੂੰ ਪੁਨਰ-ਮਿਲਨ ਦੇ ਪ੍ਰਤੀਕ ਵਜੋਂ ਵਰਤਿਆ, ਜਿਸ ਵਿਚ ਸ਼ਾਹਰੁਖ ਖਾਨ ਦੇ ਯਤਨਾਂ ਦੁਆਰਾ ਤਿੰਨ ਨੌਜਵਾਨ ਪ੍ਰੇਮੀਆਂ ਨੂੰ ਇਕੱਠਾ ਕੀਤਾ ਗਿਆ। ਕਰਨ ਜੌਹਰ ਦੀ 2001 ਦੀ ਹਿੱਟ ਫਿਲਮ "ਕਭੀ ਖੁਸ਼ੀ ਕਭੀ ਗਮ" ਨੇ ਰਾਏਚੰਦ ਪਰਿਵਾਰ ਲਈ ਸਮਾਂ ਕਿਵੇਂ ਬਦਲਿਆ ਹੈ, ਇਹ ਦਰਸਾਉਣ ਲਈ ਦੀਵਾਲੀ ਦੇ ਇੱਕ ਦ੍ਰਿਸ਼ ਦੀ ਵਰਤੋਂ ਕੀਤੀ।

## ਕਹਾਣੀ ਤੋਂ ਬਾਹਰ ਵੀ ਦ੍ਰਿਸ਼ ਹਨ।

ਫਿਲਮਾਂ ਵਿਚ ਦੀਵਾਲੀ ਦੇ ਹਵਾਲਿਆਂ ਵਿਚ ਕਮੀ ਦੇ ਬਾਵਜੂਦ, ਹਰ ਨਿਰਮਾਤਾ ਚਾਹੁੰਦਾ ਹੈ ਕਿ ਉਸਦੀ ਫਿਲਮ ਦੀਵਾਲੀ ਦੌਰਾਨ ਰਿਲੀਜ਼ ਹੋਵੇ ਤਾਂ ਜੋ ਵੱਡਾ ਮੁਨਾਫਾ ਕਮਾਇਆ ਜਾ ਸਕੇ। ਸ਼ਾਇਦ ਇਸੇ ਲਈ ਫਿਲਮ ਵਿਚ ਦੀਵਾਲੀ ਨਾਲ ਸਬੰਧਤ ਇੱਕ ਦ੍ਰਿਸ਼ ਸ਼ਾਮਲ ਕੀਤਾ ਜਾਂਦਾ ਹੈ, ਭਾਵੇਂ ਇਸਦਾ ਕਹਾਣੀ ਨਾਲ ਕੋਈ ਲੈਣਾ-ਦੇਣਾ ਨਾ ਹੋਵੇ। 'ਤਾਰੇ ਜ਼ਮੀਨ ਪਰ' (2007) ਤੋਂ ਬਾਅਦ, 2010 ਵਿਚ 'ਆਸ਼ਾ' ਵਿਚ, ਦੀਵਾਲੀ ਨੂੰ ਇੰਨੀ ਮਹੱਤਤਾ ਦਿੱਤੀ ਗਈ ਸੀ ਕਿ ਇਸ ਦ੍ਰਿਸ਼ ਦਾ ਕਹਾਣੀ ਨਾਲ ਕੋਈ ਸਬੰਧ ਨਹੀਂ ਸੀ। ਦੀਵਾਲੀ ਦੇ ਹਵਾਲੇ ਅਕਸਰ ਜ਼ਬਰਦਸਤੀ ਦਿੱਤੇ ਜਾਂਦੇ ਹਨ, ਜਿਵੇਂ ਕਿ 1999 ਦੀ ਫਿਲਮ 'ਵਾਸਤਵ' ਵਿਚ, ਇੱਕ ਅਮੀਰ ਗੈਂਗਸਟਰ ਬਣਨ ਤੋਂ ਬਾਅਦ, ਸੰਜੇ ਦੱਤ ਦੀਵਾਲੀ ਮਨਾਉਣ ਲਈ ਉਸਦੀ ਚਾਵਲ 'ਤੇ ਆਉਂਦਾ ਹੈ, ਪਰ ਉਸਦੀ ਮਾਂ ਉਸਨੂੰ ਇਹ ਕਹਿ ਕੇ ਭਜਾ ਦਿੰਦੀ ਹੈ ਕਿ ਉਹ ਕਿਸੇ ਗੈਂਗਸਟਰ ਨਾਲ ਜੁੜਿਆ ਨਹੀਂ ਰਹਿਣਾ ਚਾਹੁੰਦੀ।

## ਕਈ ਫਿਲਮਾਂ ਵਿਚ ਦੀਵਾਲੀ ਦੇ ਯਾਦਗਾਰੀ ਦ੍ਰਿਸ਼ ਵੀ ਹੁੰਦੇ ਹਨ।

ਹਾਲਾਂਕਿ, ਕੁਝ ਫਿਲਮਾਂ ਦੀਵਾਲੀ ਨੂੰ ਇੰਨੀ ਵਧੀਆ ਢੰਗ ਨਾਲ ਦਰਸਾਉਂਦੀਆਂ ਹਨ ਕਿ ਉਨ੍ਹਾਂ ਨੂੰ ਦੇਖ ਕੇ ਤੁਹਾਨੂੰ ਅਜਿਹਾ ਮਹਿਸੂਸ ਹੁੰਦਾ ਹੈ, ਜਿਵੇਂ ਤੁਸੀਂ ਵੀ ਇਸ ਜਸ਼ਨ ਦਾ ਹਿੱਸਾ ਹੋ। ਉਦਾਹਰਣ ਵਜੋਂ, 2000 ਵਿਚ ਰਿਲੀਜ਼ ਹੋਈ ਆਈਕਾਨਿਕ ਫਿਲਮ "ਮੁਹੱਬਤੇਂ", ਆਪਣੇ ਸੰਵੇਦਨਸ਼ੀਲ ਡਰਾਮੇ ਅਤੇ ਵਿਨਾਸ਼ਕਾਰੀਤਾ ਲਈ ਸਾਡੀਆਂ ਯਾਦਾਂ ਵਿਚ ਹਮੇਸ਼ਾ ਲਈ ਉੱਕਰ ਗਈ ਹੈ। ਫਿਲਮ ਦਾ ਸਿਖਰ ਇੱਕ ਅਣਅਧਿਕਾਰਤ ਦੀਵਾਲੀ ਜਸ਼ਨ ਦੇ ਪਿਛੋਕੜ ਵਿਚ ਪ੍ਰਗਟ ਹੁੰਦਾ ਹੈ, ਜਿਸਨੂੰ ਗੁਰੂਕੁਲ ਦੇ ਸਖ਼ਤ ਪ੍ਰਿੰਸੀਪਲ ਨੇ ਮਨਜ਼ੂਰੀ ਨਹੀਂ ਦਿੱਤੀ। ਹਰ ਕੋਈ ਗਾਉਣ ਅਤੇ ਨੱਚਣ ਵਿਚ ਡੁੱਬਿਆ ਹੋਇਆ ਹੈ, ਜੋ ਪਾਬੰਦੀਆਂ ਤੋਂ ਆਜ਼ਾਦੀ ਦਾ ਪ੍ਰਤੀਕ ਹੈ। ਅਜੀਬ ਗੱਲ ਹੈ ਕਿ ਲੋਕ ਚੋਰੀ ਇਸ ਵਿਚ ਵੀ ਸ਼ਾਮਲ ਹੋ ਰਹੇ ਹਨ। ਇਹ ਉਹ ਪਲ ਹੈ ਜਦੋਂ ਸਖ਼ਤ ਪ੍ਰਿੰਸੀਪਲ ਵਿਰੁੱਧ ਬਗਾਵਤ ਦੀਆਂ ਆਵਾਜ਼ਾਂ ਉੱਠਦੀਆਂ ਹਨ। ਹਰ ਵਿਦਿਆਰਥੀ, ਹਿੰਮਤ ਦਿਖਾਉਂਦੇ ਹੋਏ, ਆਪਣੇ ਸਾਥੀ ਨਾਲ ਨੱਚਣਾ ਜਾਰੀ ਰੱਖਦਾ ਹੈ, ਗੁਰੂਕੁਲ ਦੇ ਨਿਯਮਾਂ ਨੂੰ ਚੁਣੌਤੀ ਦਿੰਦਾ ਹੈ, ਜੋ ਸਾਰਿਆਂ ਨੂੰ ਮਿਲਣ ਤੋਂ ਰੋਕਦੇ ਹਨ।

## 'ਹਮ ਆਪਕੇ ਹੈ ਕੌਨ' ਦੀ ਸੁਰੀਲੀ ਧੁਨ

"ਹਮ ਆਪਕੇ ਹੈਂ ਕੌਨ" ਦਾ ਵਿਸ਼ਾਲ ਕੈਨਵਸ ਸਾਨੂੰ ਇੱਕ ਪੁਰਾਣੀਆਂ ਯਾਦਾਂ ਦੀ ਯਾਤਰਾ 'ਤੇ ਲੈ ਜਾਂਦਾ ਹੈ—1980 ਦੇ ਦਹਾਕੇ ਦੀ ਇੱਕ ਯਾਤਰਾ, ਸਾਧਾਰਨ, ਪਰਿਵਾਰਕ-ਮੁਖੀ ਡਰਾਮੇ ਦਾ ਸਮਾਂ। ਦਿਲੋਂ ਸੁਰ ਤੁਹਾਨੂੰ ਮੋਹਿਤ ਕਰ ਲੈਂਦਾ ਹੈ। ਇਹ ਗੀਤ ਫਿਲਮ ਵਿਚ ਦੀਵਾਲੀ ਦੇ ਜਸ਼ਨਾਂ ਦੌਰਾਨ ਦਿਖਾਈ ਦਿੰਦਾ ਹੈ। ਇਹ ਉਹ ਪਲ ਵੀ ਹੈ, ਜਦੋਂ ਦਰਸ਼ਕਾਂ ਨੂੰ ਪਤਾ ਲੱਗਦਾ ਹੈ ਕਿ ਸਲਮਾਨ ਖਾਨ ਦੀ ਭਾਬੀ, ਰੇਣੂਕਾ ਸ਼ਹਾਣੇ, ਗਰਭਵਤੀ ਹੈ।

## ਇਸ ਦ੍ਰਿਸ਼ ਨੇ ਸਾਨੂੰ ਦੀਵਾਲੀ 'ਤੇ ਬਹੁਤ ਹਸਾ ਦਿੱਤਾ।

ਕਾਮੇਡੀ ਫਿਲਮ "ਗੋਲਮਾਲ 3" ਵਿਚ ਦੀਵਾਲੀ ਨਾਲ ਸਬੰਧਤ ਇੱਕ ਯਾਦਗਾਰੀ ਦ੍ਰਿਸ਼ ਹੈ, ਜੋ ਦਰਸ਼ਕਾਂ ਨੂੰ ਹਾਸੇ ਨਾਲ ਝੂਮਣ ਲਈ ਮਜਬੂਰ ਕਰ ਦੇਵੇਗਾ। ਅਜੇ ਦੇਵਗਨ, ਕਰੀਨਾ ਕਪੂਰ, ਅਰਸ਼ਦ ਵਾਰਸੀ ਅਤੇ ਜੌਨੀ ਲੀਵਰ ਅਭਿਨੀਤ, ਇਸ ਫਿਲਮ ਵਿਚ ਦੀਵਾਲੀ ਲਈ ਇੱਕ ਪਟਾਕਿਆਂ ਦਾ ਸਟਾਲ ਲਗਾਇਆ ਗਿਆ ਹੈ। ਹਾਲਾਂਕਿ, ਇੱਕ ਗਰਮ ਬਹਿਸ ਦੇ ਕਾਰਨ, ਕਿਰਦਾਰਾਂ ਨੇ ਇਸ ਤਰ੍ਹਾਂ ਪਟਾਕੇ ਚਲਾਏ ਕਿ ਉਹ ਇੱਕ ਦੂਜੇ ਦੀਆਂ ਦੁਕਾਨਾਂ ਵਿਚ ਫਟ ਗਏ, ਜਿਸ ਨਾਲ ਸਾਰਾ ਕਾਰੋਬਾਰ ਬਰਬਾਦ ਹੋ ਗਿਆ। ਸਿਤਾਰਿਆਂ ਦਾ ਕਾਮਿਕ ਟਾਈਮਿੰਗ ਇਸ ਦ੍ਰਿਸ਼ ਨੂੰ ਯਾਦਗਾਰੀ ਬਣਾਉਂਦਾ ਹੈ।

## ਇਹ ਦੀਵਾਲੀ ਗੀਤ ਇੱਕ ਉਦਾਹਰਣ ਬਣਿਆ

ਤੱਬੂ, ਜੂਹੀ ਚਾਵਲਾ, ਅਤੇ ਗੋਵਿੰਦਾ ਦੀ ਫਿਲਮ "ਆਮਦਾਨੀ ਅਥਾਨੀ ਖਰਚਾ ਰੁਪਈਆ" ਵਿਚ ਦੀਵਾਲੀ ਅਤੇ ਇਸ ਦੇ ਜਸ਼ਨਾਂ ਬਾਰੇ ਇੱਕ ਸ਼ਾਨਦਾਰ ਗੀਤ ਪੇਸ਼ ਕੀਤਾ ਗਿਆ ਹੈ। ਗਾਣੇ ਵਿਚ ਗੋਵਿੰਦਾ ਦੀ ਜ਼ਬਰਦਸਤ ਡਾਂਸ ਮੂਵਜ਼ ਇੱਕ ਨੂੰ ਸ਼ਾਮਲ ਹੋਣ ਲਈ ਪ੍ਰੇਰਿਤ ਕਰਦੀ ਹੈ। ਗੀਤ "ਆਏ ਹੈ ਦੀਵਾਲੀ ਸੁਣੋ ਜੀ ਘਰਵਾਲੀ" ਪੂਰੇ ਇਲਾਕੇ ਨੂੰ ਇਕੱਠੇ ਹੋਣ ਲਈ ਪ੍ਰੇਰਿਤ ਕਰਦਾ ਹੈ; ਸੜਕਾਂ 'ਤੇ ਰੌਸ਼ਨੀ ਕੀਤੀ ਜਾਂਦੀ ਹੈ ਅਤੇ ਦੀਵੇ ਜਗਾਏ ਜਾਂਦੇ ਹਨ, ਜੋ ਤਿਉਹਾਰ ਦੇ ਮਾਹੌਲ ਨੂੰ ਜੋੜਦੇ ਹਨ। ਫਿਰ ਵੀ, ਜਦੋਂ ਦੀਵਾਲੀ ਦੇ ਦੀਵੇ ਜਗਦੇ ਹਨ, ਤਾਂ ਅਮੀਰਬਾਈ ਕਰਨਾਟਕ ਦੀ "ਘਰ ਘਰ ਮੈਂ ਦੀਵਾਲੀ ਹੈ" (ਕਿਸਮਤ, 1943) ਅਤੇ ਸ਼ਮਸ਼ਾਦ ਬੇਗਮ ਦੀ "ਆਏ ਰੇ ਆਈ ਰੇ ਦੀਵਾਲੀ" (ਸ਼ੀਸ਼ ਮਹਿਲ, 1949) ਸਭ ਤੋਂ ਵੱਧ ਯਾਦ ਆਉਂਦੀ ਹੈ।

ਪ੍ਰਿਯੰਕਾ ਸੌਰਭ
ਹਰਿਆਣਾ
ਮੋਬਾਇਲ : 70153-75570
(ਗੱਲਬਾਤ + ਵਟਸਐਪ)
ਪੰਜਾਬ ਮੇਲ USA




# ਖ਼ੁਸ਼ੀ ਦੀ ਦੀਵਾਲੀ: ਮਨ ਦੇ ਹਨੇਰੇ ਨੂੰ ਦੂਰ ਕਰਨ ਦਾ ਸਮਾਂ

## ਬਾਹਰ ਨਹੀਂ, ਸਗੋਂ ਦਿਲ ਦੇ ਅੰਦਰ ਦੀਵੇ ਜਗਾਓ; ਅਸਲੀ ਦੀਵਾਲੀ ਰਿਸ਼ਤਿਆਂ ਅਤੇ ਸ਼ਾਂਤੀ ਨਾਲ ਰੌਸ਼ਨ ਹੁੰਦੀ ਹੈ।

**ਦੀਵਾਲੀ ਸਿਰਫ਼ ਦੀਵੇ ਜਗਾਉਣ ਦਾ ਤਿਉਹਾਰ ਨਹੀਂ ਹੈ, ਸਗੋਂ ਮਨ ਵਿਚੋਂ ਹਨੇਰਾ ਦੂਰ ਕਰਨ ਅਤੇ ਆਤਮਾ ਨੂੰ ਰੌਸ਼ਨੀ ਨਾਲ ਭਰਨ ਦਾ ਮੌਕਾ ਹੈ। ਅੱਜ, ਇਹ ਜ਼ਰੂਰੀ ਹੈ ਕਿ ਅਸੀਂ ਇਸਨੂੰ ਦਿਖਾਵੇ ਜਾਂ ਪ੍ਰਦੂਸ਼ਣ ਦਾ ਜਸ਼ਨ ਨਾ ਬਣਾਈਏ, ਸਗੋਂ ਸਾਦਗੀ, ਦਇਆ ਅਤੇ ਪਿਆਰ ਦਾ ਤਿਉਹਾਰ ਬਣਾਈਏ। ਜਦੋਂ ਅਸੀਂ ਦੂਜਿਆਂ ਦੇ ਜੀਵਨ ਵਿਚ ਰੌਸ਼ਨੀ ਸਾਂਝੀ ਕਰਦੇ ਹਾਂ, ਤਾਂ ਹੀ ਸਾਨੂੰ ਸੱਚੀ ਖ਼ੁਸ਼ੀ ਅਤੇ ਸ਼ਾਂਤੀ ਮਿਲਦੀ ਹੈ। ਦੀਵਾਲੀ ਦਾ ਅਸਲ ਅਰਥ ਹਰ ਦਿਲ ਵਿਚ ਸ਼ਾਂਤੀ, ਹਰ ਘਰ ਵਿਚ ਪਿਆਰ ਅਤੇ ਹਰ ਸਮਾਜ ਵਿਚ ਸਦਭਾਵਨਾ ਦੀ ਰੌਸ਼ਨੀ ਹੈ। - ਡਾ. ਪ੍ਰਿਯੰਕਾ ਸੌਰਭ**

ਦੀਵਾਲੀ ਸਾਲ ਦਾ ਇੱਕ ਅਜਿਹਾ ਤਿਉਹਾਰ ਹੈ, ਜੋ ਨਾ ਸਿਰਫ਼ ਹਨੇਰੇ ਉੱਤੇ ਰੌਸ਼ਨੀ ਦੀ ਜਿੱਤ ਦਾ ਪ੍ਰਤੀਕ ਹੈ, ਸਗੋਂ ਮਨੁੱਖਤਾ ਦੇ ਅੰਦਰਲੇ ਹਨੇਰੇ ਨੂੰ ਖਤਮ ਕਰਕੇ ਅਧਿਆਤਮਿਕ ਰੌਸ਼ਨੀ ਜਗਾਉਣ ਦਾ ਸੰਦੇਸ਼ ਵੀ ਦਿੰਦਾ ਹੈ। ਇਹ ਉਹ ਦਿਨ ਹੈ, ਜਦੋਂ ਲੋਕ ਆਪਣੇ ਘਰਾਂ ਨੂੰ ਸਜਾਉਂਦੇ ਹਨ, ਦੀਵੇ ਜਗਾਉਂਦੇ ਹਨ, ਨਵੇਂ ਕੱਪੜੇ ਪਹਿਨਦੇ ਹਨ ਅਤੇ ਮਠਿਆਈਆਂ ਵੰਡਦੇ ਹਨ। ਪਰ ਕੀ ਅਸੀਂ ਕਦੇ ਇਹ ਸੋਚਣ ਲਈ ਰੁਕੇ ਹਾਂ ਕਿ ਕੀ ਸੱਚੀ ਦੀਵਾਲੀ ਸਿਰਫ਼ ਘਰ ਦੀ ਸਫਾਈ ਅਤੇ ਰੌਸ਼ਨੀ ਕਰਕੇ ਹੀ ਪੂਰੀ ਹੁੰਦੀ ਹੈ? ਕੀ ਹਨੇਰਾ, ਜਿਸ ਨੂੰ ਨਸ਼ਟ ਕਰਨ ਲਈ ਇਹ ਤਿਉਹਾਰ ਮਨਾਇਆ ਜਾਂਦਾ ਹੈ, ਅਸਲ ਵਿਚ ਸਿਰਫ਼ ਕੰਧਾਂ ਅਤੇ ਵਿਹੜਿਆਂ ਵਿਚ ਹੀ ਮੌਜੂਦ ਹੈ, ਜਾਂ ਇਹ ਸਾਡੇ ਮਨਾਂ ਅਤੇ ਵਿਵਹਾਰ ਵਿਚ ਵੀ ਕਿਤੇ ਛੁਪਿਆ ਹੋਇਆ ਹੈ?

ਅੱਜ ਦਾ ਸਮਾਜ ਬਾਹਰੀ ਚਮਕ-ਦਮਕ ਵਿਚ ਇੰਨਾ ਡੁੱਬਿਆ ਹੋਇਆ ਹੈ ਕਿ ਅੰਦਰਲੀ ਰੌਸ਼ਨੀ ਮੱਧਮ ਪੈ ਰਹੀ ਹੈ। ਦੀਵਾਲੀ ਹੁਣ ਅਕਸਰ ਦਿਖਾਵੇ, ਖਰਚੇ ਅਤੇ ਮੁਕਾਬਲੇ ਦਾ ਜਸ਼ਨ ਬਣ ਰਹੀ ਹੈ। ਲੋਕ ਇਸ ਦਿਨ ਆਪਣੇ ਘਰਾਂ ਨੂੰ ਹਜ਼ਾਰਾਂ ਦੀਵਿਆਂ ਨਾਲ ਸਜਾਉਂਦੇ ਹਨ, ਪਰ ਉਨ੍ਹਾਂ ਦੇ ਦਿਲਾਂ ਦੇ ਕੋਨੇ-ਕੋਨੇ ਵਿਚ ਛੁਪੇ ਹਨੇਰੇ ਨੂੰ ਨਜ਼ਰਅੰਦਾਜ਼ ਕਰਦੇ ਹਨ - ਈਰਖਾ, ਹੰਕਾਰ, ਨਾਰਾਜ਼ਗੀ ਅਤੇ ਅਸਹਿਣਸ਼ੀਲਤਾ। ਇਸ ਤਿਉਹਾਰ ਦਾ ਅਸਲ ਉਦੇਸ਼ ਆਤਮ-ਨਿਰੀਖਣ ਕਰਨਾ, ਰਿਸ਼ਤਿਆਂ ਨੂੰ ਪਾਲਨਾ ਅਤੇ ਆਪਣੇ ਆਲੇ-ਦੁਆਲੇ ਪਿਆਰ ਦੀ ਰੌਸ਼ਨੀ ਫੈਲਾਉਣਾ ਸੀ। ਪਰ ਅੱਜ, ਇਹ ਭਾਵਨਾ ਬਾਜ਼ਾਰ ਅਤੇ ਪਦਾਰਥਵਾਦ ਦੇ ਸ਼ੋਰ-ਸ਼ਰਾਬੇ ਵਿਚ ਗੁਆਚ ਰਹੀ ਹੈ।

ਦੀਵਾਲੀ ਸਿਰਫ਼ ਲਕਸ਼ਮੀ ਦੇ ਆਉਣ ਦਾ ਹੀ ਨਹੀਂ, ਸਗੋਂ ਆਤਮ-ਨਿਰੀਖਣ ਦਾ ਵੀ ਸਮਾਂ ਹੈ। ਜਦੋਂ ਅਸੀਂ ਆਪਣੇ ਘਰਾਂ ਦੇ ਹਰ ਕੋਨੇ ਤੋਂ ਧੂੜ ਝਾੜਦੇ ਹਾਂ, ਤਾਂ ਸਾਨੂੰ ਆਪਣੇ ਦਿਲਾਂ ਤੋਂ ਧੂੜ ਵੀ ਸਾਫ਼ ਕਰਨੀ ਚਾਹੀਦੀ ਹੈ - ਪੁਰਾਣੀਆਂ ਸ਼ਿਕਾਇਤਾਂ, ਮਤਭੇਦ, ਕੁੜੱਤਣ ਅਤੇ ਤਣਾਅ। ਹਰੇਕ ਦੀਵਾ ਸਾਨੂੰ ਯਾਦ ਦਿਵਾਉਂਦਾ ਹੈ ਕਿ ਇੱਕ ਦੀਵਾ ਹਨੇਰੇ ਨੂੰ ਦੂਰ ਕਰਨ ਲਈ ਕਾਫ਼ੀ ਹੈ, ਬਸ਼ਰਤੇ ਇਹ ਸੱਚੇ ਦਿਲ ਨਾਲ ਜਗਾਇਆ ਜਾਵੇ। ਪਰਿਵਾਰ ਵਿਚ ਇੱਕ ਛੋਟੀ ਜਿਹੀ ਮੁਸਕਰਾਹਟ, ਮਾਫ਼ੀ ਦਾ ਸੰਕੇਤ, ਇੱਕ ਪਿਆਰ ਭਰੀ ਗੱਲਬਾਤ - ਇਹ ਉਹ ਦੀਵੇ ਹਨ, ਜੋ ਰਿਸ਼ਤਿਆਂ ਦੇ ਕੋਨਿਆਂ ਨੂੰ ਰੌਸ਼ਨ ਕਰਦੇ ਹਨ।

ਅੱਜ ਦੇ ਸਮੇਂ ਵਿਚ, ਇਹ ਤਿਉਹਾਰ ਮਾਨਸਿਕ ਸਿਹਤ ਲਈ ਵੀ ਬਹੁਤ ਮਹੱਤਵ ਰੱਖਦਾ ਹੈ। ਤੇਜ਼ ਰਫ਼ਤਾਰ ਜ਼ਿੰਦਗੀ, ਸਮਾਜਿਕ ਦਬਾਅ, ਕੰਮ ਦਾ ਤਣਾਅ ਅਤੇ ਡਿਜੀਟਲ ਦੁਨੀਆਂ ਦੀ ਭੀੜ-ਭੜੱਕੇ ਲੋਕਾਂ ਨੂੰ ਅੰਦਰੋਂ ਖਾਲੀ ਮਹਿਸੂਸ ਕਰਵਾ ਰਹੇ ਹਨ। ਅਸੀਂ ਤਿਉਹਾਰਾਂ ਨੂੰ "ਈਵੈਂਟਾਂ" ਵਿਚ ਵੀ ਬਦਲ ਦਿੱਤਾ ਹੈ - ਫੋਟੋਸ਼ੂਟ, ਸੋਸ਼ਲ ਮੀਡੀਆ ਪੋਸਟਾਂ ਅਤੇ ਸ਼ਾਨਦਾਰ ਤੋਹਫ਼ਿਆਂ ਦੀ ਪਰੰਪਰਾ ਨੇ ਉਨ੍ਹਾਂ ਦੀ ਭਾਵਨਾ ਨੂੰ ਕਮਜ਼ੋਰ ਕਰ ਦਿੱਤਾ ਹੈ। ਸਾਨੂੰ ਇਹ ਯਾਦ ਰੱਖਣ ਦੀ ਜ਼ਰੂਰਤ ਹੈ ਕਿ ਦੀਵਾਲੀ ਦੀ ਖ਼ੁਸ਼ੀ ਸਿਰਫ਼ ਬਾਹਰੀ ਸਜਾਵਟ ਵਿੱਚ ਨਹੀਂ ਹੈ, ਸਗੋਂ ਮਾਨਸਿਕ ਸ਼ਾਂਤੀ ਵਿਚ ਹੈ, ਜੋ ਅਸੀਂ ਆਪਣਾਪਣ, ਸੰਚਾਰ ਅਤੇ ਨੇੜਤਾ ਵਿਚ ਪਾਉਂਦੇ ਹਾਂ।

ਅੱਜ ਦੇ ਬੱਚੇ ਅਤੇ ਨੌਜਵਾਨ ਪਟਾਕਿਆਂ ਦੀ ਚਮਕ ਵਿਚ ਖ਼ੁਸ਼ੀ ਪਾਉਂਦੇ ਹਨ। ਪਰ ਕੀ ਸਾਨੂੰ ਆਪਣੀ ਖ਼ੁਸ਼ੀ ਲਈ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਦਾ ਹੱਕ ਹੈ? ਹਰ ਜੀਵ, ਹਰ ਬੱਚਾ ਅਤੇ ਹਰ ਬਜ਼ੁਰਗ, ਧੂੰਏਂ ਨਾਲ ਭਰੀ ਅਤੇ ਸ਼ੋਰ ਵਾਲੀ ਹਵਾ ਵਿਚ ਸਾਹ ਲੈ ਰਿਹਾ ਹੈ, ਇਸ ਖ਼ੁਸ਼ੀ ਦੀ ਕੀਮਤ ਅਦਾ ਕਰ ਰਿਹਾ ਹੈ। ਸੱਚੀ ਖ਼ੁਸ਼ੀ ਉਦੋਂ ਹੁੰਦੀ ਹੈ, ਜਦੋਂ ਸਾਡੇ ਦੀਵੇ ਕਿਸੇ ਨੂੰ ਨੁਕਸਾਨ ਨਹੀਂ ਪਹੁੰਚਾਉਂਦੇ। ਜਦੋਂ ਅਸੀਂ ਧਰਤੀ ਮਾਂ ਪ੍ਰਤੀ ਓਨੇ ਹੀ ਸੰਵੇਦਨਸ਼ੀਲ ਹੁੰਦੇ ਹਾਂ, ਜਿੰਨੇ ਅਸੀਂ ਆਪਣੇ ਘਰਾਂ ਪ੍ਰਤੀ ਹੁੰਦੇ ਹਾਂ। ਵਾਤਾਵਰਣ-ਅਨੁਕੂਲ ਦੀਵਾਲੀ ਮਨਾਉਣਾ ਹੁਣ ਸਿਰਫ਼ ਇੱਕ ਵਿਕਲਪ ਨਹੀਂ ਰਿਹਾ, ਇਹ ਇੱਕ ਜ਼ਿੰਮੇਵਾਰੀ ਹੈ। ਅਸੀਂ ਮਿੱਟੀ ਦੇ ਦੀਵਿਆਂ, ਕੁਦਰਤੀ ਰੰਗਾਂ ਨਾਲ ਸਜਾਵਟ ਅਤੇ ਸਥਾਨਕ ਉਤਪਾਦਾਂ ਦੀ ਵਰਤੋਂ ਕਰਕੇ ਇਸ ਤਿਉਹਾਰ ਨੂੰ ਸੁੰਦਰ ਬਣਾ ਸਕਦੇ ਹਾਂ ਅਤੇ ਇਹ ਸੁੰਦਰਤਾ ਨਕਲੀ ਲਾਈਟਾਂ ਨਾਲੋਂ ਕਿਤੇ ਜ਼ਿਆਦਾ ਸਥਾਈ ਹੈ।

ਦੀਵਾਲੀ ਦੇ ਮੌਕੇ 'ਤੇ, ਇੱਕ ਹੋਰ ਹਨੇਰੇ ਨੂੰ ਦੂਰ ਕਰਨ ਦੀ ਲੋੜ ਹੈ - ਇਕੱਲਤਾ ਅਤੇ ਮਾਨਸਿਕ ਬੇਚੈਨੀ ਦਾ। ਤਿਉਹਾਰਾਂ ਦਾ ਮੌਸਮ ਬਹੁਤਿਆਂ ਲਈ ਜਸ਼ਨ ਦਾ ਸਮਾਂ ਹੁੰਦਾ ਹੈ, ਪਰ ਕੁਝ ਲੋਕਾਂ ਲਈ, ਇਹ ਯਾਦਾਂ ਅਤੇ ਉਦਾਸੀ ਦਾ ਸਮਾਂ ਵੀ ਹੁੰਦਾ ਹੈ। ਉਨ੍ਹਾਂ ਲਈ ਜੋ ਬਹੁਤ ਦੂਰ ਹਨ, ਜਿਨ੍ਹਾਂ ਨੇ ਆਪਣੇ ਕਿਸੇ ਅਜ਼ੀਜ਼ ਨੂੰ ਗੁਆ ਦਿੱਤਾ ਹੈ, ਜਾਂ ਜੋ ਆਰਥਿਕ ਅਤੇ ਸਮਾਜਿਕ ਸੰਘਰਸ਼ਾਂ ਨਾਲ ਜੂਝ ਰਹੇ ਹਨ - ਇਹ ਰੌਸ਼ਨੀ ਅਕਸਰ ਡੰਗ ਮਾਰ ਸਕਦੀ ਹੈ। ਸਮਾਜ ਦਾ ਫਰਜ਼ ਹੈ ਕਿ ਉਹ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਇਸ ਰੌਸ਼ਨੀ ਵਿਚ ਸ਼ਾਮਲ ਕਰੇ। ਦੀਵਾਲੀ ਦਾ ਅਸਲ ਅਰਥ ਉਦੋਂ ਹੀ ਸਾਕਾਰ ਹੋਵੇਗਾ, ਜਦੋਂ ਕਿਸੇ ਦੇ ਘਰ ਵਿਚ ਹਨੇਰਾ ਸਾਡੇ ਦੀਵਿਆਂ ਦੁਆਰਾ ਦੂਰ ਹੋਵੇਗਾ।



ਸਾਡੇ ਧਰਮ ਗ੍ਰੰਥ ਕਹਿੰਦੇ ਹਨ, "ਤਮਸੋ ਮਾ ਜਯੋਤਿਰਗਮਯ" - ਭਾਵ, "ਸਾਨੂੰ ਹਨੇਰੇ ਤੋਂ ਰੌਸ਼ਨੀ ਵੱਲ ਵਧਣਾ ਚਾਹੀਦਾ ਹੈ।" ਇਹ ਰੌਸ਼ਨੀ ਸਿਰਫ਼ ਇੱਕ ਦੀਵੇ ਦੀ ਨਹੀਂ ਹੈ, ਸਗੋਂ ਗਿਆਨ, ਬੁੱਧੀ ਅਤੇ ਦਇਆ ਦੀ ਹੈ। ਜਦੋਂ ਦਇਆ ਦੀ ਰੌਸ਼ਨੀ ਦਿਲ ਵਿਚ ਬਲਦੀ ਹੈ, ਤਾਂ ਇਹ ਹਜ਼ਾਰਾਂ ਦੀਵਿਆਂ ਨਾਲੋਂ ਵੱਧ ਰੌਸ਼ਨੀ ਫੈਲਾਉਂਦੀ ਹੈ। ਦੀਵਾਲੀ ਸਾਨੂੰ ਸਿਖਾਉਂਦੀ ਹੈ ਕਿ ਜ਼ਿੰਦਗੀ ਵਿਚ ਰੌਸ਼ਨੀ ਫੈਲਾਉਣਾ ਸਿਰਫ਼ ਦੀਵੇ ਜਗਾਉਣ ਬਾਰੇ ਨਹੀਂ ਹੈ, ਸਗੋਂ ਦਿਆਲਤਾ, ਸੱਚਾਈ ਅਤੇ ਪਿਆਰ ਦੇ ਮਾਰਗ 'ਤੇ ਚੱਲਣ ਬਾਰੇ ਹੈ।

ਤਿਉਹਾਰ ਸਿਰਫ਼ ਪ੍ਰੰਪਰਾਵਾਂ ਦੀ ਪਾਲਣਾ ਕਰਨ ਬਾਰੇ ਨਹੀਂ ਹਨ। ਇਹ ਸਾਨੂੰ ਆਪਣੀ ਯਾਤਰਾ 'ਤੇ ਰੁਕਣ ਅਤੇ ਸੋਚਣ ਦਾ ਮੌਕਾ ਦਿੰਦੇ ਹਨ। ਦੀਵਾਲੀ ਸਾਨੂੰ ਯਾਦ ਦਿਵਾਉਂਦੀ ਹੈ ਕਿ ਬਾਹਰ ਦੀ ਰੌਸ਼ਨੀ ਤਾਂ ਹੀ ਸਥਾਈ ਹੈ, ਜੇਕਰ ਅੰਦਰ ਵੀ ਰੌਸ਼ਨੀ ਹੋਵੇ। ਇਹ ਉਦੋਂ ਹੁੰਦਾ ਹੈ, ਜਦੋਂ ਅਸੀਂ ਆਪਣੇ ਅੰਦਰ ਰਾਮ ਨੂੰ ਜਗਾਉਂਦੇ ਹਾਂ ਅਤੇ ਹੰਕਾਰ, ਨਫ਼ਰਤ ਅਤੇ ਲਾਲਚ ਦੇ ਰਾਵਣਾਂ ਨੂੰ ਸਾੜਦੇ ਹਾਂ, ਤਾਂ ਇੱਕ ਸੱਚੀ ਦੀਵਾਲੀ ਮਨਾਈ ਜਾਂਦੀ ਹੈ।

ਅੱਜ ਦੇ ਸਮੇਂ ਵਿਚ, ਇਹ ਵੀ ਬਹੁਤ ਜ਼ਰੂਰੀ ਹੈ ਕਿ ਅਸੀਂ ਦੀਵਾਲੀ ਨੂੰ "ਸਮੂਹਿਕਤਾ ਦਾ ਤਿਉਹਾਰ" ਬਣਾਈਏ। ਸਮਾਜਿਕ ਵੰਡ, ਜਾਤ ਅਤੇ ਧਾਰਮਿਕ ਵਖਰੇਵੇਂ ਅਤੇ ਆਰਥਿਕ ਅਸਮਾਨਤਾ ਦੀਆਂ ਕੰਧਾਂ - ਇਹ ਸਾਡੇ ਯੁੱਗ ਦਾ ਹਨੇਰਾ ਹਨ। ਜੇਕਰ ਹਰੇਕ ਵਿਅਕਤੀ ਆਪਣੇ ਪੱਧਰ 'ਤੇ ਥੋੜ੍ਹੀ ਜਿਹੀ ਰੌਸ਼ਨੀ ਫੈਲਾ ਸਕਦਾ ਹੈ - ਕਿਸੇ ਗਰੀਬ ਵਿਅਕਤੀ ਨੂੰ ਭੋਜਨ ਦੇਣਾ, ਕਿਸੇ ਬੱਚੇ ਦੀ ਸਿੱਖਿਆ ਦਾ ਸਮਰਥਨ ਕਰਨਾ, ਜਾਂ ਕਿਸੇ ਬਿਮਾਰ ਵਿਅਕਤੀ ਦੀ ਸਹਾਇਤਾ ਕਰਨਾ, ਤਾਂ ਦੀਵਾਲੀ ਸਭ ਤੋਂ ਵੱਧ ਚਮਕਦਾਰ ਹੋਵੇਗੀ। ਸੱਚੀ ਲਕਸ਼ਮੀ ਉਹ ਹੈ, ਜੋ ਦਇਆ, ਦਿਆਲਤਾ ਅਤੇ ਸੇਵਾ ਦੇ ਰੂਪ ਵਿਚ ਘਰ ਵਿਚ ਪ੍ਰਵੇਸ਼ ਕਰਦੀ ਹੈ।

ਦੀਵਾਲੀ ਨੂੰ ਕਾਰੋਬਾਰ ਦਾ ਤਿਉਹਾਰ ਵੀ ਮੰਨਿਆ ਜਾਂਦਾ ਹੈ। ਇਹ ਇੱਕ ਅਜਿਹਾ ਸਮਾਂ ਹੁੰਦਾ ਹੈ, ਜਦੋਂ ਬਾਜ਼ਾਰ ਜੋਸ਼ ਭਰੇ ਹੁੰਦੇ ਹਨ ਅਤੇ ਕਾਰੋਬਾਰੀਆਂ ਦੀਆਂ ਉਮੀਦਾਂ ਉੱਚੀਆਂ ਹੁੰਦੀਆਂ ਹਨ। ਪਰ ਵਪਾਰਕ ਭਾਈਚਾਰੇ ਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਸੱਚਾ ਮੁਨਾਫ਼ਾ ਸਿਰਫ਼ ਵਿੱਤੀ ਹੀ ਨਹੀਂ, ਸਗੋਂ ਨੈਤਿਕ ਵੀ ਹੁੰਦਾ ਹੈ। ਇਮਾਨਦਾਰੀ, ਪਾਰਦਰਸ਼ਤਾ ਅਤੇ ਗਾਹਕਾਂ ਲਈ ਸਤਿਕਾਰ ਸਥਾਈ ਸੰਪਤੀ ਹਨ। ਜਦੋਂ ਬਾਜ਼ਾਰ ਵਿਚ ਵਿਸ਼ਵਾਸ ਦੀ ਰੋਸ਼ਨੀ ਚਮਕੇਗੀ, ਤਾਂ ਹੀ ਸਮਾਜ ਖੁਸ਼ਹਾਲ ਹੋਵੇਗਾ।

ਸਾਡੀ ਸੰਸਕ੍ਰਿਤੀ ਇਹ ਵੀ ਕਹਿੰਦੀ ਹੈ, "ਦੀਵਾਲੀ ਨਾ ਸਿਰਫ਼ ਖੁਸ਼ਹਾਲੀ ਦਾ ਪ੍ਰਤੀਕ ਹੈ, ਸਗੋਂ ਸੰਜਮ ਦਾ ਵੀ ਪ੍ਰਤੀਕ ਹੈ।" ਇਸ ਲਈ, ਸੱਚੀ ਸ਼ਰਧਾ ਬਹੁਤ ਜ਼ਿਆਦਾ ਖਪਤ, ਦਿਖਾਵੇ ਅਤੇ ਮੁਕਾਬਲੇ ਤੋਂ ਬਚਣ ਵਿਚ ਹੈ। ਇਹ ਤਿਉਹਾਰ ਸਾਨੂੰ ਸਿਖਾਉਂਦਾ ਹੈ ਕਿ "ਥੋੜ੍ਹੇ ਵਿਚ ਬਹੁਤ ਕੁਝ" ਕਿਵੇਂ ਲੱਭਣਾ ਹੈ। ਜਿੱਥੇ ਪਿਆਰ, ਸੰਤੁਸ਼ਟੀ ਅਤੇ ਏਕਤਾ ਹੈ, ਹਰ ਦਿਨ ਦੀਵਾਲੀ ਹੈ।

ਅੱਜ, ਸਾਨੂੰ ਦੀਵਾਲੀ ਨੂੰ ਇੱਕ ਅਧਿਆਤਮਿਕ ਅਤੇ ਸਮਾਜਿਕ ਲਹਿਰ ਵਜੋਂ ਦੇਖਣ ਦੀ ਲੋੜ ਹੈ। ਹਰ ਵਿਅਕਤੀ ਨੂੰ ਆਪਣੇ ਜੀਵਨ ਵਿਚ ਇੱਕ ਸੰਕਲਪ ਲੈਣਾ ਚਾਹੀਦਾ ਹੈ - ਕਿਸੇ ਨਾ ਕਿਸੇ ਰੂਪ ਵਿਚ ਰੌਸ਼ਨੀ ਫੈਲਾਉਣ ਦਾ। ਕੋਈ ਗਿਆਨ ਦਾ ਦੀਵਾ ਜਗਾਏਗਾ, ਕੋਈ ਮਦਦ ਦਾ, ਕੋਈ ਪਿਆਰ ਦਾ। ਜਦੋਂ ਹਰ ਵਿਅਕਤੀ ਦੀਵਾ ਬਣ ਜਾਵੇਗਾ, ਤਾਂ ਸਮਾਜ ਵਿਚ ਇੱਕ ਅਜਿਹੀ ਰੋਸ਼ਨੀ ਫੈਲੇਗੀ ਜਿਸਨੂੰ ਕੋਈ ਵੀ ਹਨੇਰਾ ਬੁਝਾ ਨਹੀਂ ਸਕਦਾ।

ਕਈ ਵਾਰ ਇਸ ਤਿਉਹਾਰ ਨੂੰ ਸ਼ਾਂਤੀ ਦੇ ਪਲ ਨਾਲ ਮਨਾਉਣਾ ਵੀ ਜ਼ਰੂਰੀ ਹੁੰਦਾ ਹੈ। ਆਤਮ-ਨਿਰੀਖਣ ਦੇ ਕੁਝ ਪਲ, ਆਪਣੇ ਅਜ਼ੀਜ਼ਾਂ ਨਾਲ ਸਮਾਂ ਬਿਤਾਉਣਾ ਅਤੇ ਆਪਣੀਆਂ ਪ੍ਰਾਪਤੀਆਂ ਅਤੇ ਕਮੀਆਂ 'ਤੇ ਵਿਚਾਰ ਕਰਨਾ ਵੀ ਦੀਵਾਲੀ ਦਾ ਹਿੱਸਾ ਹੋਣਾ ਚਾਹੀਦਾ ਹੈ। ਜਦੋਂ ਅਸੀਂ ਆਪਣੇ ਅੰਦਰ ਦੀ ਰੌਸ਼ਨੀ ਨਾਲ ਰਸਤਾ ਰੌਸ਼ਨ ਕਰਦੇ ਹਾਂ, ਤਾਂ ਜੀਵਨ ਦੀ ਦਿਸ਼ਾ ਸਪੱਸ਼ਟ ਹੋ ਜਾਂਦੀ ਹੈ।

ਦੀਵਾਲੀ ਦਾ ਅਰਥ ਸਿਰਫ਼ "ਦੀਵਾ" ਹੀ ਨਹੀਂ, ਸਗੋਂ "ਅਵਾਲੀ" ਵੀ ਹੈ, ਜਿਸਦਾ ਅਰਥ ਹੈ ਜ਼ੰਜੀਰ। ਇਹ ਜ਼ੰਜੀਰ ਦਰਸਾਉਂਦੀ ਹੈ ਕਿ ਰੌਸ਼ਨੀ ਇੱਕ ਤੋਂ ਦੂਜੇ ਤੱਕ ਜਾਂਦੀ ਹੈ। ਇਹ ਮਨੁੱਖਤਾ ਦਾ ਮੂਲ ਸੰਦੇਸ਼ ਹੈ - ਇੱਕ ਦੀਵਾ ਦੂਜੇ ਨੂੰ ਜਗਾਏ, ਇੱਕ ਦਿਲ ਦੂਜੇ ਨੂੰ ਰੌਸ਼ਨ ਕਰੇ। ਕੇਵਲ ਤਦ ਹੀ ਇਹ ਸੰਸਾਰ ਹਨੇਰੇ ਤੋਂ ਮੁਕਤ ਹੋਵੇਗਾ।

ਅੰਤ ਵਿਚ, ਇਸ ਦੀਵਾਲੀ, ਆਓ ਅਸੀਂ ਸਿਰਫ਼ ਆਪਣੇ ਘਰਾਂ ਨੂੰ ਹੀ ਨਹੀਂ, ਸਗੋਂ ਆਪਣੇ ਵਿਚਾਰਾਂ, ਵਿਵਹਾਰ ਅਤੇ ਸਮਾਜ ਨੂੰ ਵੀ ਰੌਸ਼ਨ ਕਰਨ ਦਾ ਸੰਕਲਪ ਕਰੀਏ। ਸ਼ੋਰ ਅਤੇ ਪ੍ਰਦੂਸ਼ਣ ਤੋਂ ਰਹਿਤ, ਸਾਦਗੀ ਅਤੇ ਪਿਆਰ ਨਾਲ ਭਰੀ ਦੀਵਾਲੀ ਸੱਚਮੁੱਚ "ਖੁਸ਼ੀ ਅਤੇ ਸ਼ਾਂਤੀ ਦੀ ਦੀਵਾਲੀ" ਹੋਵੇਗੀ। ਇਹ ਦੀਵਾ ਭਾਰਤ ਦੇ ਸੱਭਿਆਚਾਰ ਦਾ ਪ੍ਰਤੀਕ ਬਣ ਜਾਵੇਗਾ - ਜਿੱਥੇ ਰੌਸ਼ਨੀ ਸਿਰਫ਼ ਬਿਜਲੀ ਰਾਹੀਂ ਹੀ ਨਹੀਂ, ਸਗੋਂ ਮਨੁੱਖਤਾ ਰਾਹੀਂ ਵੀ ਫੈਲਦੀ ਹੈ।

# 'ਬੰਦੀ ਛੋੜ'

ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
510-415-9377
ਪੰਜਾਬ ਮੇਲ USA





ਬੰਦੀ ਛੋੜ ਦਿਵਸ ਸੰਸਾਰਕ, ਰਾਜਨੀਤਿਕ ਅਤੇ ਆਤਮਿਕ ਗੁਲਾਮੀ ਤੋਂ ਆਜ਼ਾਦ ਹੋਣ ਦਾ ਪ੍ਰਤੀਕ ਹੈ। ਮੁਗਲ ਹਾਕਮਾਂ ਦਾ ਧਾਰਮਿਕ ਤੇ ਸਿਆਸੀ ਜਬਰ ਸਮਾਜ ਦੀ ਇਖਲਾਕੀ ਬਣਤਰ ਨੂੰ ਢਾਅ ਲਾ ਰਿਹਾ ਸੀ। ਸਿੱਖ ਧਰਮ ਮੂਲ ਰੂਪ ਵਿਚ ਇੱਕ ਸਮਾਜ ਸੁਧਾਰ ਲਹਿਰ ਹੈ, ਜਿਸ ਦਾ ਪ੍ਰਬਲ ਨਿਸ਼ਾਨਾ ਜਬਰ ਦੇ ਖਿਲਾਫ ਲੜਨਾ ਹੈ। ਸਾਰੀ ਹੀ ਲੜਾਈ ਬਦੀ ਦੇ ਖਿਲਾਫ ਹੈ। ਸਿੱਖ ਗੁਰੂ ਸਾਹਿਬਾਨ ਦਾ ਇਹ ਸੰਕਲਪ ਰਿਹਾ ਹੈ ਕਿ ਸਮਾਜ ਦੇ ਦੱਬੇ-ਕੁਚਲੇ, ਲੁੱਟੇ-ਪੁੱਟੇ, ਨਿਖਿੱਧ, ਨਿਤਾਣੇ, ਜਿਨ੍ਹਾਂ ਨੂੰ ਮੁਗਲ ਅਨਜਾਣ ਅਤੇ ਨਿਕੰਮੇ ਸਮਝਦੇ ਸਨ, ਉਹ ਆਪਣੀ ਹੋਂਦ ਆਪ ਨਿਸ਼ਚਿਤ ਕਰਨ। ਉਹ ਜ਼ੁਲਮ ਦੇ ਖਿਲਾਫ ਡੱਟ ਜਾਣ।

ਗੁਰੂ ਅਰਜਨ ਦੇਵ ਸਾਹਿਬ ਜੀ ਨੇ ਆਪਣੀ ਸ਼ਹਾਦਤ ਤੋਂ ਪਹਿਲਾਂ ਇਹ ਜਾਣ ਲਿਆ ਸੀ ਕਿ ਧਰਮ ਦੀ ਸੁਤੰਤਰਤਾ ਅਤੇ ਰੱਖਿਆ ਲਈ ਹਥਿਆਰਾਂ ਦੀ ਵਰਤੋਂ ਕੀਤੀ ਜਾਣੀ ਲਾਜ਼ਮੀ ਹੋਵੇਗੀ। ਗੁਰੂ ਸਾਹਿਬ ਜੀ ਦੇ ਸਪੁੱਤਰ ਹਰਿਗੋਬਿੰਦ ਜੀ ਦਾ ਜਨਮ 14 ਜੂਨ, 1595 ਈ. ਨੂੰ ਵਡਾਲੀ ਵਿਖੇ ਹੋਇਆ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਆਪਣੇ ਸਪੁੱਤਰ ਲਈ ਪਹਿਲਾਂ ਹੀ ਅਧਿਆਤਮਕ ਵਿਦਿਆ ਦੇ ਨਾਲ-ਨਾਲ ਹਥਿਆਰਾਂ ਦੀ ਸਿਖਲਾਈ ਅਰਥਾਤ ਸ਼ਸਤਰ ਵਿਦਿਆ ਦਾ ਪ੍ਰਬੰਧ ਕਰ ਲਿਆ ਸੀ। ਗੁਰੂ ਸਾਹਿਬ ਜੀ ਨੇ ਆਪਣੀ ਗ੍ਰਿਫਤਾਰੀ ਵਾਸਤੇ ਲਾਹੌਰ ਜਾਣ ਤੋਂ ਪਹਿਲਾਂ ਹਰਿਗੋਬਿੰਦ ਜੀ ਨੂੰ ਹਦਾਇਤ ਕੀਤੀ ਕਿ ਗੁਰਗੱਦੀ 'ਤੇ ਹਥਿਆਰਬੰਦ ਹੋ ਕੇ ਬੈਠਣਾ ਹੈ। ਲੋੜ ਮੁਤਾਬਕ ਰੱਖਿਆ ਲਈ ਫੌਜ ਵੀ ਰੱਖਣੀ ਹੈ।

ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹਾਦਤ ਉਪਰੰਤ ਗੁਰੂ ਹਰਿਗੋਬਿੰਦ ਸਾਹਿਬ ਜੀ 25 ਮਈ, 1606 ਨੂੰ ਗੁਰਗੱਦੀ 'ਤੇ ਵਿਰਾਜਮਾਨ ਹੋਏ। ਉਨ੍ਹਾਂ ਨੇ 'ਮੀਰੀ-ਪੀਰੀ' ਦੀਆਂ ਦੋ ਕ੍ਰਿਪਾਨਾਂ ਧਾਰਨ ਕੀਤੀਆਂ। ਉਨ੍ਹਾਂ ਨੇ ਮੁਗਲਾਂ ਦੇ ਜਬਰ ਨਾਲ ਨਜਿੱਠਣ ਲਈ ਸਿੱਖ ਕੌਮ ਨੂੰ ਹਥਿਆਰਬੰਦ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਨੇ ਸਿੱਖਾਂ ਨੂੰ ਮੁਗਲਾਂ ਦੇ ਜ਼ੁਲਮਾਂ ਵਿਰੁੱਧ ਡੱਟ ਜਾਣ ਦਾ ਐਲਾਨ ਕੀਤਾ। ਬਦੀ ਨੂੰ ਲੜ ਜੂਝ ਕੇ ਖਤਮ ਕਰਨ ਦਾ ਫੈਸਲਾ ਨਿਸ਼ਚਿਤ ਹੋ ਗਿਆ। ਗੁਰੂ ਸਾਹਿਬ ਨੇ ਮਰਹੱਟਿਆਂ ਦੇ ਗੁਰੂ ਸਮਰਥ ਰਾਮਦਾਸ ਜੀ ਨੂੰ ਸਪੱਸ਼ਟ ਕੀਤਾ ਕਿ ਅੰਤਰਮੁਖੀ ਸਾਧ ਹਾਂ, ਬਾਹਰਮੁਖੀ ਰਾਜੇ ਹਾਂ। ਸ਼ਸਤਰ ਗਰੀਬ ਦੀ ਰਾਖੀ ਅਤੇ ਅੱਤਿਆਚਾਰ ਦੇ ਨਾਸ਼ ਲਈ ਹਨ। ਗੁਰੂ ਸਾਹਿਬ ਨੇ ਪਹਿਲੀ ਵਾਰ ਬਕਾਇਦਾ ਫੌਜੀ ਤਾਕਤ ਦਾ ਸੰਗਠਨ ਕੀਤਾ।

ਦੁਨਿਆਵੀ ਰਾਜਿਆਂ-ਮਹਾਰਾਜਿਆਂ ਦੇ ਰਾਜ ਤਖਤ ਦੇ ਮੁਕਾਬਲੇ ਅੰਮ੍ਰਿਤਸਰ ਵਿਚ ਸਿੱਖ ਕੌਮ ਸੰਬੰਧੀ ਨਿਰਣਿਆਂ ਲਈ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ। ਸੰਗਤਾਂ ਨੂੰ ਸੁਚੇਤ ਕੀਤਾ ਕਿ ਜਿੱਥੇ ਰਸਦ, ਵਸਤ ਅਤੇ ਮਾਇਆ ਭੇਟ ਹੁੰਦੀ ਹੈ, ਉਥੇ ਨਾਲ ਹੀ ਵਧੀਆ ਸ਼ਸਤਰ ਅਤੇ ਚੰਗੀ ਨਸਲ ਦੇ ਘੋੜੇ ਵੀ ਭੇਟ ਕੀਤੇ ਜਾਣ। ਸੁਡੋਲ ਜਵਾਨੀਆਂ ਵਾਲੇ ਨੌਜਵਾਨ ਸ਼ਾਮਲ ਹੋਣ। ਜਵਾਨੀਆਂ ਕਾਇਮ ਰੱਖਣ ਲਈ ਕਸ਼ਤਰ, ਕੁਸ਼ਤੀਆਂ, ਘੋੜ ਸਵਾਰੀ ਅਤੇ ਸ਼ਿਕਾਰ ਖੇਡਣ। ਚੜ੍ਹਦੀ ਕਲਾ ਦਾ ਦੌਰ ਸ਼ੁਰੂ ਹੋਇਆ। ਯੁੱਧ ਕਲਾ ਵਿਚ ਨਿਪੁੰਨ ਹੋਣ ਦਾ ਸੱਦਾ ਦਿੱਤਾ। ਸੂਰਮਿਆਂ ਦੀਆਂ ਵਾਰਾਂ ਸਿੱਖਾਂ ਦੇ ਮਨਾਂ ਵਿਚ ਬੀਰ ਰਸ ਭਰਦੀਆਂ। ਬੀਰ-ਨਗਾਰੇ ਵੱਜਣ ਲੱਗੇ। ਨਿਸ਼ਾਨ ਸਾਹਿਬ ਝੂਲਣ ਲੱਗੇ। ਯੋਧੇ ਇਕੱਠੇ ਹੋਣ ਲੱਗੇ। ਸੰਤ ਸਿਪਾਹੀ ਸੂਰਬੀਰ ਧਰਮੀ ਯੋਧਿਆਂ ਦੀ ਕੌਮ ਤਿਆਰ ਹੋਣ ਲੱਗੀ। ਗੁਰੂ ਸਾਹਿਬ ਜੀ ਤਖਤ 'ਤੇ ਬੈਠ ਕੇ ਸੰਗਤਾਂ ਦੇ ਫੈਸਲੇ ਆਪ ਕਰਨ ਲੱਗੇ। ਅੰਮ੍ਰਿਤਸਰ ਨੂੰ ਖੁਦਮੁਖਤਿਆਰ ਅਤੇ ਸੁਰੱਖਿਆ ਲਈ 'ਲੋਹਗੜ੍ਹ' ਦਾ ਕਿਲ੍ਹਾ ਬਣਵਾਇਆ।

ਗੁਰੂ ਸਾਹਿਬ ਜੀ ਦੀ ਸ਼ਾਹੀ ਸੁਤੰਤਰ ਤੇ ਬੇਬਾਕ ਜੀਵਨਸ਼ੈਲੀ ਹਕੂਮਤ ਨੂੰ ਰੜਕਣ ਲੱਗੀ। ਗੁਰੂ ਘਰ ਦੇ ਦੋਖੀਆਂ ਨੇ ਮੁਗਲ ਹਾਕਮਾਂ ਨੂੰ ਭੜਕਾਉਣਾ ਸ਼ੁਰੂ ਕਰ ਦਿੱਤਾ। ਦੋਖੀ ਚੰਦੂ ਅਤੇ ਮਿਹਰਬਾਨ ਨੇ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਸਿੱਖ ਗੁਰੂ ਤਖਤ 'ਤੇ ਬੈਠਦਾ ਹੈ। ਲੋਕ ਉਸ ਨੂੰ ਸੱਚਾ-ਪਾਤਿਸ਼ਾਹ ਕਹਿੰਦੇ ਹਨ। ਉਹ ਸੰਗਤਾਂ ਦੇ ਫੈਸਲੇ ਆਪ ਕਰਦਾ ਹੈ। ਉਸ ਦਾ ਸ਼ਾਹੀ ਠਾਠ-ਬਾਠ ਹੈ। ਉਸ ਦੀ ਵੱਧਦੀ ਜਾਂਦੀ ਫੌਜੀ ਤਾਕਤ ਮੁਗਲ ਹਕੂਮਤ ਲਈ ਖਤਰਾ ਹੈ। ਮੁਗਲ ਬਾਦਸ਼ਾਹ ਜਹਾਂਗੀਰ ਨੂੰ ਵੀ ਲੱਗਦਾ ਸੀ ਕਿ ਸ਼ਾਇਦ ਗੁਰੂ ਸਾਹਿਬ ਸਾਰੀ ਜੰਗੀ ਤਿਆਰੀ ਮੁਗਲ ਹਕੂਮਤ ਕੋਲੋਂ ਆਪਣੇ ਗੁਰ-ਪਿਤਾ ਦੀ ਸ਼ਹਾਦਤ ਦਾ ਬਦਲਾ ਲੈਣ ਲਈ ਕਰ ਰਹੇ ਹੋਣਗੇ। ਬਾਦਸ਼ਾਹ ਨੇ ਆਪਣੇ ਅਧਿਕਾਰੀਆਂ ਦੇ ਪ੍ਰਭਾਵ ਹੇਠ ਆ ਕੇ, ਸਿੱਖਾਂ ਦੀਆਂ ਸਰਗਰਮੀਆਂ ਨੂੰ ਦਬਾਉਣ ਦਾ ਫੈਸਲਾ ਕਰ ਲਿਆ। ਬਾਦਸ਼ਾਹ ਨੂੰ ਯਕੀਨ ਹੋ ਗਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹਾਦਤ ਨੇ ਸਿੱਖਾਂ ਨੂੰ ਕਮਜ਼ੋਰ ਅਤੇ ਭੈਅ-ਭੀਤ ਹੋਣ ਦੀ ਥਾਂ 'ਤੇ ਦਲੇਰ ਅਤੇ ਨਿਡਰ ਬਣਾ ਦਿੱਤਾ ਹੈ। ਇਹ ਸੱਚਮੁੱਚ ਹਕੂਮਤ ਲਈ ਖਤਰਾ ਹੋਣਗੇ। ਬਾਦਸ਼ਾਹ ਨੇ ਗੁਰੂ ਸਾਹਿਬ ਜੀ ਨੂੰ ਹੀ ਨਿਸ਼ਾਨਾ ਬਣਾਉਣ ਦੀਆਂ ਚਾਲਾਂ ਹੇਠ ਗੁਰੂ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ 'ਚ ਬੰਦੀ ਬਣਾ ਦਿੱਤਾ।

ਬਾਦਸ਼ਾਹ ਵੱਲੋਂ ਵੱਖ-ਵੱਖ ਰਿਆਸਤਾਂ ਦੇ ਬਵੰਜਾ ਰਾਜਿਆਂ ਦੀਆਂ ਰਿਆਸਤਾਂ ਹਥਿਆਉਣ ਉਪਰੰਤ, ਉਨ੍ਹਾਂ ਨੂੰ ਵੀ ਬੰਦੀ ਬਣਾ ਕੇ ਗਵਾਲੀਅਰ ਦੇ ਕਿਲ੍ਹੇ 'ਚ ਰੱਖਿਆ ਹੋਇਆ ਸੀ। ਰਾਜਸੀ ਰਾਜੇ ਬਹੁਤ ਹੀ ਮੰਦੀ ਹਾਲਤ ਵਿਚ ਕੈਦ ਕੱਟ ਰਹੇ ਸਨ। ਉਹ ਆਪਣੀ ਆਜ਼ਾਦੀ ਦਾ ਖਿਆਲ ਛੱਡ ਕੇ ਬੜੀ ਨਿਰਾਸ਼ਾ ਵਿਚ ਰਹਿ ਰਹੇ ਸਨ। ਗੁਰੂ ਸਾਹਿਬ ਜੀ ਨੇ ਬੰਦੀ ਬਣਾਏ ਜਾਣ ਨੂੰ ਪ੍ਰਮਾਤਮਾ ਦੀ ਮਿਹਰ ਵਜੋਂ ਸਵਿਕਾਰ ਕਰਦਿਆਂ, ਰਾਜਿਆਂ ਨੂੰ ਸਮਝਾਇਆ ਕਿ ਜ਼ੁਲਮ ਸਿਰਫ ਸਰੀਰ ਨੂੰ ਬੰਦੀ ਬਣਾ ਸਕਦਾ ਹੈ, ਆਤਮਾ ਨੂੰ ਨਹੀਂ। ਗੁਰੂ ਸਾਹਿਬ ਨੇ ਫੁਰਮਾਇਆ ਕਿ ਇਸ ਨਾਲ ਸਾਨੂੰ ਪ੍ਰਮਾਤਮਾ ਦੇ ਸਿਮਰਨ 'ਚ ਵਧੇਰੇ ਸਮਾਂ ਬਿਤਾਉਣ ਦਾ ਮੌਕਾ ਮਿਲਿਆ ਹੈ। ਗੁਰੂ ਸਾਹਿਬ ਜੀ ਦੇ ਚੜ੍ਹਦੀ ਕਲਾ ਵਾਲੇ ਵਿਚਾਰਾਂ ਦਾ ਰਾਜਿਆਂ ਦੇ ਮਨਾਂ 'ਤੇ ਭਾਰੀ ਅਸਰ ਹੋਇਆ। ਉਹ ਰਾਜੇ ਗੁਰੂ ਸਾਹਿਬ ਜੀ ਦੇ ਸ਼ਰਧਾਲੂ ਬਣ ਗਏ। ਗੁਰੂ ਸਾਹਿਬ ਜੀ ਨੇ ਉਨ੍ਹਾਂ ਲਈ ਵਧੀਆ ਪੁਸ਼ਾਕ ਅਤੇ ਚੰਗੀ ਖੁਰਾਕ ਦਾ ਪ੍ਰਬੰਧ ਕਰਵਾ ਲਿਆ ਸੀ।

ਗੁਰੂ ਸਾਹਿਬ ਜੀ ਦੀ ਸਾਜ਼ਿਸ਼ ਅਧੀਨ ਵਧਾਈ ਜਾਂਦੀ ਕੈਦ ਨੂੰ ਵੇਖ ਕੇ ਸਿੱਖਾਂ ਸਮੇਤ ਆਮ ਜਨਤਾ ਅਤੇ ਧਰਮਾਂ ਦੇ ਲੋਕਾਂ ਵੱਲੋਂ ਵਿਦਰੋਹ ਕੀਤਾ ਜਾਣ ਲੱਗਾ। ਸਿੱਖ ਰੋਹ ਵਿਚ ਆ ਕੇ ਥਾਂ-ਥਾਂ ਤੋਂ ਜੱਥੇ ਬਣਾ ਕੇ ਗਵਾਲੀਅਰ ਦੇ ਕਿਲ੍ਹੇ ਪਹੁੰਚਣ ਲੱਗੇ। ਪਰ ਮੁਲਾਕਾਤ ਦੀ ਇਜਾਜ਼ਤ ਨਾ ਮਿਲਦੀ। ਗੁਰੂ ਸਾਹਿਬ ਜੀ ਨੇ ਸੰਗਤਾਂ ਨੂੰ ਧੀਰਜ ਰੱਖਣ ਅਤੇ ਚੜ੍ਹਦੀ ਕਲਾ ਦਾ ਉਪਦੇਸ਼ ਦਿੱਤਾ। ਜਨਤਾ ਦਾ ਵਿਰੋਧ ਵੇਖ ਕੇ ਮੁਗਲ ਹਕੂਮਤ ਨੇ ਗੁਰੂ ਸਾਹਿਬ ਜੀ ਨੂੰ ਰਿਹਾਅ ਕਰਨ ਦਾ ਫੈਸਲਾ ਲਿਆ।

ਗੁਰੂ ਸਾਹਿਬ ਜੀ ਨੇ ਮੁਗਲ ਹਕੂਮਤ ਅੱਗੇ ਆਪਣੀ ਰਿਹਾਈ ਦੇ ਨਾਲ ਹੀ ਬਵੰਜਾ ਰਾਜਸੀ ਰਾਜਿਆਂ ਦੀ ਰਿਹਾਈ ਦੀ ਵੀ ਮੰਗ ਰੱਖ ਦਿੱਤੀ। ਗੁਰੂ ਸਾਹਿਬ ਜੀ ਦੇ ਰੂਹਾਨੀ ਰਸੂਖ ਅੱਗੇ ਬਾਦਸ਼ਾਹ ਨੂੰ ਝੁਕਣਾ ਪਿਆ। ਇਸ ਤਰ੍ਹਾਂ ਗੁਰੂ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ 'ਚੋਂ 52 ਬੰਦੀ ਰਾਜਸੀ ਰਾਜਿਆਂ ਨੂੰ ਮੁਕਤ ਕਰਵਾ ਕੇ 'ਬੰਦੀ ਛੋੜ ਦਾਤਾ' ਬਣੇ। ਰਿਹਾਈ ਉਪਰੰਤ ਗੁਰੂ ਸਾਹਿਬ ਅੰਮ੍ਰਿਤਸਰ ਪਹੁੰਚੇ। ਸਿੱਖ ਸੰਗਤਾਂ ਨੇ ਸਾਰੇ ਸ਼ਹਿਰ ਵਿਚ ਘਰ-ਘਰ ਦੀਵੇ ਬਾਲ ਕੇ ਗੁਰੂ ਸਾਹਿਬ ਜੀ ਦਾ ਸੁਆਗਤ ਰੌਸ਼ਨੀਆਂ ਨਾਲ ਕੀਤਾ। ਸਬੱਬੀ ਉਹ ਦਿਨ ਦਿਵਾਲੀ ਦਾ ਸੀ। ਸੰਗਤਾਂ ਨੇ ਖੁਸ਼ੀ ਮਨਾਉਂਦਿਆਂ ਇਸ ਦਿਹਾੜੇ 'ਬੰਦੀ ਛੋੜ ਦਿਵਸ' ਵਜੋਂ ਯਾਦ ਕਰਨਾ ਸ਼ੁਰੂ ਕਰ ਦਿੱਤਾ।

ਪ੍ਰੰਪਰਾਗਤ ਅਠਾਰਵੀਂ ਸਦੀ ਵਿਚ ਸਰਬੱਤ ਖਾਲਸਾ ਦੇ ਰੂਪ ਵਿਚ, ਸਿੱਖ ਸੰਗਤਾਂ ਵਿਸਾਖੀ ਅਤੇ ਬੰਦੀ ਛੋੜ ਦਿਵਸ 'ਤੇ ਅੰਮ੍ਰਿਤਸਰ ਇਕੱਠੀਆਂ ਹੋਣ ਲੱਗੀਆਂ। ਇਸ ਮੌਕੇ ਸਵੈ-ਪੜਚੋਲ ਹੁੰਦੀ ਅਤੇ ਭਵਿੱਖ ਲਈ ਵਿਉਂਤਬੰਦੀ ਕੀਤੀ ਜਾਂਦੀ। ਸਿੱਖਾਂ ਦੇ ਜ਼ੁਲਮਾਂ ਅੱਗੇ ਡੱਟ ਜਾਣ ਤੋਂ ਮੁਗਲ ਹਕੂਮਤ ਪ੍ਰੇਸ਼ਾਨ ਸੀ। ਹਕੂਮਤ ਨੇ ਆਪਣੀ ਅਸਫਲਤਾ ਨੂੰ ਵੇਖਦਿਆਂ, ਹਾਕਮਾਂ ਨੇ ਸਿੱਖਾਂ ਦੀ ਸ਼ਕਤੀ ਦੇ ਸੋਮੇ ਹਰਿਮੰਦਰ ਸਾਹਿਬ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਦਰਬਾਰ ਸਾਹਿਬ ਵਿਖੇ ਸਿੱਖਾਂ ਦੀ ਆਮਦ 'ਤੇ ਤਰ੍ਹਾਂ-ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ ਜਾਣ ਲੱਗੀਆਂ। ਦਸਮ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੋਤੀ-ਜੋਤਿ ਸਮਾਉਣ ਅਤੇ ਬਾਬਾ ਬੰਦਾ ਸਿੰਘ ਜੀ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਮੁਗਲਾਂ ਦੇ ਸਿੱਖ ਕੌਮ 'ਤੇ ਅੱਤਿਆਚਾਰ ਜ਼ੋਰਾਂ 'ਤੇ ਹੋ ਗਏ। ਸਿੱਖ ਜੰਗਲਾਂ ਅਤੇ ਵੀਰਾਨ ਥਾਵਾਂ 'ਤੇ ਸਮਾਂ ਗੁਜ਼ਾਰਦੇ ਹੋਏ ਵੀ, ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਜ਼ਰੂਰ ਪਹੁੰਚਦੇ। ਮੁਗਲਾਂ ਵੱਲੋਂ ਹਰਿਮੰਦਰ ਸਾਹਿਬ ਵਿਖੇ ਬੰਦੀ ਛੋੜ ਦਿਵਸ ਮਨਾਉਣ ਤੋਂ ਰੋਕਣ ਲਈ ਵੀ ਸਿੱਖ ਸੰਗਤ ਦੀ ਆਮਦ ਨੂੰ ਰੋਕਣ ਲਈ ਕੋਸ਼ਿਸ਼ਾਂ ਕੀਤੀਆਂ ਗਈਆਂ। ਸੰਗਤਾਂ ਵਿਚ ਭਾਰੀ ਉਤਸ਼ਾਹ ਸੀ। ਉਸ ਸਮੇਂ ਦਰਬਾਰ ਸਾਹਿਬ ਵਿਖੇ ਮੁੱਖ ਗ੍ਰੰਥੀ ਦੀ ਸੇਵਾ ਨਿਭਾਅ ਰਹੇ ਭਾਈ ਮਨੀ ਸਿੰਘ ਜੀ ਨੇ ਮੁਗਲ ਹਕੂਮਤ ਤੋਂ ਬੰਦੀ ਛੋੜ ਦਿਵਸ ਦੇ ਜੋੜ ਮੇਲੇ ਨੂੰ ਮਨਾਉਣ ਦੀ ਇਜਾਜ਼ਤ ਮੰਗੀ। ਹਕੂਮਤ ਨੇ ਮਹਿਸੂਲ ਦੀ ਅਦਾਇਗੀ ਬਦਲੇ ਮਨਜ਼ੂਰੀ ਦਿੱਤੀ ਕਿ 10 ਹਜ਼ਾਰ ਰੁਪਏ ਅਦਾ ਕਰਨੇ ਪੈਣਗੇ। ਨਾਲ ਹੀ ਮੁਗਲ ਅਧਿਕਾਰੀਆਂ ਨੇ ਇਕੱਠੇ ਹੋਏ ਸਿੱਖਾਂ ਨੂੰ ਘੇਰ ਕੇ ਮਾਰ ਮੁਕਾਉਣ ਦਾ ਇਰਾਦਾ ਕਰ ਲਿਆ। ਭਾਈ ਮਨੀ ਸਿੰਘ ਜੀ ਨੂੰ ਜਦ ਮੁਗਲਾਂ ਦੇ ਖ਼ੂਨੀ ਇਰਾਦੇ ਦੀ ਖਬਰ ਮਿਲੀ, ਤਾਂ ਉਨ੍ਹਾਂ ਨੇ ਸਿੱਖ ਸੰਗਤਾਂ ਨੂੰ ਦਰਬਾਰ ਸਾਹਿਬ ਆਉਣ ਤੋਂ ਰੋਕ ਦਿੱਤਾ। ਬਹੁਤ ਹੀ ਘੱਟ ਗਿਣਤੀ ਵਿਚ ਸੰਗਤਾਂ ਪੁੱਜੀਆਂ। ਸਰਕਾਰ ਨੇ ਫਿਰ ਵੀ ਰਕਮ ਅਦਾ ਕਰਨ ਦੀ ਮੰਗ ਰੱਖ ਦਿੱਤੀ। ਭਾਈ ਮਨੀ ਸਿੰਘ ਜੀ ਨੇ ਕਿਹਾ ਕਿ ਦਿਵਾਨ ਤਾਂ ਭਰਿਆ ਨਹੀਂ, ਚੜ੍ਹਤ ਤਾਂ ਆਈ ਨਹੀਂ। ਮਹਿਸੂਲ ਦੀ ਰਕਮ ਅਦਾ ਨਹੀਂ ਕੀਤੀ ਜਾ ਸਕਦੀ। ਭਾਈ ਮਨੀ ਸਿੰਘ ਜੀ ਨੂੰ ਗ੍ਰਿਫਤਾਰ ਕਰਨ ਦਾ ਮੁਗਲ ਹਕੂਮਤ ਨੂੰ ਬਹਾਨਾ ਮਿਲ ਗਿਆ। ਮੁਗਲਾਂ ਨੇ ਆਪਣੀ ਫਿਤਰਤ ਅਨੁਸਾਰ ਭਾਈ ਸਾਹਿਬ ਨੂੰ ਇਸਲਾਮ ਜਾਂ ਮੌਤ ਕਬੂਲ ਕਰਨ ਦਾ ਫੁਰਮਾਨ ਸੁਣਾਇਆ ਗਿਆ। ਭਾਈ ਮਨੀ ਸਿੰਘ ਜੀ ਨੇ ਸ਼ਹਾਦਤਾਂ ਦੇ ਗੌਰਵਮਈ ਇਤਿਹਾਸ 'ਤੇ ਪਹਿਰਾ ਦਿੰਦਿਆਂ, ਸ਼ਹਾਦਤ ਪ੍ਰਵਾਨ ਕਰ ਲਈ। ਮੁਗਲ ਹਕੂਮਤ ਨੇ ਭਾਈ ਮਨੀ ਸਿੰਘ ਜੀ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ। ਉਨ੍ਹਾਂ ਦੀ ਲਾਸਾਨੀ ਸ਼ਹੀਦੀ ਵੀ ਬੰਦੀ ਛੋੜ ਦਿਵਸ ਦੇ ਇਤਿਹਾਸ ਵਿਚ ਜੁੜ ਗਈ।

**ਅੰਤਿਕਾ:-** ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦੇ ਸਿਧਾਂਤ ਨੂੰ ਦ੍ਰਿੜ੍ਹਾਇਆ ਕਿ ਸਿੱਖਾਂ ਨੂੰ ਵਾਹਿਗੁਰੂ ਜੀ ਦੇ ਪਿਆਰ ਵਿਚ ਲੀਨ ਹੋ ਕੇ ਵੀ ਆਪਣੇ ਅਧਿਕਾਰਾਂ ਦੀ ਰੱਖਿਆ ਪ੍ਰਤੀ ਸੁਚੇਤ ਹੋਣਾ ਹੈ। ਗੁਰੂ ਸਾਹਿਬ ਜੀ ਨੇ ਸਿੱਖਾਂ ਵਿਚ ਬਹਾਦਰੀ ਅਤੇ ਚੜ੍ਹਦੀ ਕਲਾ ਦਾ ਜਜ਼ਬਾ ਭਰਿਆ ਕਿ ਉਹ ਹਥਿਆਰਬੰਦ ਤਾਕਤ ਦੇ ਜ਼ੋਰ 'ਤੇ ਹੀ ਆਪਣੀ ਆਜ਼ਾਦੀ ਅਤੇ ਆਪਣੇ ਜੀਵਨ ਢੰਗ ਦੀ ਰੱਖਿਆ ਕਰ ਸਕਦੇ ਹਨ। 'ਬੰਦੀ ਛੋੜ ਦਿਵਸ' ਦਾ ਸੁਨੇਹਾ ਹੈ ਕਿ ਹਰ ਮਨੁੱਖ ਦੀ ਪੂਰਨ ਆਜ਼ਾਦੀ ਦੀ ਪ੍ਰਪੱਕਤਾ ਮਨਾਂ ਅੰਦਰ ਪੈਦਾ ਕਰਨਾ ਹੀ ਮਨੋਰਥ ਹੈ।

# ਸਦਾ ਜ਼ਿੰਦਾ ਸੀਨੇ ਰੂਹਾਂ ਹੀ ਜ਼ੁਲਮ ਨੂੰ ਵੰਗਾਰਦੀਆਂ ਆਈਆਂ ਹਨ

-ਡਾਕਟਰ ਅਮਰਜੀਤ ਟਾਂਡਾ
ਸੰਪਰਕ 61-417271147
ਪੰਜਾਬ ਮੇਲ USA





ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਮਨੁੱਖਤਾ ਲਈ ਬੇਮਿਸਾਲ ਪ੍ਰੇਰਨਾ ਦਾ ਸਰੋਤ ਹੈ। ਉਹ ਸਿੱਖ ਧਰਮ ਦੇ ਨੌਵੇਂ ਗੁਰੂ ਸਨ, ਜਿਨ੍ਹਾਂ ਨੇ ਆਪਣੇ ਤਪ, ਤੇਜ਼ ਤੇ ਤਿਆਗ ਨਾਲ ਆਦਰ, ਨਿਆਂ ਤੇ ਧਰਮ ਦੀ ਰਾਖੀ ਕੀਤੀ।

ਗੁਰੂ ਜੀ ਦਾ ਨਾਮ ਹੀ ਦੱਸਦਾ ਹੈ — "ਤੇਗ" ਅਰਥਾਤ ਤਲਵਾਰ ਤੇ "ਬਹਾਦਰ" ਅਰਥਾਤ ਸੂਰਵੀਰਤਾ। ਪਰ ਇਹ ਤਲਵਾਰ ਕਦੇ ਜ਼ੁਲਮ ਲਈ ਨਹੀਂ, ਸਿਰਫ਼ ਸੱਚ ਦੀ ਰੱਖਿਆ ਲਈ ਖਿੱਚੀ ਗਈ।

ਗੁਰੂ ਤੇਗ ਬਹਾਦਰ ਜੀ ਦੀ ਸ਼ਖਸੀਅਤ ਇੱਕ ਖਿੜਦੇ ਚੰਬੇ ਦੇ ਫੁੱਲ ਵਰਗੀ ਸੀ — ਸੁਗੰਧਿਤ, ਪਰ ਅਡੋਲ ਹਵਾ ਦੇ ਬੁੱਲੇ ਝੌਂਕੇ ਵਿਚ ਵੀ ਮੁਰਝਾਵੇ ਨਾ।

ਉਹ ਮਨੁੱਖੀ ਅਧਿਕਾਰਾਂ ਦੇ ਪ੍ਰਤੀਕ ਸਨ, ਜਿਨ੍ਹਾਂ ਨੇ ਸਾਰੀ ਮਨੁੱਖਤਾ ਨੂੰ ਇਹ ਸਿਧਾਂਤ ਦਿੱਤਾ ਕਿ ਧਰਮ ਦੀ ਇੱਜ਼ਤ ਕਿਸੇ ਇਕ ਮਤ ਦੀ ਨਹੀਂ, ਸਾਰੀ ਮਨੁੱਖਤਾ ਦੀ ਰਾਖੀ ਹੈ।

ਜਿਵੇਂ ਮੋਮਬੱਤੀ ਆਪਣਾ ਆਪ ਸਾੜ ਕੇ ਹੋਰਾਂ ਨੂੰ ਰੌਸ਼ਨੀ ਦਿੰਦੀ ਹੈ, ਤਿਵੇਂ ਗੁਰੂ ਜੀ ਨੇ ਆਪਣਾ ਜੀਵਨ ਨਿਛਾਵਰ ਕਰਕੇ ਇਤਿਹਾਸ ਦੇ ਅੰਧਕਾਰ ਨੂੰ ਪ੍ਰਕਾਸ਼ਿਤ ਕੀਤਾ। ਲੋਕਾਂ ਦੇ ਮਨਾਂ ਵਿਚ ਉਸ ਸਮੇਂ ਡਰ ਛਾਇਆ ਹੋਇਆ ਸੀ, ਜ਼ੁਲਮ ਦਾ ਰਾਜ ਸੀ।

ਗੁਰੂ ਤੇਗ ਬਹਾਦਰ ਜੀ ਨੇ ਬੇਖੌਫ਼ੀ ਨਾਲ ਕਿਹਾ ਕਿ "ਧਰਮ ਦੀ ਰੱਖਿਆ ਲਈ ਸਿਰ ਕੱਟਿਆ ਜਾ ਸਕਦਾ ਹੈ, ਝੁਕਾਇਆ ਨਹੀਂ।"

ਉਨ੍ਹਾਂ ਦੀ ਸ਼ਹੀਦੀ (ਚਾਂਦਨੀ ਚੌਂਕ, ਦਿੱਲੀ ਵਿਚ) ਉਹ ਪਵਿੱਤਰ ਅੱਗ ਹੈ, ਜੋ ਅਜੇ ਵੀ ਸੱਚ ਅਤੇ ਅਹਿੰਸਾ ਦੀ ਰੌਸ਼ਨੀ ਵਾਂਗ ਸਾਡੇ ਰਾਹਾਂ ਨੂੰ ਚਮਕਾਉਂਦੀ ਹੈ। ਉਨ੍ਹਾਂ ਦਾ ਜੀਵਨ ਸਾਨੂੰ ਸਿਖਾਉਂਦਾ ਹੈ ਕਿ ਆਤਮਿਕ ਤਾਕਤ, ਸਹਿਣਸ਼ੀਲਤਾ ਅਤੇ ਸੱਚ ਨਾਲ ਟਿਕੇ ਰਹਿਣਾ ਸਭ ਤੋਂ ਵੱਡੀ ਸੂਰਵੀਰਤਾ ਹੈ।

ਗੁਰੂ ਤੇਗ ਬਹਾਦਰ ਜੀ ਦੀਆਂ ਬਾਣੀਆਂ ਅੰਮ੍ਰਿਤ ਵਰਗੀਆਂ ਹਨ — ਉਹ ਦਿਲ ਨੂੰ ਠੰਢਕ ਦਿੰਦੀਆਂ ਹਨ, ਮਨ ਨੂੰ ਸਾਫ਼ ਕਰਦੀਆਂ ਹਨ, ਤੇ ਜੀਵਨ ਨੂੰ ਰੌਸ਼ਨ ਕਰਦੀਆਂ ਹਨ।

ਜਿਵੇਂ ਸੂਰਜ ਹਰ ਕਿਸੇ ਲਈ ਬਰਾਬਰ ਚਮਕਦਾ ਹੈ, ਤਿਵੇਂ ਗੁਰੂ ਤੇਗ ਬਹਾਦਰ ਜੀ ਦੀ ਰਹਿਮਤ ਵੀ ਹਰ ਮਨੁੱਖ 'ਤੇ ਵਰਸਦੀ ਹੈ। ਉਹ ਸੱਚਮੁੱਚ "ਸਾਰੇ ਆਲਮ ਦੀ ਚਾਦਰ" ਸਨ — ਉਹ ਚਾਦਰ ਜੋ ਸਾਰਿਆਂ ਧਰਮਾਂ ਤੇ ਜਾਤਾਂ ਨੂੰ ਬੁੱਕਲ ਵਿਚ ਲੈਂਦੀ ਹੈ, ਇਕੱਠਾ ਕਰਦੀ ਹੈ ਤੇ ਚਾਦਰ ਬੋਲ ਕੇ ਕਹਿੰਦੀ ਹੈ ਕਿ

ਕਦੇ ਜ਼ੁਲਮ ਦੇ ਅੱਗੇ ਨਾ ਝੁਕਿਓ
ਜਿੱਥੇ ਵੀ ਜ਼ਾਲਮ ਹੋਵੇ
ਵੰਗਾਰਿਓ ਲਲਕਾਰਿਓ ਜ਼ਾਲਮ ਨੂੰ
ਸਦਾ ਜਿੰਦਾ ਸੀਨੇ ਰੂਹਾਂ ਹੀ ਜ਼ੁਲਮ ਨੂੰ ਵੰਗਾਰਦੀਆਂ ਆਈਆਂ ਹਨ।

# ਦੀਵਾਲੀ ਅਤੇ ਬੰਦੀ ਛੋੜ ਦਿਵਸ: ਰੌਸ਼ਨੀ, ਆਜ਼ਾਦੀ ਅਤੇ ਆਤਮਿਕ ਜਾਗਰਤੀ ਦਾ ਪਵਿੱਤਰ ਸੰਦੇਸ਼

ਗੁਰਭਿੰਦਰ ਗੁਰੀ
+447951 590424
ਪੰਜਾਬ ਮੇਲ USA

ਭਾਰਤੀ ਸੰਸਕ੍ਰਿਤੀ ਵਿਚ ਦੀਵਾਲੀ ਸਿਰਫ਼ ਚਾਨਣਾਂ ਦਾ ਤਿਉਹਾਰ ਨਹੀਂ, ਸਗੋਂ ਅੰਧਕਾਰ ਉੱਤੇ ਰੌਸ਼ਨੀ ਦੀ ਜਿੱਤ, ਅਸੁਰਤਾ ਉੱਤੇ ਨੇਕੀ ਦੀ ਜਿੱਤ ਅਤੇ ਗੁਲਾਮੀ ਉੱਤੇ ਆਜ਼ਾਦੀ ਦਾ ਪ੍ਰਤੀਕ ਹੈ।

ਇਹ ਤਿਉਹਾਰ ਭਾਵਨਾ, ਵਿਸ਼ਵਾਸ ਤੇ ਆਤਮਿਕ ਸ਼ਕਤੀ ਦਾ ਪ੍ਰਤੀਕ ਹੈ। ਜਿਵੇਂ ਹਰ ਦੀਵਾ ਹਨੇਰੇ ਨੂੰ ਮਿਟਾਉਂਦਾ ਹੈ, ਤਿਵੇਂ ਹਰ ਚੰਗਾ ਵਿਚਾਰ ਦੁਨੀਆਂ ਵਿਚ ਉਮੀਦ ਦੀ ਰੌਸ਼ਨੀ ਫੈਲਾਉਂਦਾ ਹੈ।





## ਦੀਵਾਲੀ ਦਾ ਇਤਿਹਾਸਕ ਪਿਛੋਕੜ

ਦੀਵਾਲੀ ਦੀਆਂ ਜੜ੍ਹਾਂ ਭਾਰਤ ਦੇ ਸਭ ਤੋਂ ਪ੍ਰਾਚੀਨ ਧਾਰਮਿਕ ਗ੍ਰੰਥਾਂ ਅਤੇ ਕਥਾਵਾਂ ਵਿਚ ਮਿਲਦੀਆਂ ਹਨ।

ਸਭ ਤੋਂ ਪ੍ਰਸਿੱਧ ਕਥਾ ਰਾਮਾਇਣ ਨਾਲ ਜੁੜੀ ਹੈ। ਕਹਾਣੀ ਅਨੁਸਾਰ, ਭਗਵਾਨ ਰਾਮਚੰਦਰ ਜੀ ਨੇ 14 ਸਾਲਾਂ ਦਾ ਵਨਵਾਸ ਪੂਰਾ ਕਰਕੇ ਅਤੇ ਰਾਵਣ ਉੱਤੇ ਜਿੱਤ ਹਾਸਲ ਕਰਨ ਤੋਂ ਬਾਅਦ ਜਦੋਂ ਅਯੋਧਿਆ ਵਾਪਸੀ ਕੀਤੀ, ਤਾਂ ਅਯੋਧਿਆ ਵਾਸੀਆਂ ਨੇ ਖੁਸ਼ੀ ਵਿਚ ਸਾਰੇ ਸ਼ਹਿਰ ਨੂੰ ਦੀਵਿਆਂ ਨਾਲ ਚਾਨਣ ਕਰ ਦਿੱਤਾ।

ਉਸ ਸਮੇਂ ਤੋਂ ਇਹ ਦਿਨ "ਦੀਪਾਵਲੀ" ਜਾਂ "ਦੀਵਾਲੀ" ਵਜੋਂ ਮਨਾਇਆ ਜਾਂਦਾ ਹੈ।

ਇਹ ਤਿਉਹਾਰ ਸਾਨੂੰ ਸਦਾ ਯਾਦ ਦਿਵਾਉਂਦਾ ਹੈ ਕਿ ਜੀਵਨ ਵਿਚ ਕਿੰਨਾ ਵੀ ਹਨੇਰਾ ਆ ਜਾਵੇ, ਸੱਚਾਈ ਤੇ ਨੇਕੀ ਦੀ ਜਿੱਤ ਨਿਸ਼ਚਿਤ ਹੈ।

## ਵੱਖ-ਵੱਖ ਧਰਮਾਂ ਵਿਚ ਦੀਵਾਲੀ ਦਾ ਮਹੱਤਵ

ਭਾਰਤ ਇੱਕ ਧਰਮ-ਨਿਰਪੱਖ ਦੇਸ਼ ਹੈ, ਪਰ ਹਰੇਕ ਧਰਮ ਨੇ ਇਸ ਤਿਉਹਾਰ ਨੂੰ ਆਪਣੀ ਆਤਮਿਕ ਪ੍ਰੰਪਰਾ ਨਾਲ ਜੋੜਿਆ ਹੈ।

### ਹਿੰਦੂ ਧਰਮ ਵਿਚ

ਦੀਵਾਲੀ ਰਾਮਚੰਦਰ ਜੀ ਦੀ ਵਾਪਸੀ ਨਾਲ ਜੋੜੀ ਜਾਂਦੀ ਹੈ। ਇਸ ਦਿਨ ਮਾਤਾ ਲਕਸ਼ਮੀ ਦੀ ਪੂਜਾ ਕੀਤੀ ਜਾਂਦੀ ਹੈ - ਧਨ, ਖੁਸ਼ਹਾਲੀ ਅਤੇ ਸੰਪੰਨਤਾ ਦੀ ਦੇਵੀ। ਲੋਕ ਵਿਸ਼ਵਾਸ ਕਰਦੇ ਹਨ ਕਿ ਜਿੱਥੇ ਸਫ਼ਾਈ, ਸ਼ਰਧਾ ਅਤੇ ਪਵਿੱਤਰਤਾ ਹੋਵੇ, ਉੱਥੇ ਮਾਂ ਲਕਸ਼ਮੀ ਆਉਂਦੀ ਹੈ।

### ਜੈਨ ਧਰਮ ਵਿਚ

ਜੈਨ ਭਾਈਚਾਰੇ ਲਈ ਇਹ ਦਿਨ ਪਵਿੱਤਰ ਇਸ ਕਰਕੇ ਹੈ ਕਿ ਇਸ ਦਿਨ ਭਗਵਾਨ ਮਹਾਵੀਰ ਜੀ ਨੇ ਮੋਖਸ਼ ਪ੍ਰਾਪਤ ਕੀਤਾ ਸੀ। ਇਹ ਆਤਮਿਕ ਮੁਕਤੀ ਦਾ ਪ੍ਰਤੀਕ ਦਿਨ ਹੈ।

### ਸਿੱਖ ਧਰਮ ਵਿਚ - ਬੰਦੀ ਛੋੜ ਦਿਵਸ

ਸਿੱਖ ਇਤਿਹਾਸ ਵਿੱਚ ਇਹ ਦਿਨ "ਬੰਦੀ ਛੋੜ ਦਿਵਸ" ਵਜੋਂ ਮੰਨਿਆ ਜਾਂਦਾ ਹੈ, ਜੋ ਆਜ਼ਾਦੀ, ਨਿਆਂ ਅਤੇ ਦਇਆ ਦਾ ਪ੍ਰਤੀਕ ਹੈ।

ਇਸ ਦਿਨ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਦੀ ਕੈਦ ਤੋਂ ਰਿਹਾਈ ਮਿਲੀ ਸੀ।

### ਬੰਦੀ ਛੋੜ ਦਿਵਸ ਦੀ ਇਤਿਹਾਸਕ ਘਟਨਾ

ਮੁਗਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਰੱਖਿਆ ਸੀ। ਉੱਥੇ ਕਈ ਹੋਰ ਹਿੰਦੂ ਰਾਜੇ ਵੀ ਕੈਦ ਸਨ, ਜਿਨ੍ਹਾਂ ਉੱਤੇ ਕੋਈ ਸਾਫ਼ ਦੋਸ਼ ਨਹੀਂ ਸੀ।



ਜਦੋਂ ਬਾਦਸ਼ਾਹ ਨੇ ਗੁਰੂ ਸਾਹਿਬ ਜੀ ਨੂੰ ਰਿਹਾਈ ਦੇਣ ਦਾ ਹੁਕਮ ਦਿੱਤਾ, ਤਾਂ ਗੁਰੂ ਸਾਹਿਬ ਜੀ ਨੇ ਬੇਨਤੀ ਕੀਤੀ ਕਿ ਉਹ ਤਾਂ ਤਦੋਂ ਹੀ ਕਿਲ੍ਹੇ ਤੋਂ ਬਾਹਰ ਜਾਣਗੇ, ਜਦੋਂ ਸਾਰੇ 52 ਰਾਜੇ ਵੀ ਰਿਹਾਅ ਕੀਤੇ ਜਾਣ।

ਬਾਦਸ਼ਾਹ ਨੇ ਚਲਾਕੀ ਨਾਲ ਕਿਹਾ — "ਜਿੰਨੇ ਤੇਰੇ ਚੋਲੇ ਨਾਲ ਫੜੇ ਜਾ ਸਕਣ, ਉਹੀ ਰਿਹਾਈ ਪਾਉਣਗੇ।"

ਤਦ ਗੁਰੂ ਸਾਹਿਬ ਜੀ ਨੇ ਇੱਕ ਖਾਸ ਚੋਲਾ ਤਿਆਰ ਕਰਵਾਇਆ, ਜਿਸ ਦੇ 52 ਫੁੱਲੇ ਸਿਲਾਏ ਗਏ। ਹਰੇਕ ਰਾਜਾ ਉਸ ਚੋਲੇ ਦੇ ਇਕ-ਇਕ ਫੁੱਲੇ ਨੂੰ ਫੜਕੇ ਕਿਲ੍ਹੇ ਤੋਂ ਬਾਹਰ ਨਿਕਲਿਆ।

ਉਸ ਦਿਨ ਗੁਰੂ ਸਾਹਿਬ ਜੀ ਸਿਰਫ਼ ਆਪਣੇ ਲਈ ਨਹੀਂ, ਸਗੋਂ ਦੂਜਿਆਂ ਦੀ ਆਜ਼ਾਦੀ ਲਈ ਲੜਨ ਵਾਲੇ ਮਹਾਨ ਯੋਧੇ ਵਜੋਂ ਪ੍ਰਗਟ ਹੋਏ।

ਇਹੀ ਕਾਰਨ ਹੈ ਕਿ ਸਿੱਖ ਜਗਤ ਵਿਚ ਇਸ ਦਿਨ ਨੂੰ "ਬੰਦੀ ਛੋੜ ਦਿਵਸ" ਵਜੋਂ ਮਨਾਇਆ ਜਾਂਦਾ ਹੈ।



### ਸ੍ਰੀ ਹਰਿਮੰਦਰ ਸਾਹਿਬ ਦੀ ਰੌਸ਼ਨੀ

ਅੰਮ੍ਰਿਤਸਰ ਵਿਚ ਸ੍ਰੀ ਹਰਿਮੰਦਰ ਸਾਹਿਬ 'ਤੇ ਇਸ ਦਿਨ ਖਾਸ ਸ਼ਾਨ ਨਾਲ ਦੀਵੇ ਜਗਾਏ ਜਾਂਦੇ ਹਨ।

ਹਜ਼ਾਰਾਂ ਸ਼ਰਧਾਲੂ ਇਸ ਪਵਿੱਤਰ ਥਾਂ 'ਤੇ ਦਰਸ਼ਨ ਕਰਨ ਆਉਂਦੇ ਹਨ। ਹਰਿਮੰਦਰ ਸਾਹਿਬ ਦੇ ਸਰੋਵਰ ਵਿਚ ਦੀਵਿਆਂ ਦੀ ਰੌਸ਼ਨੀ ਦਾ ਪਰਛਾਵਾਂ ਇੱਕ ਆਤਮਿਕ ਅਨੁਭਵ ਪੈਦਾ ਕਰਦਾ ਹੈ, ਜਿਵੇਂ ਆਕਾਸ਼ ਤੋਂ ਤਾਰੇ ਧਰਤੀ 'ਤੇ ਉਤਰ ਆਏ ਹੋਣ।

ਇਹ ਦ੍ਰਿਸ਼ ਦਿਲ ਨੂੰ ਸਿਰਫ਼ ਖੁਸ਼ੀ ਨਹੀਂ ਦਿੰਦਾ, ਸਗੋਂ ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਸੱਚੀ ਆਜ਼ਾਦੀ ਦਿਲ ਦੇ ਬੰਧਨਾਂ ਤੋਂ ਮੁਕਤੀ ਵਿਚ ਹੈ।

**ਦੀਵਾਲੀ ਦੇ ਪੰਜ ਦਿਨ: ਰਿਵਾਜ਼ ਤੇ ਰੰਗ**

**ਧਨਤੇਰਸ** - ਧਨ ਤੇ ਸਿਹਤ ਦਾ ਤਿਉਹਾਰ, ਇਸ ਦਿਨ ਨਵੇਂ ਬਰਤਨ ਜਾਂ ਧਨ ਦੀ ਖਰੀਦ ਸ਼ੁਭ ਮੰਨੀ ਜਾਂਦੀ ਹੈ।

**ਨਰਕ ਚਤੁਰਦਸ਼ੀ (ਛੋਟੀ ਦੀਵਾਲੀ)** - ਭਗਵਾਨ ਕ੍ਰਿਸ਼ਨ ਵੱਲੋਂ ਨਰਕਾਸੁਰ ਦੇ ਸੰਹਾਰ ਦੀ ਯਾਦ।

**ਦੀਵਾਲੀ ਦਾ ਮੁੱਖ ਦਿਨ** - ਮਾਂ ਲਕਸ਼ਮੀ ਤੇ ਭਗਵਾਨ ਗਣੇਸ਼ ਦੀ ਪੂਜਾ, ਘਰਾਂ ਦੀ ਸਜਾਵਟ, ਦੀਵੇ ਤੇ ਖੁਸ਼ੀਆਂ।

**ਗੋਵਰਧਨ ਪੂਜਾ** - ਭਗਵਾਨ ਕ੍ਰਿਸ਼ਨ ਵੱਲੋਂ ਗੋਵਰਧਨ ਪਹਾੜ ਚੁੱਕਣ ਦੀ ਘਟਨਾ ਦੀ ਯਾਦ।

**ਭਾਈ ਦੂਜ** - ਭੈਣ-ਭਰਾ ਦੇ ਪਿਆਰ ਤੇ ਸੁਰੱਖਿਆ ਦਾ ਪ੍ਰਤੀਕ ਦਿਨ।

**ਵਾਤਾਵਰਣਕ ਜ਼ਿੰਮੇਵਾਰੀ: ਗ੍ਰੀਨ ਦੀਵਾਲੀ**

ਸਮਾਂ ਦੇ ਨਾਲ, ਦੀਵਾਲੀ ਦਾ ਰੂਪ ਵਾਤਾਵਰਣ ਲਈ ਚੁਣੌਤੀ ਬਣ ਗਿਆ ਹੈ। ਪਟਾਕਿਆਂ ਦੀ ਆਵਾਜ਼ ਤੇ ਧੂੰਏ ਨਾਲ ਹਵਾ ਪ੍ਰਦੂਸ਼ਿਤ ਹੁੰਦੀ ਹੈ।

ਇਸ ਲਈ, ਅੱਜ ਦੀ ਜ਼ਰੂਰਤ ਹੈ ਕਿ ਅਸੀਂ ਗ੍ਰੀਨ ਦੀਵਾਲੀ ਮਨਾਈਏ — ਜਿੱਥੇ ਚਾਨਣ ਤਾਂ ਹੋਵੇ, ਪਰ ਪ੍ਰਦੂਸ਼ਣ ਨਾ ਹੋਵੇ।

ਦੀਵੇ ਤੇ ਮੋਮਬੱਤੀਆਂ ਜਗਾਉਣਾ, ਦਰੱਖਤ ਲਗਾਉਣਾ, ਗਰੀਬਾਂ ਨਾਲ ਮਿਠਾਈ ਸਾਂਝੀ ਕਰਨਾ — ਇਹ ਸੱਚੀ ਦੀਵਾਲੀ ਹੈ।

**ਆਤਮਿਕ ਅਰਥ: ਚਾਨਣ ਬਾਹਰ ਨਹੀਂ, ਅੰਦਰ ਹੈ**

ਦੀਵਾਲੀ ਸਾਨੂੰ ਸਿਖਾਉਂਦੀ ਹੈ ਕਿ ਰੌਸ਼ਨੀ ਸਿਰਫ਼ ਦੀਵਿਆਂ ਵਿਚ ਨਹੀਂ, ਸਗੋਂ ਮਨੁੱਖ ਦੇ ਅੰਦਰਲੇ ਚਾਨਣ ਵਿਚ ਹੈ।

ਜੇਕਰ ਅਸੀਂ ਆਪਣੇ ਮਨ ਦੇ ਅੰਧਕਾਰ — ਲੋਭ, ਗੁੱਸੇ, ਈਰਖਾ ਤੇ ਅਹੰਕਾਰ ਨੂੰ ਮਿਟਾ ਦਈਏ, ਤਾਂ ਹਰ ਦਿਨ ਦੀਵਾਲੀ ਹੋ ਸਕਦੀ ਹੈ।

ਬੰਦੀ ਛੋੜ ਦਿਵਸ ਵੀ ਇਹੀ ਸਿਖਾਉਂਦਾ ਹੈ ਕਿ ਜਦੋਂ ਤੂੰ ਸਿਰਫ਼ ਆਪਣੇ ਲਈ ਨਹੀਂ, ਸਗੋਂ ਹੋਰਾਂ ਦੀ ਆਜ਼ਾਦੀ ਲਈ ਖੜ੍ਹਾ ਹੁੰਦਾ ਹੈਂ, ਤਦ ਤੂੰ ਅਸਲ ਵਿਚ ਚਾਨਣ ਦਾ ਦੀਵਾ ਬਣਦਾ ਹੈਂ।

**ਸਮਾਜਕ ਏਕਤਾ ਦਾ ਪ੍ਰਤੀਕ**

ਦੀਵਾਲੀ ਸਿਰਫ਼ ਧਾਰਮਿਕ ਤਿਉਹਾਰ ਨਹੀਂ, ਸਗੋਂ ਸਮਾਜਕ ਏਕਤਾ ਦਾ ਪ੍ਰਤੀਕ ਹੈ।

ਇਸ ਦਿਨ ਹਰ ਧਰਮ, ਹਰ ਜਾਤ ਤੇ ਹਰ ਵਰਗ ਦੇ ਲੋਕ ਇਕੱਠੇ ਹੋਕੇ ਖੁਸ਼ੀ ਮਨਾਉਂਦੇ ਹਨ।

ਇਹ ਦਿਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਜੇ ਅਸੀਂ ਮਿਲਜੁਲ ਕੇ ਰਹੀਏ, ਤਾਂ ਦੁਨੀਆਂ ਦਾ ਹਰ ਕੋਨਾ ਚਾਨਣ ਨਾਲ ਭਰ ਸਕਦਾ ਹੈ।

### ਬੰਦੀ ਛੋੜ ਦਾ ਅਸਲੀ ਅਰਥ

ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਇਹ ਸੰਦੇਸ਼ ਸਦੀਵ ਪ੍ਰੇਰਨਾ ਦਿੰਦਾ ਹੈ ਕਿ ਮਨੁੱਖ ਦੀ ਅਸਲੀ ਜਿੱਤ ਦੂਜਿਆਂ ਨੂੰ ਬੰਧਨਾਂ ਤੋਂ ਆਜ਼ਾਦ ਕਰਾਉਣ ਵਿਚ ਹੈ।

ਜਿਸ ਦਿਨ ਅਸੀਂ ਦੂਜਿਆਂ ਦੀ ਖ਼ੁਸ਼ੀ ਨੂੰ ਆਪਣੀ ਖ਼ੁਸ਼ੀ ਬਣਾਈਏ, ਉਹ ਦਿਨ ਹੀ ਅਸਲ ਦੀਵਾਲੀ ਤੇ ਬੰਦੀ ਛੋੜ ਦਿਵਸ ਹੈ।

ਦੀਵਾਲੀ ਤੇ ਬੰਦੀ ਛੋੜ ਦਿਵਸ ਸਿਰਫ਼ ਦੋ ਤਿਉਹਾਰ ਨਹੀਂ, ਇਹ ਜੀਵਨ ਦੇ ਦੋ ਅਸੂਲ ਹਨ:

-ਰੌਸ਼ਨੀ ਅੰਧਕਾਰ ਨੂੰ ਮਿਟਾਉਂਦੀ ਹੈ,

-ਆਜ਼ਾਦੀ ਗੁਲਾਮੀ ਨੂੰ ਤੋੜਦੀ ਹੈ।

ਜਦੋਂ ਅਸੀਂ ਆਪਣੇ ਅੰਦਰ ਦੀ ਰੌਸ਼ਨੀ ਜਗਾਉਂਦੇ ਹਾਂ ਤੇ ਹੋਰਾਂ ਦੀ ਜ਼ਿੰਦਗੀ ਵਿਚ ਚਾਨਣ ਕਰਦੇ ਹਾਂ, ਤਦ ਅਸੀਂ ਸੱਚੇ ਅਰਥਾਂ ਵਿਚ ਇਹ ਦਿਨ ਮਨਾਉਂਦੇ ਹਾਂ।

ਅਸੀਂ ਸਾਰੇ ਮਿਲ ਕੇ ਇਹ ਪ੍ਰਣ ਕਰੀਏ ਕਿ ਇਹ ਦੀਵਾਲੀ ਸਿਰਫ਼ ਘਰਾਂ ਦੀ ਨਹੀਂ, ਸਗੋਂ ਦਿਲਾਂ ਦੀ ਰੌਸ਼ਨੀ ਹੋਵੇ, ਤੇ ਹਰ ਬੰਦੀ ਛੋੜ ਦਿਵਸ ਸਾਨੂੰ ਮਨੁੱਖਤਾ ਦੀ ਆਜ਼ਾਦੀ ਦੀ ਯਾਦ ਦਿਵਾਵੇ।

# ਸੋਹਣ ਸਿੰਘ ਪੂੰਨੀ ਦੀ ਪੁਸਤਕ 'ਭਾਈ ਮੇਵਾ ਸਿੰਘ ਦੀ ਸ਼ਹੀਦੀ ਤੇ ਹਾਪਕਿਨਸਨ ਦਾ ਕਤਲ': ਇਕ ਮਹੱਤਵਪੂਰਨ ਇਤਿਹਾਸਕ ਦਸਤਾਵੇਜ਼

ਡਾ. ਸੁਖਦੇਵ ਸਿੰਘ ਝੰਡ
ਫ਼ੋਨ : +1 647-567-9128
ਈ-ਮੇਲ : ssjhand121@gmail.com
ਪੰਜਾਬ ਮੇਲ USA



ਸੋਹਣ ਸਿੰਘ ਪੂੰਨੀ ਦਾ ਨਾਂ ਪੰਜਾਬ ਦੇ ਗਿਣਵੇਂ-ਚੁਣਵੇਂ ਇਤਿਹਾਸਕਾਰਾਂ ਵਿਚ ਸ਼ਾਮਲ ਹੈ। ਸਿੱਖ ਨੈਸ਼ਨਲ ਕਾਲਜ ਬੰਗਾ ਤੋਂ ਬੀ.ਏ. ਕਰਨ ਤੋਂ ਬਾਅਦ ਉਨ੍ਹਾਂ ਨੇ ਉੱਘੇ ਇਤਿਹਾਸਕਾਰ ਡਾ. ਜੇ.ਐੱਸ. ਗਰੇਵਾਲ ਦੀ ਅਗਵਾਈ ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ 1971 'ਚ ਇਤਿਹਾਸ ਵਿਚ ਐੱਮ.ਏ. ਕੀਤੀ। ਉਪਰੰਤ ਬਟਾਲੇ ਦੇ ਬੇਅਰਿੰਗ ਕਾਲਜ ਬਟਾਲਾ ਵਿਖੇ ਡੇਢ ਕੁ ਸਾਲ ਵਿਦਿਆਰਥੀਆਂ ਨੂੰ ਇਤਿਹਾਸ ਦਾ ਵਿਸ਼ਾ ਪੜ੍ਹਾਇਆ ਅਤੇ 1972 ਵਿਚ ਉਹ ਕੈਨੇਡਾ ਆ ਗਏ। ਇੱਥੇ ਆਉਣ 'ਤੇ ਉਨ੍ਹਾਂ ਇਤਿਹਾਸਕ 'ਗ਼ਦਰ ਲਹਿਰ' ਤੇ 'ਕਾਮਾਗਾਟਾਮਾਰੂ ਦੁਖਾਂਤ' ਦਾ ਡੂੰਘਾ ਅਧਿਐਨ ਕੀਤਾ। ਇਨ੍ਹਾਂ ਬਾਰੇ ਅਤੇ ਬੱਬਰ ਅਕਾਲੀ ਲਹਿਰ ਤੇ ਭਾਰਤ ਦੀ ਆਜ਼ਾਦੀ ਲਈ ਲੜੇ ਗਏ ਘੋਲ਼ਾਂ ਬਾਰੇ ਉਨ੍ਹਾਂ ਦੇ ਲੇਖ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ ਤੇ ਭਾਰਤ ਦੀਆਂ ਨਾਮਵਰ ਅਖ਼ਬਾਰਾਂ ਵਿਚ ਛਪਦੇ ਰਹੇ, ਜਿਨ੍ਹਾਂ ਸਦਕਾ ਉਹ ਪਾਠਕਾਂ ਵੱਲੋਂ ਇਤਿਹਾਸਕਾਰ ਵਜੋਂ ਜਾਣੇ ਜਾਣ ਲੱਗੇ। ਇਸ ਦੇ ਨਾਲ ਹੀ ਪੂੰਨੀ ਸਾਹਿਬ ਸਿੱਖ ਇਤਿਹਾਸ ਵਿਚ ਵੀ ਡੂੰਘੀ ਦਿਲਚਸਪੀ ਰੱਖਦੇ ਹਨ ਅਤੇ ਇਸ ਦੇ ਬਾਰੇ ਉਨ੍ਹਾਂ ਦੇ ਲੇਖ ਅਖ਼ਬਾਰਾਂ ਵਿਚ ਸਮੇਂ-ਸਮੇਂ ਛਪਦੇ ਰਹਿੰਦੇ ਹਨ।

ਹੱਥਲੀ ਪੁਸਤਕ 'ਭਾਈ ਮੇਵਾ ਸਿੰਘ ਦੀ ਸ਼ਹੀਦੀ ਤੇ ਹਾਪਕਿਨਸਨ ਦਾ ਕਤਲ' ਤੋਂ ਪਹਿਲਾਂ ਗ਼ਦਰੀ ਯੋਧਿਆਂ ਬਾਰੇ ਉਨ੍ਹਾਂ ਦੀਆਂ ਦੋ ਪੁਸਤਕਾਂ 'ਕਨੇਡਾ ਦੇ ਗ਼ਦਰੀ ਯੋਧੇ' 2008 ਵਿਚ ਅਤੇ 'ਗ਼ਦਰੀ ਯੋਧਾ ਭਾਈ ਰਤਨ ਸਿੰਘ ਰਾਏਪੁਰ ਡੱਬਾ: ਜੀਵਨ ਅਤੇ ਲਿਖ਼ਤਾਂ' 2013 'ਚ ਛੱਪ ਚੁੱਕੀਆਂ ਹਨ, ਜਿਨ੍ਹਾਂ ਨੂੰ ਪਾਠਕਾਂ ਵੱਲੋਂ ਵਧੀਆ ਹੁੰਗਾਰਾ ਮਿਲਿਆ ਹੈ। ਇਨ੍ਹਾਂ ਪੁਸਤਕਾਂ ਤੋਂ ਇਲਾਵਾ ਉਨ੍ਹਾਂ ਬੰਗਾ ਸ਼ਹਿਰ ਦੇ ਬਾਰੇ ਦਿਲਚਸਪ ਕਿਤਾਬ 'ਸਲਾਮ ਬੰਗਾ: ਬੰਗਾ ਦੇ ਲੋਕ ਅਤੇ ਮੇਰੀਆਂ ਯਾਦਾਂ' ਲਿਖੀ, ਜੋ 2022 'ਚ ਛਪੀ। ਇਹ ਪੁਸਤਕ ਉਨ੍ਹਾਂ ਦੀ 'ਆਤਮਕਥਾ' ਹੋਣ ਦੇ ਨਾਲ-ਨਾਲ ਬੰਗਾ ਸ਼ਹਿਰ ਅਤੇ ਇਸ ਦੇ ਆਲ਼ੇ-ਦੁਆਲ਼ੇ 12-13 ਕਿਲੋਮੀਟਰ ਘੇਰੇ ਵਿਚ ਆਉਂਦੇ ਪਿੰਡਾਂ, ਉੱਥੋਂ ਦੀਆਂ ਮਹਾਨ ਸ਼ਖ਼ਸੀਅਤਾਂ ਤੇ ਉਨ੍ਹਾਂ ਵੱਲੋਂ ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਪਾਏ ਗਏ ਯੋਗਦਾਨ ਬਾਰੇ ਭਰਪੂਰ ਜਾਣਕਾਰੀ ਪ੍ਰਦਾਨ ਕਰਦੀ ਹੈ।

ਹੱਥਲੀ ਪੁਸਤਕ ਦੇ ਸਿਰਲੇਖ ਵਿਚ ਦੋ ਸ਼ਬਦ 'ਸ਼ਹੀਦੀ' ਤੇ 'ਕਤਲ' ਆਉਂਦੇ ਹਨ, ਜੋ ਮਨੁੱਖ ਦੇ ਨਾਸ਼ਵਾਨ ਸਰੀਰ ਦੇ 'ਅੰਤ' ਨੂੰ ਦਰਸਾਉਂਦੇ ਹਨ। ਇਹ ਦੋਵੇਂ ਸ਼ਬਦ ਇੱਕ ਦੂਸਰੇ ਦੇ 'ਵਿਰੋਧੀ' ਸੰਕਲਪ ਹਨ। ਕਿਸੇ ਚੰਗੇ ਤੇ ਨੇਕ-ਕੰਮ ਲਈ ਜਾਨ ਨਿਸ਼ਾਵਰ ਕਰਨਾ 'ਸ਼ਹੀਦੀ' ਅਖਵਾਉਂਦਾ ਹੈ ਅਤੇ ਇਸ ਤਰ੍ਹਾਂ ਦੇਸ਼ ਤੇ ਕੌਮ ਤੋਂ ਜਾਨਾਂ ਕੁਰਬਾਨ ਕਰਨ ਵਾਲੇ 'ਸ਼ਹੀਦ' ਹਨ ਤੇ ਰਹਿੰਦੀ ਦੁਨੀਆਂ ਤੱਕ ਲੋਕ ਉਨ੍ਹਾਂ ਨੂੰ ਯਾਦ ਕਰਦੇ ਹਨ। ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ ਰਾਜਗੁਰੂ ਤੇ ਸੁਖਦੇਵ, ਸ਼ਹੀਦ ਊਧਮ ਸਿੰਘ ਤੇ ਹੋਰ ਹਜ਼ਾਰਾਂ ਹੀ ਦੇਸ਼-ਭਗਤ ਜੋ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਵਾਰ ਗਏ, ਸਾਡੇ ਲਈ 'ਮਹਾਨ ਸ਼ਹੀਦ' ਦਾ ਦਰਜਾ ਰੱਖਦੇ ਹਨ।

ਇਸ ਪੁਸਤਕ ਦੀ ਗੱਲ ਕਰਦੇ ਹਾਂ, ਤਾਂ ਇਸ ਵਿਚ 'ਸ਼ਹੀਦ ਭਾਈ ਮੇਵਾ ਸਿੰਘ', 'ਸ਼ਹੀਦ ਭਾਈ ਭਾਗ ਸਿੰਘ', ਸ਼ਹੀਦ ਭਾਈ ਬਦਨ ਸਿੰਘ ਤੇ ਗ਼ਦਰ ਪਾਰਟੀ ਦੇ ਕਈ ਹੋਰ ਸ਼ਹੀਦਾਂ ਬਾਰੇ ਬਾਖ਼ੂਬੀ ਜ਼ਿਕਰ ਕੀਤਾ ਗਿਆ ਹੈ। ਦੂਸਰੇ ਬੰਨੇ ਵਿਲੀਅਮ ਸੀ. ਹਾਪਕਿਨਸਨ, ਬੇਲਾ ਸਿੰਘ ਜਿਆਣ, ਬਾਬੂ ਸਿੰਘ ਲਿੱਤਰਾਂ, ਨੈਣਾ ਸਿੰਘ ਕੰਦੋਲਾ ਤੇ ਉਨ੍ਹਾਂ ਦੇ ਹੋਰ ਸਾਥੀਆਂ ਵਰਗੇ 'ਗ਼ੱਦਾਰ' ਹਨ, ਜੋ ਦੇਸ਼-ਭਗਤਾਂ ਦੀ ਜਾਸੂਸੀ ਕਰਦੇ ਸਨ ਅਤੇ ਉਨ੍ਹਾਂ ਨੂੰ ਕੈਨੇਡਾ ਤੋਂ ਭਾਰਤ ਵਾਪਸ ਭੇਜਣ ਲਈ ਹਰ ਹੀਲਾ ਵਰਤਦੇ ਹਨ। ਦੇਸ਼-ਭਗਤਾਂ ਵੱਲੋਂ ਇਨ੍ਹਾਂ ਗ਼ੱਦਾਰਾਂ ਨੂੰ ਗੋਲ਼ੀਆਂ ਨਾਲ ਉਡਾਉਣਾ 'ਕਤਲ' ਹੈ।

ਵੇਖਿਆ ਜਾਏ ਤਾਂ 'ਸ਼ਹੀਦੀ' ਤੇ 'ਕਤਲ' ਦੋਵੇਂ ਤੁਲਨਾਤਮਿਕ ਟਰਮਾਂ ਅਤੇ ਇਨ੍ਹਾਂ ਦੋਹਾਂ 'ਨਾਮਕਰਨਾਂ' ਦਾ ਵਖਰੇਵੇਂ ਵਾਲਾ ਸਬੰਧ ਹੈ। ਇਕ ਦੇਸ਼ ਜਾਂ ਕੌਮ ਦੇ 'ਸ਼ਹੀਦ' ਦੂਸਰੇ ਦੇਸ਼ ਜਾਂ ਕੌਮ ਲਈ 'ਕਾਤਲ' ਹੋ ਸਕਦੇ ਹਨ। ਇਹ 'ਹੋ ਸਕਦੇ' ਹੀ ਨਹੀਂ, ਸਗੋਂ 'ਹੁੰਦੇ' ਹਨ। ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ ਰਾਜਗੁਰੂ ਤੇ ਸੁਖਦੇਵ ਅਤੇ ਸ਼ਹੀਦ ਊਧਮ ਸਿੰਘ ਸਾਡੇ ਲਈ ਮਹਾਨ 'ਸ਼ਹੀਦ' ਹਨ, ਪਰ ਅੰਗਰੇਜ਼ ਸਰਕਾਰ ਦੀਆਂ ਨਜ਼ਰਾਂ ਵਿਚ ਉਹ 'ਕਾਤਲ' ਸਨ। ਇਹ ਵੱਖਰੀ ਗੱਲ ਹੈ ਕਿ ਲੋਕਾਂ ਦੀ ਭਾਰੀ ਮੰਗ ਦੇ ਬਾਵਜੂਦ ਆਜ਼ਾਦੀ ਦੇ 78 ਸਾਲਾਂ ਬਾਅਦ ਵੀ ਭਾਰਤ ਸਰਕਾਰ ਵੱਲੋਂ ਵੀ ਉਨ੍ਹਾਂ ਨੂੰ ਅਜੇ ਤੱਕ 'ਸ਼ਹੀਦ' ਦਾ ਦਰਜਾ ਨਹੀਂ ਦਿੱਤਾ ਗਿਆ।

ਏਸੇ ਤਰ੍ਹਾਂ ਹਾਪਕਿਨਸਨ, ਬੇਲਾ ਸਿੰਘ ਜਿਆਣ ਤੇ ਬਾਬੂ ਸਿੰਘ ਲਿੱਤਰਾਂ ਵਰਗੇ 'ਜਾਸੂਸ' ਸਾਡੇ ਲਈ 'ਕਾਤਲ' ਹਨ ਪਰ ਕੈਨੇਡੀਅਨ ਅਤੇ ਬ੍ਰਿਟਿਸ਼ ਸਰਕਾਰ ਲਈ ਉਹ 'ਦੇਸ਼-ਭਗਤ' ਤੇ 'ਸ਼ਹੀਦ' ਹਨ। ਕੈਨੇਡਾ ਦੇ ਸ਼ਹਿਰ ਵਿਕਟੋਰੀਆ ਵਿਚ ਬ੍ਰਿਟਿਸ਼ ਕੋਲੰਬੀਆ ਸੂਬਾ ਅਸੈਂਬਲੀ ਹਾਲ ਦੇ ਪਿਛਲੇ ਪਾਸੇ ਬਣੇ ਪਾਰਕ ਵਿਚ ਲੱਗੇ ਹੋਏ 'ਸ਼ਿਲਾਲੇਖ' ਵਿਚਲੇ 40 ਸ਼ਹੀਦਾਂ ਦੇ ਨਾਵਾਂ ਵਿਚ ਹਾਪਕਿਨਸਨ ਦਾ ਨਾਂ ਸਭ ਤੋਂ ਉੱਪਰ ਦਰਜ ਕੀਤਾ ਗਿਆ ਹੈ। ਉਸ ਸਮੇਂ ਦੀ ਕੈਨੇਡੀਅਨ ਸਰਕਾਰ ਜੋ ਕਿ ਬ੍ਰਿਟਿਸ਼ ਸਰਕਾਰ ਦੇ ਅਧੀਨ ਕੰਮ ਕਰਦੀ ਸੀ, ਦੇ ਲਈ ਹਾਪਕਿਨਸਿਨ 'ਹੀਰੋ' ਸੀ। ਏਸੇ ਲਈ ਉਸ ਦਾ ਨਾਂ ਸ਼ਹੀਦਾਂ ਦੀ ਇਸ ਲਿਸਟ ਵਿਚ ਉਸ ਸਮੇਂ ਸਭ ਤੋਂ ਉੱਪਰ ਰੱਖਿਆ ਗਿਆ ਹੋਵੇਗਾ। ਪੁਸਤਕ ਦੇ ਲੇਖਕ ਸੋਹਣ ਸਿੰਘ ਪੂੰਨੀ ਵੱਲੋਂ ਹਾਪਕਿਨਸਨ ਦਾ ਨਾਂ ਇਸ ਲਿਸਟ ਵਿਚੋਂ ਕਢਵਾਉਣ ਦੀ ਗੱਲ ਕੀਤੀ ਗਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੈਨੇਡਾ ਦੀ ਫ਼ੈਡਰਲ ਸਰਕਾਰ ਜੇਕਰ 102 ਸਾਲ ਬਾਅਦ ਕੈਨੇਡਾ ਵਿਚ ਵਾਪਰੇ 'ਕਾਮਾਗਾਟਾ ਮਾਰੂ ਦੁਖਾਂਤ' ਦੀ ਮੁਆਫ਼ੀ ਮੰਗ ਸਕਦੀ ਹੈ, ਤਾਂ ਬੀ.ਸੀ. ਦੀ ਪ੍ਰੋਵਿੰਸ਼ੀਅਲ ਸਰਕਾਰ ਕੀ ਏਨਾ ਵੀ ਨਹੀਂ ਕਰ ਸਕਦੀ? ਕਈ ਹੋਰ ਦੇਸ਼-ਭਗਤ ਸੰਸਥਾਵਾਂ ਵੱਲੋਂ ਵੀ ਇਹ ਜਾਇਜ਼ ਮੰਗ ਉਠਾਈ ਜਾ ਰਹੀ ਹੈ।

ਪੁਸਤਕ ਵਿਚ ਸ਼ਹੀਦ ਭਾਈ ਮੇਵਾ ਸਿੰਘ ਅਤੇ ਹਾਪਕਿਨਸਨ ਦੀਆਂ ਜੀਵਨੀਆਂ ਤੇ 'ਕਾਰਨਾਮੇ' ਦੋਵੇਂ ਨਾਲੋਂ-ਨਾਲ ਚੱਲਦੇ ਹਨ। ਇਸ ਦੇ ਪਹਿਲੇ ਦੋ ਅਧਿਆਵਾਂ ਵਿਚ ਭਾਈ ਮੇਵਾ ਸਿੰਘ ਦੇ ਪਿਛੋਕੜ ਅਤੇ ਉਨ੍ਹਾਂ ਦੇ ਕੈਨੇਡਾ ਆਉਣ ਬਾਰੇ ਜਾਣਕਾਰੀ ਦਿੱਤੀ ਗਈ ਹੈ, ਜਦਕਿ ਇਸ ਦੇ ਅਗਲੇ ਤੀਸਰੇ ਅਧਿਆਏ ਵਿਚ




ਹਾਪਕਿਨਸਨ ਜੋ ਭਾਰਤ ਵਿਚ ਪਹਿਲਾਂ ਪੰਜਾਬ ਵਿਚ ਇਕ ਪੋਲੀਸ ਅਫ਼ਸਰ ਸੀ ਤੇ ਫਿਰ ਕੁਝ ਸਮਾਂ ਉਹ ਕਲਕੱਤਾ ਪੋਲੀਸ ਵਿਚ ਵੀ ਰਿਹਾ, ਦੇ ਪਿਛੋਕੜ ਤੇ ਉਸ ਦੇ ਕੈਨੇਡਾ ਆਉਣ ਬਾਰੇ ਦੱਸਿਆ ਗਿਆ ਹੈ। ਇਸ ਤੋਂ ਅਗਲੇ ਦੋ ਛੋਟੇ-ਛੋਟੇ ਦੋ ਅਧਿਆਵਾਂ ਵਿਚ ਹਿੰਦੋਸਤਾਨੀਆਂ ਨੂੰ ਹਾਂਡੂਰਸ ਭੇਜੇ ਜਾਣ ਵਿਚ ਹਾਪਕਿਨਸਿਨ ਦੀ ਭੂਮਿਕਾ ਅਤੇ ਉਸ ਨੂੰ ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੌਕਰੀ ਮਿਲਣ ਬਾਰੇ ਜ਼ਿਕਰ ਕੀਤਾ ਗਿਆ ਹੈ। ਇੱਥੇ ਹੀ ਉਹ ਭਾਰਤੀਆਂ ਵਿਰੁੱਧ ਜਾਸੂਸੀ ਦੇ ਕੰਮ ਦੀ ਸ਼ੁਰੂਆਤ ਕਰਦਾ ਹੈ। ਉਹ ਤਾਰਕਨਾਥ, ਭਗਵਾਨ ਸਿੰਘ ਅਤੇ ਹਰਨਾਮ ਸਿੰਘ ਸਾਹਰੀ ਵਰਗੇ ਦੇਸ਼-ਭਗਤਾਂ ਨੂੰ ਭਾਰਤ ਵਾਪਸ ਭੇਜਣ ਲਈ ਪੂਰਾ ਟਿੱਲ ਲਾਉਂਦਾ ਹੈ ਅਤੇ ਇਸ ਵਿਚ ਕਾਫ਼ੀ ਹੱਦ ਤੱਕ ਕਾਮਯਾਬ ਵੀ ਹੋ ਹੁੰਦਾ ਹੈ।

ਹਾਪਕਿਨਸਨ ਅਕਤੂਬਰ 1911 ਵਿਚ ਪਹਿਲੀ ਵਾਰ ਅਮਰੀਕਾ ਜਾਂਦਾ ਹੈ ਅਤੇ ਉੱਥੇ ਸਿਆਟਲ, ਪੋਰਟਲੈਂਡ, ਸਾਨ ਫ਼ਰਾਂਸਿਸਕੋ, ਬਰਕਲੇ ਤੇ ਸਟੈਨਫੋਰਡ ਆਦਿ ਸ਼ਹਿਰਾਂ ਵਿਚ ਰਹਿ ਰਹੇ ਭਾਰਤੀਆਂ ਬਾਰੇ ਜਾਣਕਾਰੀ ਅਮਰੀਕਨ ਸਰਕਾਰ ਨੂੰ ਦਿੰਦਿਆਂ ਹੋਇਆਂ ਦੱਸਦਾ ਹੈ ਕਿ ਉਹ ਅਮਰੀਕਾ ਦੀ ਸਰਕਾਰ ਲਈ ਕਿੰਨੇ ਖ਼ਤਰਨਾਕ ਸਾਬਤ ਹੋ ਸਕਦੇ ਹਨ। ਅਮਰੀਕਾ ਦਾ ਦੂਸਰਾ ਦੌਰਾ ਉਹ ਦੋ ਸਾਲ ਬਾਅਦ ਜਨਵਰੀ 1913 ਨੂੰ ਕਰਦਾ ਹੈ ਅਤੇ ਬਰਕਲੇ ਯੂਨੀਵਰਸਿਟੀ ਵਿਚ ਪੜ੍ਹ ਰਹੇ ਵਿਦਿਆਰਥੀਆਂ ਬਾਰੇ ਜਾਸੂਸੀ ਕਰਦਾ ਹੋਇਆ ਅਮਰੀਕਨ ਸਰਕਾਰ ਨੂੰ ਸੂਚਿਤ ਕਰਦਾ ਹੈ ਕਿ ਇੱਥੇ ਹਰਦਿਆਲ ਨਾਂ ਦਾ ਹਿੰਦੂ ਲੜਕਾ ਯੂਨੀਵਰਸਿਟੀ ਵਿਚ ਪ੍ਰਚਾਰ ਕਰਕੇ ਵਿਦਿਆਰਥੀਆਂ ਨੂੰ ਹਿੰਦੋਸਤਾਨ ਦੀ ਅੰਗਰੇਜ਼ ਸਰਕਾਰ ਵਿਰੁੱਧ ਭੜਕਾ ਰਿਹਾ ਹੈ। ਇਸ ਦੌਰਾਨ ਉਹ ਬ੍ਰਿਟਿਸ਼ ਸਰਕਾਰ ਦੀਆਂ ਨਜ਼ਰਾਂ ਵਿਚ ਆਪਣੇ ਨੰਬਰ ਬਨਾਉਣ ਲਈ ਇੰਗਲੈਂਡ ਵੀ ਜਾਂਦਾ ਹੈ। ਹਾਪਕਿਨਸਨ ਵੱਲੋਂ ਬੇਹੱਦ ਘਟੀਆ ਭੂਮਿਕਾ 'ਕਾਮਾਗਾਟਾ ਮਾਰੂ ਦੁਖਾਂਤ' ਕੇਸ ਵਿਚ ਨਿਭਾਈ ਗਈ ਹੈ। 'ਕਾਮਾਗਾਟਾਮਾਰੂ ਜਹਾਜ਼' ਨੂੰ ਜਦੋਂ 23 ਮਈ ਨੂੰ ਵਿਕਟੋਰੀਆ ਤੋਂ ਵੈਨਕੂਵਰ ਲਿਆਂਦਾ ਗਿਆ, ਤਾਂ ਇਮੀਗ੍ਰੇਸ਼ਨ ਡਿਪਾਰਟਮੈਂਟ ਦੇ ਮੁਖੀ ਮੈਕਾਲਮ ਰੀਡ ਤੇ ਹੋਰ ਕਾਨੂੰਨੀ ਸਲਾਹਕਾਰਾਂ ਦੀ ਡਿਊਟੀ ਲਗਾਈ ਗਈ ਕਿ ਉਹ ਕੈਨੇਡਾ ਸਰਕਾਰ ਦੇ ਉਸ ਸਮੇਂ ਬਣਾਏ ਗਏ ਨਿਯਮਾਂ ਅਨੁਸਾਰ ਭਾਰਤ ਤੋਂ ਸਿੱਧਾ ਕੈਨੇਡਾ ਆਏ ਇਸ ਜਹਾਜ਼ ਦੇ ਮੁਸਾਫ਼ਰਾਂ ਨੂੰ ਕਿਸੇ ਵੀ ਹਾਲਤ 'ਚ ਉਤਰਨ ਨਾ ਦੇਣ ਅਤੇ ਉਹ ਇਸ ਕੰਮ ਲਈ ਹਰੇਕ ਹਰਬਾ ਵਰਤ ਰਹੇ ਸਨ। ਪੁਸਤਕ ਲੇਖਕ ਸੋਹਣ ਸਿੰਘ ਪੂੰਨੀ ਅਨੁਸਾਰ, "ਉਹ ਹਰ ਹਾਲਤ ਵਿਚ ਮੁਸਾਫ਼ਰਾਂ ਦੇ ਵਕੀਲ ਮਿਸਟਰ ਬਰਡ ਨੂੰ ਸੁਪਰੀਮ ਕੋਰਟ ਵਿਚ 'ਰਿਟ ਆਫ਼ ਹੇਬੀਕਸ ਕਾਰਪਸ' ਲਈ ਅਰਜ਼ੀ ਦੇਣ ਵਿਚ ਕਾਮਯਾਬ ਨਹੀਂ ਸੀ ਹੋਣ ਦੇਣਾ ਚਾਹੁੰਦੇ।" (ਪੰਨਾ-70)

ਓਧਰ ਹਾਪਕਿਨਸਨ ਤੇ ਦੂਸਰੇ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਇਹ ਵੀ ਪਤਾ ਸੀ ਕਿ ਜਹਾਜ਼ ਦੇ ਕਿਰਾਏ ਦੀ ਅਗਲੀ ਕਿਸ਼ਤ ਭਰਨ ਦੀ ਆਖ਼ਰੀ ਤਰੀਕ 11 ਜੂਨ ਹੈ ਅਤੇ ਇਸ ਦੇ ਮੁਸਾਫ਼ਰ ਜੇਕਰ ਇਹ ਕਿਸ਼ਤ ਇਸ ਦਿਨ ਤੱਕ ਨਹੀਂ ਤਾਰਦੇ, ਤਾਂ ਕੈਨੇਡਾ ਸਰਕਾਰ ਬਿਨਾਂ ਕਿਸੇ ਕਾਨੂੰਨੀ ਝਮੇਲੇ ਵਿਚ ਪੈਣ ਦੇ ਜਹਾਜ਼ ਅਤੇ ਇਸ ਦੇ ਮੁਸਾਫ਼ਰਾਂ ਤੋਂ ਖਹਿੜਾ ਛੁਡਾ ਸਕਦੀ ਹੈ। ਹਾਪਕਿਨਸਨ ਤੇ ਉਸ ਦੇ ਸਾਥੀਆਂ ਨੂੰ ਪੂਰੀ ਆਸ ਸੀ ਕਿ ਹਿੰਦੋਸਤਾਨੀ ਇਹ ਕਿਸ਼ਤ ਨਹੀਂ ਤਾਰ ਸਕਣਗੇ ਅਤੇ ਜਾਪਾਨੀ ਆਪਣਾ ਜਹਾਜ਼ ਵਾਪਸ ਲੈ ਜਾਣਗੇ, ਪਰ ਵੈਨਕੂਵਰ-ਵਾਸੀ ਭਾਰਤੀਆਂ ਨੇ ਉਨ੍ਹਾਂ ਦੀ ਇਸ ਆਸ ਉੱਪਰ ਪਾਣੀ ਫੇਰ ਦਿੱਤਾ।

ਭਾਈ ਮੇਵਾ ਸਿੰਘ ਦੇ ਦੋਸਤ ਖ਼ਾਲਸਾ ਦੀਵਾਨ ਸੋਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਭਿੱਖੀਵਿੰਡ ਅਤੇ ਯੂਨਾਈਟਿਡ ਇੰਡੀਆ ਲੀਗ ਦੇ ਪ੍ਰਧਾਨ ਹੁਸੈਨ ਰਹੀਮ ਨੇ ਮਿਲ ਕੇ ਭਾਰਤੀਆਂ ਨੂੰ ਇਸ ਕੰਮ ਲਈ ਮਾਇਕ-ਸਹਾਇਤਾ ਦੇਣ ਬਾਰੇ ਚਿੱਠੀ ਲਿਖੀ। ਸਿੱਟੇ ਵਜੋਂ 18,000 ਡਾਲਰ ਇਕੱਠੇ ਹੋ ਗਏ ਅਤੇ ਇਨ੍ਹਾਂ ਵਿਚੋਂ ਜਹਾਜ਼ ਦੀ 15,000 ਡਾਲਰ ਦੀ ਕਿਸ਼ਤ ਸਮੇਂ-ਸਿਰ ਤਾਰ ਦਿੱਤੀ ਗਈ। ਓਧਰ 'ਕਾਮਾਗਾਟਾ ਮਾਰੂ' ਨੂੰ ਸਮੁੰਦਰ ਵਿਚ ਖੜ੍ਹੇ ਨੂੰ ਇਕ ਮਹੀਨੇ ਤੋਂ ਉੱਪਰ ਹੋ ਗਿਆ ਸੀ ਅਤੇ ਇਮੀਗ੍ਰੇਸ਼ਨ ਅਧਿਕਾਰੀ, ਹਾਪਕਿਨਸਨ ਦੀ ਸਲਾਹ 'ਤੇ ਜਾਣ-ਬੁੱਝ ਕੇ ਦੇਰੀ ਕਰਨ ਦੀ ਪਾਲਿਸੀ ਅਪਨਾਉਂਦਿਆਂ ਹੋਇਆਂ, ਇਸ ਜਹਾਜ਼ ਦੇ ਮੁਸਾਫ਼ਰਾਂ ਦੀ 'ਲੈਂਡਿੰਗ' ਜਾਂ 'ਡਿਪੋਰਟੇਸ਼ਨ' ਬਾਰੇ ਕੋਈ ਫ਼ੈਸਲਾ ਨਹੀਂ ਕਰ ਰਹੇ ਸਨ। 18 ਅਤੇ 19 ਜੁਲਾਈ ਵਿਚਲੀ ਰਾਤ ਨੂੰ ਹਾਪਕਿਨਸਨ ਤੇ ਕੈਨੇਡੀਅਨ



ਅਧਿਕਾਰੀਆਂ ਨੇ ਆਪਣੇ ਨਾਲ 150 ਪੁਲਸੀਏ ਲੈ ਕੇ 'ਸਮੁੰਦਰੀ ਸ਼ੇਰ' ਨਾਂ ਦੇ ਜਹਾਜ਼ 'ਤੇ ਸਵਾਰ ਹੋ ਕੇ 'ਕਾਮਾਗਾਟਾ ਮਾਰੂ' 'ਤੇ ਹਮਲਾ ਕੀਤਾ। (ਪੰਨਾ-75)

ਦਰਅਸਲ, ਹਾਪਕਿਨਸਨ ਦੀ ਸਕੀਮ ਕਾਮਾਗਾਟਾ ਮਾਰੂ ਜਹਾਜ਼ 'ਤੇ ਧੱਕੇ ਨਾਲ ਕਬਜ਼ਾ ਕਰਕੇ ਉਸ ਨੂੰ ਕੈਨੇਡੀਅਨ ਪਾਣੀਆਂ ਵਿਚੋਂ ਬਾਹਰ ਕੱਢਣ ਦੀ ਸੀ, ਪਰ ਜਹਾਜ਼ ਦੇ ਮੁਸਾਫ਼ਰਾਂ ਨੇ ਇਸ ਦੀ ਡੱਟ ਕੇ ਵਿਰੋਧਤਾ ਕਰਦਿਆਂ ਹੋਇਆਂ ਉਸ ਦੀ ਇਹ ਯੋਜਨਾ ਫ਼ੇਲ੍ਹ ਕਰ ਦਿੱਤੀ। ਇਸ ਪਿੱਛੋਂ ਕੈਨੇਡੀਅਨ ਨੇਵੀ ਦਾ ਸਭ ਤੋਂ ਵੱਡਾ ਜਹਾਜ਼ 'ਰੇਨਬੋ' ਮੰਗਵਾਇਆ ਗਿਆ। 'ਕਾਮਾਗਾਟਾ ਮਾਰੂ' ਦੇ ਨਿਹੱਥੇ ਮੁਸਾਫ਼ਰਾਂ ਲਈ ਇਸ ਸ਼ਕਤੀਸ਼ਾਲੀ ਜਹਾਜ਼ ਦਾ ਮੁਕਾਬਲਾ ਕਰਨਾ ਸੰਭਵ ਨਹੀਂ ਸੀ। ਨਤੀਜੇ ਵਜੋਂ, 23 ਜੁਲਾਈ 1914 ਨੂੰ 'ਕਾਮਾਗਾਟਾ ਮਾਰੂ' ਨੂੰ ਭਾਰਤ ਵਾਪਸ ਮੋੜ ਦਿੱਤਾ ਗਿਆ ਅਤੇ ਕਲਕੱਤੇ ਪਹੁੰਚ ਕੇ 'ਬੱਜਬੱਜ ਘਾਟ' ਦਾ ਜੋ ਖ਼ੂਨੀ ਸਾਕਾ ਹੋਇਆ, ਉਸ ਤੋਂ ਅਸੀਂ ਸਾਰੇ ਭਲੀ-ਭਾਂਤ ਵਾਕਿਫ਼ ਹਾਂ।

ਇਸ ਦੌਰਾਨ ਭਾਈ ਮੇਵਾ ਸਿੰਘ ਤੇ ਉਨ੍ਹਾਂ ਦੇ ਦੋ ਸਾਥੀ ਭਾਈ ਭਾਗ ਸਿੰਘ ਭਿੱਖੀਵਿੰਡ ਤੇ ਭਾਈ ਬਲਵੰਤ ਸਿੰਘ ਖ਼ੁਰਦਪੁਰ ਹਥਿਆਰ ਖ਼ਰੀਦਣ ਲਈ 16 ਜੁਲਾਈ ਨੂੰ ਅਮਰੀਕਾ ਦੇ ਸ਼ਹਿਰ 'ਸੂਮਾਸ' ਪਹੁੰਚਦੇ ਹਨ ਅਤੇ ਉੱਥੋਂ 'ਰੀਜ਼ ਥੋਮਸ' ਨਾਂ ਦੇ ਹਾਰਡਵੇਅਰ ਸਟੋਰ ਤੋਂ ਚਾਰ ਰਿਵਾਲਵਰ ਖ਼ਰੀਦਦੇ ਹਨ। ਇੱਥੋਂ ਭਾਈ ਮੇਵਾ ਸਿੰਘ ਇਕੱਲੇ ਹੀ ਕੈਨੇਡਾ ਵਾਪਸ ਆਉਣ ਦਾ ਫ਼ੈਸਲਾ ਕਰਦੇ ਹਨ। ਉਹ ਆਪਣਾ ਰਿਵਾਲਵਰ ਤੇ ਗੋਲ਼ੀਆਂ ਦੇ ਤਿੰਨ ਵੱਡੇ ਪੈਕਟ ਜੁਰਾਬ ਅਤੇ ਆਪਣੀ ਝੱਗੀ ਦੀ ਅੰਦਰਲੀ ਜੇਬ ਵਿਚ ਲੁਕਾ ਲੈਂਦੇ ਹਨ, ਪਰ ਕੈਨੇਡਾ ਵਿਚ ਦਾਖ਼ਲ ਹੋਣ ਸਮੇਂ ਬ੍ਰਿਟਿਸ਼ ਕੋਲੰਬੀਆ ਦੀ ਪੋਲੀਸ ਦੇ ਕਾਬੂ ਆ ਜਾਂਦੇ ਹਨ। ਤਲਾਸ਼ੀ ਦੌਰਾਨ ਉਨ੍ਹਾਂ ਕੋਲੋਂ ਫੜਿਆ ਗਿਆ ਰਿਵਾਲਵਰ ਅਤੇ ਉਸ ਦੇ ਨਾਲ ਫੜੀਆਂ ਗਈਆਂ 500 ਗੋਲ਼ੀਆਂ ਉਨ੍ਹਾਂ ਤਿੰਨਾਂ ਰਿਵਾਲਵਰਾਂ ਲਈ ਸਨ, ਜੋ ਭਾਈ ਬਲਵੰਤ ਸਿੰਘ ਹੁਰਾਂ ਨੇ ਬਾਅਦ ਵਿਚ ਲੈ ਕੇ ਆਉਣੇ ਸਨ। ਭਾਈ ਮੇਵਾ ਸਿੰਘ ਨੂੰ ਕੈਨੇਡੀਅਨ ਪੁਲੀਸ ਵੱਲੋਂ ਨਿਊ ਵੈੱਸਟਮਨਿਸਟਰ ਜੇਲ੍ਹ ਵਿਚ ਡੱਕ ਦਿੱਤਾ ਜਾਂਦਾ ਹੈ।

ਓਧਰ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ ਤੇ ਬਾਬੂ ਹਰਨਾਮ ਸਿੰਘ ਸਾਹਰੀ ਨੂੰ ਅਮਰੀਕਾ ਵਾਲੇ ਪਾਸੇ ਗ੍ਰਿਫ਼ਤਾਰ ਕਰਕੇ 'ਸੂਮਾਸ ਜੇਲ੍ਹ' ਵਿਚ ਭੇਜਿਆ ਜਾਂਦਾ ਹੈ। ਅਮਰੀਕਾ ਵਿਚ ਹਥਿਆਰ ਖ਼ਰੀਦਣੇ ਤੇ ਰੱਖਣੇ ਉੱਥੋਂ ਦੇ ਕਾਨੂੰਨ ਮੁਤਾਬਿਕ ਜੁਰਮ ਨਹੀਂ ਹੈ। ਇਸ ਲਈ ਇਨ੍ਹਾਂ ਤਿੰਨਾਂ ਨੂੰ ਦੋ ਹਫ਼ਤੇ ਬਾਦ ਰਿਹਾਅ ਕਰ ਦਿੱਤਾ ਜਾਂਦਾ ਹੈ ਪਰ ਇਸ ਦੇ ਨਾਲ ਹੀ ਹਰਨਾਮ ਸਿੰਘ ਸਾਹਰੀ ਨੂੰ ਅਮਰੀਕਾ ਤੋਂ ਭਾਰਤ ਡਿਪੋਰਟ ਕਰ ਦਿੱਤਾ ਜਾਂਦਾ ਹੈ। ਕੈਨੇਡਾ ਵਿਚੋਂ ਫੜੇ ਗਏ ਭਾਈ ਮੇਵਾ ਸਿੰਘ ਉੱਪਰ ਪਿਸਤੌਲ ਅਤੇ 500 ਗੋਲ਼ੀਆਂ ਸਮੱਗਲ ਕਰਨ ਦੇ ਦੋਸ਼ ਵਿਚ ਉਨ੍ਹਾਂ ਉੱਪਰ ਦੋ ਵੱਖ-ਵੱਖ ਮੁਕੱਦਮੇ ਦਰਜ ਕਰ ਲਏ ਜਾਂਦੇ ਹਨ, ਜਿਨ੍ਹਾਂ ਨਾਲ ਉਨ੍ਹਾਂ ਨੂੰ 10 ਸਾਲ ਤੱਕ ਕੈਦ ਦੀ ਸਜ਼ਾ ਹੋ ਸਕਦੀ ਹੈ। ਹਾਪਕਿਨਸਨ ਤੇ ਮੈਕਾਲਮ ਰੀਡ ਦੋਵੇਂ ਮਿਲ ਕੇ ਭਾਈ ਮੇਵਾ ਸਿੰਘ ਨੂੰ ਪੇਸ਼ਕਸ਼ ਕਰਦੇ ਹਨ ਕਿ ਜੇਕਰ ਉਹ ਇਹ ਸਟੇਟਮੈਂਟ ਦੇ ਦੇਣ ਕਿ ਉਨ੍ਹਾਂ ਕੋਲੋਂ ਫੜੇ ਗਏ ਹਥਿਆਰ ਭਾਈ ਬਲਵੰਤ ਸਿੰਘ, ਭਾਈ ਭਾਗ ਸਿੰਘ ਤੇ ਬਾਬੂ ਹਰਨਾਮ ਸਿੰਘ ਸਾਹਰੀ ਦੇ ਹਨ, ਅਤੇ ਉਨ੍ਹਾਂ ਨੇ ਇਹ ਹਥਿਆਰ ਵੈਨਕੂਵਰ ਰਹਿੰਦੇ ਗੁਜਰਾਤੀ ਇਨਕਲਾਬੀ ਹੁਸੈਨ ਰਹੀਮ ਲਈ ਭੇਜੇ ਹਨ, ਤਾਂ ਉਨ੍ਹਾਂ ਨੂੰ ਮਾਮੂਲੀ ਸਜ਼ਾ ਦਿਵਾ ਕੇ ਛੱਡਿਆ ਜਾ ਸਕਦਾ ਹੈ, ਵਰਨਾ ਉਨ੍ਹਾਂ ਨੂੰ ਪੰਜ ਤੋਂ ਦਸ ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ। ਭਾਈ ਮੇਵਾ ਸਿੰਘ ਵੱਲੋਂ ਇਹ ਸਟੇਟਮੈਂਟ ਦੇਣ ਤੋਂ ਸਾਫ਼ ਇਨਕਾਰ ਕਰਨ 'ਤੇ ਹਾਪਕਿਨਸਨ ਡਾਹਢਾ ਖ਼ਫ਼ਾ ਹੁੰਦਾ ਹੈ।

ਹਾਪਕਿਨਸਨ ਦੀ ਸਭ ਤੋਂ 'ਘਿਨਾਉਣੀ ਕਰਤੂਤ' ਬੇਲਾ ਸਿੰਘ ਜਿਆਣੀ ਕੋਲੋਂ ਭਾਈ ਭਾਗ ਸਿੰਘ ਦਾ ਕਤਲ ਕਰਵਾਉਣ ਦੀ ਹੈ। ਦਰਅਸਲ, ਭਾਈ ਭਾਗ ਸਿੰਘ ਚਾਹੁੰਦੇ ਸਨ ਕਿ ਬੇਲਾ ਸਿੰਘ ਹਾਪਕਿਨਸਨ ਲਈ 'ਟਾਊਟਪੁਣਾ' ਨਾ ਕਰੇ ਅਤੇ ਉਨ੍ਹਾਂ ਨੇ ਉਸ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਵੀ ਕੀਤੀ, ਪਰ ਉਹ ਕੇਵਲ ਬਜ਼ਿੱਦ ਸੀ ਨਹੀਂ, ਸਗੋਂ ਦੇਸ਼-ਭਗਤਾਂ ਨੂੰ ਮੰਦੇ ਸ਼ਬਦ ਬੋਲ ਕੇ ਉਲਟਾ ਉਨ੍ਹਾਂ ਦਾ ਮਖ਼ੌਲ ਉਡਾਉਂਦਾ ਸੀ। ਹਾਪਕਿਨਸਨ ਦੀ ਸ਼ਹਿ 'ਤੇ ਬੇਲਾ ਸਿੰਘ ਨੇ ਭਾਈ ਭਾਗ ਸਿੰਘ ਦਾ ਕਤਲ ਉਸ ਸਮੇਂ ਕੀਤਾ, ਜਦੋਂ ਉਹ ਵੈਨਕੂਵਰ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਵਾਲੇ ਤਖ਼ਤਪੋਸ਼ ਦੇ ਕੋਲ ਬੈਠੇ ਸਨ। ਭਾਈ ਬਲਵੰਤ ਸਿੰਘ ਉਸ ਸਮੇਂ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਸਨ।

ਪੁਸਤਕ ਵਿਚ ਪੂੰਨੀ ਸਾਹਿਬ ਭਾਈ ਭਾਗ ਸਿੰਘ ਦੀ ਸ਼ਹੀਦੀ ਇੰਜ ਬਿਆਨ ਕਰਦੇ ਹਨ, "ਬੇਲਾ ਸਿੰਘ ਮੱਥਾ ਟੇਕ ਕੇ ਭਾਈ ਭਾਗ ਸਿੰਘ ਦੇ ਪਿੱਛੇ ਚਾਰ-ਪੰਜ ਫੁੱਟ ਦੀ ਦੂਰੀ 'ਤੇ ਬੈਠ ਗਿਆ। 20-25 ਮਿੰਟ ਬਾਅਦ, ਜਦੋਂ ਸਾਰੇ ਅਰਦਾਸ ਲਈ ਖੜ੍ਹੇ ਸਨ, ਤਾਂ ਬੇਲਾ ਸਿੰਘ ਨੇ ਬੜੀ ਕਾਹਲ਼ੀ ਨਾਲ ਪਿਸਤੌਲ ਕੱਢ ਕੇ ਗੋਲ਼ੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਸਭ ਤੋਂ ਪਹਿਲਾਂ ਉਸ ਨੇ ਭਾਈ ਭਾਗ ਸਿੰਘ ਦੇ ਗੋਲ਼ੀਆਂ ਮਾਰੀਆਂ। ਜਦੋਂ ਉਹ ਇਹ 'ਕੁਕਰਮ' ਕਰ ਰਿਹਾ ਸੀ, ਤਾਂ ਭਾਈ ਬਦਨ ਸਿੰਘ 'ਦਲੇਲ ਸਿੰਘ ਵਾਲਾ' ਜਦੋਂ ਉਸਦੇ ਵੱਲ ਆਇਆ, ਤਾਂ ਉਸਨੇ ਆਪਣੇ ਦੋਵੇਂ ਪਿਸਤੌਲ ਉਸ ਵੱਲ ਸੇਧ ਦਿੱਤੇ ਅਤੇ ਭਾਈ ਬਦਨ ਸਿੰਘ ਦੇ ਉੱਪਰਲੇ ਹਿੱਸੇ ਵਿਚ ਚਾਰ ਗੋਲ਼ੀਆਂ ਲੱਗੀਆਂ। ਪਰ ਫਿਰ ਵੀ ਜ਼ਖ਼ਮੀ ਭਾਈ ਬਦਨ ਸਿੰਘ ਨੇ ਉਸਨੂੰ ਗਲੋਂ ਜਾ ਫੜ੍ਹਿਆ। ਜੇ ਭਾਈ ਬਦਨ ਸਿੰਘ ਆਪਣੀ ਜਾਨ 'ਤੇ ਖੇਡ ਕੇ ਬੇਲਾ ਸਿੰਘ ਨੂੰ ਗਲ਼ੋਂ ਨਾ ਫੜ੍ਹਦੇ, ਤਾਂ ਉਸਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਭਾਈ ਬਲਵੰਤ ਸਿੰਘ ਨੂੰ ਵੀ ਜ਼ਰੂਰ ਗੋਲ਼ੀ ਮਾਰ ਦੇਣੀ ਸੀ। ਉਸ ਦੇ ਵੱਲੋਂ ਚਲਾਈਆਂ ਗਈਆਂ ਗੋਲ਼ੀਆਂ ਨਾਲ ਉੱਥੇ ਕਈ ਹੋਰ ਵੀ ਜ਼ਖ਼ਮੀ ਹੋਏ।" (ਪੰਨਾ-89)

ਉਪਰੰਤ, ਬੇਲਾ ਸਿੰਘ ਨੂੰ ਪੁਲੀਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਸ ਨੂੰ ਗੰਭੀਰ ਰੂਪ ਵਿਚ ਜ਼ਖ਼ਮੀ ਹੋਏ ਭਾਗ ਸਿੰਘ ਤੇ ਭਾਈ ਬਦਨ ਸਿੰਘ ਕੋਲ ਹਸਪਤਾਲ ਲਿਆਂਦਾ ਗਿਆ, ਜਿੱਥੇ ਉਨ੍ਹਾਂ ਦੋਹਾਂ ਨੇ ਹਾਪਕਿਨਸਨ ਤੇ ਰੀਡ ਦੇ ਸਾਹਮਣੇ ਦਿੱਤੇ ਗਏ ਬਿਆਨਾਂ ਵਿਚ ਬੇਲਾ ਸਿੰਘ ਦੀ ਇਸ ਖ਼ੂਨੀ ਕਾਂਡ ਦੇ ਦੋਸ਼ੀ ਵਜੋਂ ਪਹਿਚਾਣ ਕੀਤੀ। ਫਿਰ ਅਚਾਨਕ ਹੀ ਭਾਈ ਭਾਗ ਸਿੰਘ ਦੀ ਤਬੀਅਤ ਖ਼ਰਾਬ ਹੋ ਗਈ ਅਤੇ ਉਹ 6 ਸਤੰਬਰ 1914 ਨੂੰ ਉਨ੍ਹਾਂ ਵੈਨਕੂਵਰ ਦੇ ਉਸ ਹਸਪਤਾਲ ਵਿਚ ਆਖ਼ਰੀ ਸਾਹ ਲਿਆ। ਇਸ ਤੋਂ ਥੋੜ੍ਹੀ ਦੇਰ ਬਾਅਦ ਭਾਈ ਬਦਨ ਸਿੰਘ ਵੀ ਚਲਾਣਾ ਕਰ ਗਏ ਅਤੇ ਦੋਹਾਂ ਦਾ ਸਸਕਾਰ ਇੱਕੋ ਚਿਖ਼ਾ ਵਿਚ ਕੀਤਾ ਗਿਆ।

ਪੁਸਤਕ ਦਾ ਸਭ ਤੋਂ ਰੌਚਕ ਤੇ ਦਿਲਚਸਪ ਅਧਿਆਇ ਭਾਈ ਮੇਵਾ ਸਿੰਘ ਵੱਲੋਂ ਹਾਪਕਿਨਸਨ ਦਾ ਕਤਲ ਕਰਨ ਵਾਲਾ ਹੈ। ਭਾਈ ਮੇਵਾ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਪੂਰਾ ਯਕੀਨ ਸੀ ਕਿ ਭਾਈ ਭਾਗ ਸਿੰਘ ਦੇ ਕਤਲ ਵਿਚ ਉਨ੍ਹਾਂ ਨੂੰ ਇਨਸਾਫ਼ ਨਹੀਂ ਮਿਲੇਗਾ, ਕਿਉਂਕਿ ਹਾਪਕਿਨਸਨ ਦੀ ਪਹੁੰਚ ਸਰਕਾਰ ਵਿਚ 'ਦੂਰ' ਤੱਕ ਹੈ ਅਤੇ ਉਹ ਪੂਰੀ ਤਰ੍ਹਾਂ ਬੇਲਾ ਸਿੰਘ ਦੀ ਪਿੱਠ ਪੂਰ ਰਿਹਾ ਸੀ। ਸੰਤ-ਸੁਭਾਅ ਦੇ ਮਾਲਕ ਭਾਈ ਮੇਵਾ ਸਿੰਘ ਬੜੇ ਸਾਊ ਇਨਸਾਨ ਸਨ ਅਤੇ ਹਾਪਕਿਨਸਨ ਉਨ੍ਹਾਂ ਦੇ ਇਸ 'ਸਾਊਪੁਣੇ' ਦਾ ਨਾਜਾਇਜ਼ ਫ਼ਾਇਦਾ ਉਠਾਉਣਾ ਚਾਹੁੰਦਾ ਸੀ। ਉਹ ਉਨ੍ਹਾਂ ਨੂੰ ਮਜਬੂਰ ਕਰ ਰਿਹਾ ਸੀ ਕਿ ਭਾਈ ਭਾਗ ਸਿੰਘ ਦੇ ਕਤਲ ਕੇਸ ਵਿਚ ਉਹ ਆਪਣੀ ਗਵਾਹੀ ਬੇਲਾ ਸਿੰਘ ਦੇ ਹੱਕ ਵਿਚ ਦੇਣ। ਇਸ ਦੇ ਨਾਲ ਹੀ ਉਸ ਨੇ ਭਾਈ ਮੇਵਾ ਸਿੰਘ ਨੂੰ ਇਹ ਧਮਕੀ ਵੀ ਦਿੱਤੀ, "ਹੁਣ ਤੂੰ ਬੇਲਾ ਸਿੰਘ ਬਾਰੇ ਗਵਾਹੀ ਦੇਣੀ ਹੈ। ਤੂੰ ਪਾਸਾ ਬਦਲ ਕੇ ਬੇਲਾ ਸਿੰਘ ਦੇ ਹੱਕ ਵਿਚ ਗਵਾਹੀ ਦੇ, ਵਰਨਾ ਤੈਨੂੰ ਵੀ ਓਸੇ ਰਸਤੇ ਜਾਣਾ ਪਵੇਗਾ, ਜਿਸ ਰਸਤੇ ਭਾਗ ਸਿੰਘ ਤੇ ਬਦਨ ਸਿੰਘ ਗਏ ਹਨ।" (ਪੰਨਾ-93)

ਹਾਪਕਿਨਸਨ ਦੇ ਸੂਹੀਏ ਬਾਬੂ ਸਿੰਘ ਲਿੱਤਰਾਂ ਨੇ ਵੀ ਭਾਈ ਮੇਵਾ ਸਿੰਘ ਨੂੰ ਬੇਲਾ ਸਿੰਘ ਦੇ ਹੱਕ ਵਿਚ ਗਵਾਹੀ ਦੇਣ ਲਈ ਕਿਹਾ, ਪਰ ਗੁਰੂ ਦੇ ਸੱਚੇ-ਸੁੱਚੇ ਸਿੱਖ ਭਾਈ ਮੇਵਾ ਸਿੰਘ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਭਾਗ ਸਿੰਘ ਦੇ ਕਤਲ ਬਾਰੇ ਡੱਟ ਕੇ ਗਵਾਹੀ ਦਿੱਤੀ। ਆਪਣੇ ਬਿਆਨ ਵਿਚ ਉਨ੍ਹਾਂ ਓਹੀ ਕੁਝ ਕਿਹਾ, ਜੋ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਵਿਚ ਅੱਖੀਂ ਡਿੱਠਾ ਸੀ। ਉਨ੍ਹਾਂ ਕਿਹਾ ਕਿ ਗੁਰਦੁਆਰੇ ਵਿਚ ਬੇਲਾ ਸਿੰਘ ਨੇ ਬਿਨਾਂ ਕਿਸੇ ਭੜਕਾਹਟ ਦੇ ਗੋਲ਼ੀਆਂ ਚਲਾਈਆਂ ਅਤੇ ਸ਼ਰੇਆਮ ਕਤਲ ਕੀਤੇ।

ਭਾਈ ਭਾਗ ਸਿੰਘ ਦੇ ਕਾਤਲ ਬੇਲਾ ਸਿੰਘ ਉੱਤੇ ਵੈਨਕੂਵਰ ਦੀ ਪ੍ਰੋਵਿੰਸ਼ੀਅਲ ਕੋਰਟ ਵਿਚ ਮੁਕੱਦਮਾ ਚੱਲ ਰਿਹਾ ਸੀ। 21 ਅਕਤੂਬਰ 1914 ਦੇ ਦਿਨ ਹਾਪਕਿਨਸਨ ਬੇਲਾ ਸਿੰਘ ਦੇ ਹੱਕ ਵਿਚ ਜਿਊਰੀ ਦੇ ਅੱਗੇ ਬਿਆਨ ਦੇਣ ਲਈ ਪਹੁੰਚਿਆ ਹੋਇਆ ਸੀ। ਸੋਹਣ ਸਿੰਘ ਪੂੰਨੀ ਦੀ ਇਸ ਲਿਖ਼ਤ ਅਨੁਸਾਰ, "ਸਵੇਰ ਦੇ ਦਸ ਵੱਜ ਕੇ ਬਾਰਾਂ ਮਿੰਟ 'ਤੇ ਹਾਪਕਿਨਸਨ ਆਪਣੇ ਦੋਵੇਂ ਹੱਥ ਪਤਲੂਣ ਦੀਆਂ ਜੇਬਾਂ ਵਿਚ ਪਾ ਕੇ ਪ੍ਰੋਵਿੰਸ਼ੀਅਲ ਕੋਰਟ ਦੀ ਦੂਸਰੀ ਮੰਜ਼ਲ 'ਤੇ ਕੋਰਟ-ਰੂਮ ਵਿਚ ਦਾਖ਼ਲ ਹੋਣ ਵਾਲੇ ਦਰਵਾਜ਼ੇ ਦੇ ਬਿਲਕੁਲ ਕੋਲ਼, ਬਰਾਂਡੇ ਵਿਚ ਕੰਧ ਨਾਲ ਢੋਅ ਲਾਈ ਖੜ੍ਹਾ ਸੀ। ਭਾਈ ਮੇਵਾ ਸਿੰਘ ਘੁੰਮੇਰਦਾਰ ਪੌੜੀਆਂ ਚੜ੍ਹ ਕੇ ਦੂਸਰੀ ਮੰਜ਼ਲ 'ਤੇ ਪਹੁੰਚ ਗਏ ਅਤੇ ਬਰਾਂਡੇ ਵਿਚੋਂ ਦੀ ਤੁਰਦੇ ਹੋਏ ਹਾਪਕਿਨਸਨ ਦੇ ਨੇੜੇ ਪਹੁੰਚ ਗਏ। ਉਨ੍ਹਾਂ ਆਪਣਾ ਪਿਸਤੌਲ ਕੱਢਿਆ ਤੇ ਇਕ ਕਦਮ ਅੱਗੇ ਵੱਧ ਕੇ ਸੱਜੇ ਹੱਥ ਨਾਲ ਉਸ ਦੇ ਗੋਲ਼ੀ ਮਾਰੀ। ਹਾਪਕਿਨਸਨ ਨੇ ਮੇਵਾ ਸਿੰਘ ਨੂੰ ਫੜ੍ਹਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਬੜੀ ਫੁਰਤੀ ਨਾਲ ਉਸ ਦੇ ਹੋਰ ਗੋਲ਼ੀਆਂ ਮਾਰ ਦਿੱਤੀਆਂ। ਭਾਈ ਮੇਵਾ ਸਿੰਘ ਨੇ ਸੱਜੇ ਹੱਥ ਵਿਚ ਫੜੇ ਰਿਵਾਲਵਰ ਦੀ ਹੱਥੀ ਕਈ ਵਾਰ ਹਾਪਕਿਨਸਨ ਦੇ ਸਿਰ ਵਿਚ ਮਾਰੀ ਅਤੇ ਨਾਲ ਹੀ ਖ਼ਾਲੀ ਹੋਇਆ ਇਹ ਰਿਵਾਲਵਰ ਭੁੰਜੇ ਸੁੱਟ ਕੇ ਖੱਬੇ ਹੱਥ ਵਿਚ ਫੜੇ ਰਿਵਾਲਵਰ ਨੂੰ ਸੱਜੇ ਵਿਚ ਕਰਦਿਆਂ ਦੋ ਹੋਰ ਗੋਲ਼ੀਆਂ ਮਾਰੀਆਂ। ਇਸ ਤਰ੍ਹਾਂ ਹਾਪਕਿਨਸਨ ਦੇ ਚਾਰ ਗੋਲ਼ੀਆਂ ਲੱਗੀਆਂ ਤੇ ਉਹ ਥਾਂ 'ਤੇ ਹੀ ਮਰ ਗਿਆ। (ਪੰਨਾ-94)

ਹਾਪਕਿਨਸਨ ਦਾ ਕਤਲ ਕਰਕੇ ਭਾਈ ਮੇਵਾ ਸਿੰਘ ਨੇ ਦੌੜਨ ਦੀ ਕੋਸ਼ਿਸ਼ ਨਹੀਂ ਕੀਤੀ ਤੇ ਬੜੇ ਆਰਾਮ ਨਾਲ ਰਿਵਾਲਵਰ ਸਫ਼ਾਈ ਕਰਨ ਵਾਲੇ ਕਰਮਚਾਰੀ ਨੂੰ ਫੜਾਉਂਦੇ ਹੋਏ ਬੋਲੇ, "ਆਈ ਸ਼ੂਟ, ਆਈ ਗੋ ਸਟੇਸ਼ਨ"। ਪੁਲੀਸ ਦੇ ਆਉਣ 'ਤੇ ਉਨ੍ਹਾਂ ਬਿਨਾਂ ਕਿਸੇ ਵਿਰੋਧ ਦੇ ਆਪਣੇ ਆਪ ਨੂੰ ਪੁਲੀਸ ਦੇ ਹਵਾਲੇ ਕਰ ਦਿੱਤਾ। ਇਸ ਤੋਂ ਨੌਂ ਦਿਨ ਬਾਅਦ 30 ਅਕਤੂਬਰ ਨੂੰ ਵੈਨਕੂਵਰ ਵਿਚ ਭਾਈ ਮੇਵਾ ਸਿੰਘ ਵਿਰੁੱਧ ਮੁਕੱਦਮੇ ਦੀ ਕਾਰਵਾਈ ਆਰੰਭ ਹੋਈ। ਅਦਾਲਤ ਵੱਲੋਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਉਨ੍ਹਾਂ ਉੱਪਰ ਹਾਪਕਿਨਸਨ ਨੂੰ ਕਤਲ ਕਰਨ ਦਾ ਦੋਸ਼ ਹੈ, ਜੋ ਉਨ੍ਹਾਂ ਨੇ ਹੱਸ ਕੇ ਕਬੂਲ ਕਰ ਲਿਆ। ਅਦਾਲਤ ਵਿਚ ਦਿੱਤੀ ਗਈ ਆਪਣੀ ਲੰਮੀ-ਚੌੜੀ ਸਟੇਟਮੈਂਟ ਵਿਚ ਭਾਈ ਭਾਗ ਸਿੰਘ ਨੇ ਕਿਹਾ, "ਇਸ ਸਾਰੇ 'ਪਵਾੜੇ' ਅਤੇ ਕਤਲੋ-ਗਾਰਤ ਲਈ ਮਿਸਟਰ ਰੀਡ ਤੇ ਮਿਸਟਰ ਹਾਪਕਿਨਸਨ ਜ਼ਿੰਮੇਵਾਰ ਹਨ। ਮੈਂ ਆਪਣੇ ਧਰਮ ਅਤੇ ਆਪਣੇ ਭਾਈਚਾਰੇ ਦੀ ਅਣਖ ਲਈ ਹਾਪਕਿਨਸਨ ਦਾ ਕਤਲ ਕੀਤਾ ਹੈ। ਮੈਂ ਇਹ 'ਮੁਸੀਬਤਾਂ' ਹੋਰ ਬਰਦਾਸ਼ਤ ਨਹੀਂ ਸੀ ਕਰ ਸਕਦਾ। (ਪੰਨਾ-115) ਹਾਪਕਿਨਸਨ ਦੇ ਕਤਲ ਦੇ ਦੋਸ਼ ਵਿਚ ਭਾਈ ਮੇਵਾ ਸਿੰਘ ਨੂੰ 11 ਜਨਵਰੀ 1915 ਨੂੰ ਫ਼ਾਂਸੀ ਦਿੱਤੀ ਗਈ। ਫ਼ਾਂਸੀ ਲਾਏ ਜਾਣ ਸਮੇਂ ਅੰਤਿਮ ਰਸਮਾਂ ਨਿਭਾਉਣ ਲਈ ਭਾਈ ਮਿੱਤ ਸਿੰਘ ਪੰਡੋਰੀ ਉੱਥੇ ਪਹੁੰਚੇ ਸਨ।

ਇਸ ਦੇ ਨਾਲ ਹੀ ਪੁਸਤਕ ਦੇ ਆਖ਼ਰੀ ਅਧਿਆਇ 'ਬਾਅਦ ਵਿਚ ਬੇਲਾ ਸਿੰਘ ਦਾ ਕੀ ਬਣਿਆ?' ਵੀ ਖ਼ਾਸਾ ਦਿਲਚਸਪ ਹੈ। ਲੇਖਕ ਦੱਸਦਾ ਹੈ ਕਿ ਬੇਲਾ ਸਿੰਘ ਦੀ ਹਾਪਕਿਨਸਨ ਨਾਲ 'ਗੂੜ੍ਹੀ ਨੇੜਤਾ' ਹੋਣ ਕਾਰਨ ਜਿਊਰੀ ਨੇ ਸਰਕਾਰੀ ਵਕੀਲ ਦੀ 'ਦਲੀਲ' ਕਿ "ਬੇਲਾ ਸਿੰਘ ਦੀ ਜਾਨ ਨੂੰ ਖ਼ਤਰਾ ਸੀ ਤੇ ਗੋਲ਼ੀ ਉਸ ਨੇ 'ਸੈਲਫ਼-ਡਿਫ਼ੈਂਸ' ਵਜੋਂ ਚਲਾਈ ਸੀ" ਨੂੰ ਸਵੀਕਾਰਦਿਆਂ ਹੋਇਆਂ ਭਾਈ ਭਾਗ ਸਿੰਘ ਦੇ ਕਤਲ ਵਾਲੇ ਮੁਕੱਦਮੇ ਵਿਚੋਂ ਸਾਫ਼ ਬਰੀ ਕਰ ਦਿੱਤਾ। ਮੁਕੱਦਮੇ ਵਿਚੋਂ ਬਰੀ ਹੋ ਕੇ ਉਹ ਬੜਾ ਹੰਕਾਰੀ ਹੋ ਗਿਆ ਸੀ ਅਤੇ ਵੈਨਕੂਵਰ ਦੀਆਂ ਸੜਕਾਂ 'ਤੇ ਆਕੜ-ਆਕੜ ਤੁਰਦਾ ਸੀ। ਬਹੁਤ ਸਾਰੇ ਗ਼ਦਰੀਆਂ ਦੇ ਗ਼ਦਰ ਮਚਾਉਣ ਦੇ ਇਰਾਦੇ ਨਾਲ ਭਾਰਤ ਚਲੇ ਜਾਣ ਕਾਰਨ 'ਦੇਸ਼-ਭਗਤ ਧੜਾ' ਭਾਵੇਂ ਪਹਿਲਾਂ ਜਿੰਨਾ ਸ਼ਕਤੀਸ਼ਾਲੀ ਨਹੀਂ ਰਿਹਾ ਸੀ, ਪਰ ਇਹ ਮੂਲੋਂ ਖ਼ਤਮ ਨਹੀਂ ਸੀ ਹੋਇਆ। ਗ਼ਦਰੀ ਯੋਧੇ ਜਗਤ ਸਿੰਘ ਮਹਿਰਾ ਭੂਤਵਿੰਡ ਨੇ 18 ਮਾਰਚ 1915 ਨੂੰ ਗਰੈਨਵਿਲ ਸਟਰੀਟ 'ਤੇ ਸਥਿਤ ਹਿੰਦੂ ਸਟੋਰ ਵਿਚ ਬੇਲਾ ਸਿੰਘ ਤੇ ਉਸ ਦੇ ਸਾਥੀਆਂ 'ਤੇ ਫ਼ਾਇਰ ਖੋਲ੍ਹ ਦਿੱਤਾ। ਗੋਲੀ ਬੇਲਾ ਸਿੰਘ ਦੇ ਕੋਟ ਵਿਚ ਦੀ ਲੰਘ ਗਈ ਤੇ ਉਹ ਉੱਥੋਂ ਭੱਜ ਕੇ ਬਚ ਗਿਆ ਪਰ ਉਸ ਦੇ ਦੋ ਸਾਥੀ ਉੱਥੇ ਥਾਂ 'ਤੇ ਮਾਰੇ ਗਏ।

ਜਾਨ ਬਚਾਅ ਕੇ ਬੇਲਾ ਸਿੰਘ 1 ਜੂਨ 1916 ਨੂੰ 'ਮੌਂਟਈਗਲ' ਨਾਂ ਦੇ ਜਹਾਜ਼ 'ਤੇ ਭਾਰਤ ਚਲੇ ਗਿਆ। ਭਾਰਤ ਆ ਕੇ ਵੀ ਉਸ ਨੇ 'ਟਾਊਟਪੁਣਾ ਨਹੀਂ ਛੱਡਿਆ। 'ਸੈਕਿੰਡ ਸਪਲੀਮੈਂਟਰੀ ਲਾਹੌਰ ਕਾਂਸਪੀਰੇਸੀ ਕੇਸ' ਵਿਚ ਉਸਨੇ ਭਾਈ ਬਲਵੰਤ ਸਿੰਘ ਖ਼ੁਰਦਪੁਰ ਵਿਰੁੱਧ ਗਵਾਹੀ ਦਿੱਤੀ, ਜੋ ਭਾਈ ਸਾਹਿਬ ਨੂੰ ਫ਼ਾਂਸੀ ਦੀ ਸਜ਼ਾ ਦਿਵਾਉਣ ਦਾ ਕਾਰਨ ਬਣੀ। ਅੰਗਰੇਜ਼ ਸਰਕਾਰ ਵੱਲੋਂ ਬੇਲਾ ਸਿੰਘ ਨੂੰ ਸਕਿਉਰਿਟੀ ਦਿੱਤੀ ਗਈ ਸੀ ਤੇ ਪੁਲੀਸ ਦਾ ਹਥਿਆਰਬੰਦ ਸਿਪਾਹੀ ਹਰ ਵੇਲੇ ਉਸ ਦੇ ਨਾਲ ਰਹਿੰਦਾ ਸੀ। ਉਸ ਨੂੰ ਲਾਇਸੈਂਸੀ ਹਥਿਆਰ ਵੀ ਮਿਲੇ ਹੋਏ ਸਨ। ਉਸ ਨੂੰ ਲੱਗਦਾ ਸੀ, ਜਿਵੇਂ ਰਾਵਣ ਵਾਂਗ 'ਕਾਲ਼' ਉਸਨੇ ਪਾਵੇ ਨਾਲ ਬੰਨ੍ਹਿਆ ਹੋਵੇ। ਪਰ ਵੈਨਕੂਵਰ ਦੇ ਪੁਰਾਣੇ ਗ਼ਦਰੀਆਂ ਨੇ ਬੇਲਾ ਸਿੰਘ ਤੇ ਉਸਦੇ ਯਾਰ ਬਾਬੂ ਸਿੰਘ ਲਿੱਤਰਾਂ ਦਾ ਪਿੱਛਾ ਨਹੀਂ ਛੱਡਿਆ। ਭਾਈ ਜਵਾਲਾ ਸਿੰਘ ਠੱਠੀਆਂ ਨੇ ਬੇਲਾ ਸਿੰਘ ਨੂੰ ਖ਼ਤਮ ਕਰਨ ਦੀ ਡਿਊਟੀ ਕਾਮਰੇਡ ਇੰਦਰ ਸਿੰਘ ਮੁਰਾਰੀ ਅਤੇ ਕੈਨੇਡਾ ਤੋਂ ਗਏ ਹਰੀ ਸਿੰਘ ਸੂੰਢ ਵਰਗੇ ਦੇਸ਼-ਭਗਤਾਂ ਦੀ ਲਾਈ। ਇਨ੍ਹਾਂ ਨੇ ਬੇਲਾ ਸਿੰਘ ਨੂੰ ਮਾਰਨ ਦੀ ਦੋ-ਤਿੰਨ ਵਾਰ ਕੋਸ਼ਿਸ਼ ਕੀਤੀ ਪਰ ਉਹ ਹਰ ਵਾਰ ਬਚ ਜਾਂਦਾ ਰਿਹਾ।

ਅਖ਼ੀਰ ਇੱਕ ਰਾਤ ਉਹ ਇਨ੍ਹਾਂ ਦੇ ਅੜਿੱਕੇ ਆ ਹੀ ਗਿਆ। ਬੇਲਾ ਸਿੰਘ ਹੁਸ਼ਿਆਰਪੁਰ ਤੋਂ ਟਾਂਗੇ ਵਿਚ ਸਵਾਰ ਹੋ ਕੇ, ਸ਼ਾਮ ਨੂੰ ਹਨੇਰੇ ਹੋਏ ਆਪਣੇ ਪਿੰਡ ਜਿਆਣ ਦੇ ਨੇੜੇ ਪੈਂਦੇ ਚੱਬੇਵਾਲ ਟਾਂਗੇ ਤੋਂ ਉੱਤਰਿਆ ਤਾਂ ਗ਼ਦਰੀਆਂ ਦੇ ਹਮਦਰਦ ਬਖ਼ਸ਼ੀਸ਼ ਸਿੰਘ ਚੱਬੇਵਾਲ ਤੋਂ ਮਿਲੀ ਸੂਹ 'ਤੇ ਹਰੀ ਸਿੰਘ ਸੂੰਢ ਅਤੇ ਈਸ਼ਰ ਸਿੰਘ ਜੰਡੋਲੀ ਨੇ ਇਸ ਨੂੰ ਸਾਹਮਣਿਉਂ ਆ ਘੇਰਿਆ। ਬੇਲਾ ਸਿੰਘ ਉਸ ਸਮੇਂ ਨਸ਼ੇ ਨਾਲ ਧੁੱਤ ਸੀ ਤੇ ਗ਼ਦਰੀਆਂ ਨੂੰ ਗਾਹਲਾਂ ਕੱਢਦਾ ਹੋਇਆ 'ਅਬਾ-ਤਬਾ' ਬੋਲ ਰਿਹਾ ਸੀ। ਮੌਕੇ ਦੇ ਚਸ਼ਮਦੀਦ ਗਵਾਹ ਇੰਦਰ ਸਿੰਘ ਮੁਰਾਰੀ ਦੇ ਸ਼ਬਦਾਂ ਵਿਚ, "ਹਰੀ ਸਿੰਘ ਸੂੰਢ ਨੇ ਉਸ ਦੇ ਦੋਵੇਂ ਹੱਥ ਫੜ ਲਏ ਤੇ ਈਸ਼ਰ ਸਿੰਘ ਨੇ ਪਿੱਛੋਂ ਉਸ ਦੀ ਧੌਣ ਕਾਬੂ ਕਰ ਲਈ। ਨਾਲ ਹੀ ਉਸ ਨੇ ਆਪਣੀ ਕਿਰਚ ਕੱਢੀ, ਉਸ ਦੇ ਕੁੜਤੇ ਦਾ ਪੱਲਾ ਫੜਕੇ ਖੱਬੀ ਵੱਖੀ ਤੋਂ ਲੈ ਕੇ ਸੱਜੇ ਪੱਟ ਤੱਕ ਹਿੱਸਾ ਪੱਕੇ ਹੋਏ ਤਰਬੂਜ਼ ਵਾਂਗ ਪਾੜ ਕੇ ਰੱਖ ਦਿੱਤਾ। ਉਹ ਬੁਰੀ ਤਰ੍ਹਾਂ ਤੜਫਣ ਲੱਗਾ ਤੇ ਫਿਰ ਢਿੱਲਾ ਪੈ ਗਿਆ ਪਰ ਜਾਨ ਉਸਦੀ ਅਜੇ ਨਹੀਂ ਸੀ ਨਿਕਲੀ। ਤੇ ਫਿਰ ਵੱਡੀ ਕਿਰਪਾਨ ਨਾਲ ਉਸ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ ਗਿਆ। ਇਸ ਤਰ੍ਹਾਂ ਇਸ ਬੇ-ਰਹਿਮ ਗ਼ੱਦਾਰ ਦਾ ਅੰਤ ਵੀ 9 ਦਸੰਬਰ 1933 ਨੂੰ ਬੇ-ਰਹਿਮੀ ਨਾਲ ਹੋਇਆ। (ਪੰਨਾ-129)

'ਸਿੰਘ ਬ੍ਰਦਰਜ਼ ਅੰਮ੍ਰਿਤਸਰ' ਵੱਲੋਂ ਬੜੇ ਰੂਹ ਨਾਲ ਪ੍ਰਕਾਸ਼ਿਤ ਕੀਤੀ ਗਈ 134 ਪੰਨਿਆਂ ਦੀ ਇਸ ਪੁਸਤਕ ਦੀ ਤਿਆਰੀ ਲਈ ਲੇਖਕ ਨੇ ਸਬੰਧਿਤ ਜਾਣਕਾਰੀ ਬਹੁਤ ਸਾਰੇ ਵੱਖ-ਵੱਖ ਸਰੋਤਾਂ ਤੋਂ ਪ੍ਰਾਪਤ ਕੀਤੀ ਹੈ, ਜਿਨ੍ਹਾਂ ਦੀ ਸੂਚੀ ਪੁਸਤਕ ਦੇ ਆਖ਼ਰੀ ਪੰਨਿਆਂ ਪੰਨਾ 131 ਤੋਂ 134 ਉੱਪਰ ਦਰਜ ਕੀਤੀ ਗਈ ਹੈ। ਜਾਣਕਾਰੀ ਨੂੰ ਪ੍ਰਮਾਣਿਕ ਤੇ ਅਰਥ-ਭਰਪੂਰ ਬਨਾਉਣ ਲਈ ਥਾਂ-ਪਰ-ਥਾਂ ਰੈਫ਼ਰੈਂਸਾਂ, ਟਿੱਪਣੀਆਂ ਤੇ 'ਫੁੱਟ-ਨੋਟਸ' ਦਿੱਤੇ ਗਏ ਹਨ। ਵਧੀਆ ਕੁਆਲਿਟੀ ਦੇ ਮੋਮੀ ਕਾਗਜ਼ ਉੱਪਰ ਛਪੀ ਇਸ ਪੁਸਤਕ ਦੇ ਹਰੇਕ ਅਧਿਆਇ ਵਿਚ ਦਰਜ ਜਾਣਕਾਰੀ ਦੇ ਨਾਲ ਸਬੰਧਿਤ ਤਸਵੀਰਾਂ ਵੀ ਸ਼ਾਮਲ ਕੀਤੀਆਂ ਗਈਆਂ ਹਨ, ਜੋ ਉਸ ਨੂੰ ਹੋਰ ਵੀ ਸਾਰਥਿਕ ਤੇ ਦਿਲ-ਖਿਚਵੀਂ ਬਣਾਉਂਦੀਆਂ ਹਨ। ਭਾਰਤ ਦੀ ਆਜ਼ਾਦੀ ਦੇ ਇਤਿਹਾਸ ਨਾਲ ਸਬੰਧਿਤ ਇਸ ਪੁਸਤਕ ਨੂੰ ਪਾਠਕ ਇਕ ਰੌਚਕ ਨਾਵਲ ਵਾਂਗ ਪੜ੍ਹਦਾ ਹੋਇਆ ਅੱਗੇ ਵੱਧਦਾ ਜਾਂਦਾ ਹੈ। ਅਤੀ ਸਰਲ ਤੇ ਦਿਲਚਸਪ ਸ਼ਬਦਾਵਲੀ ਵਿਚ ਲਿਖੀ ਗਈ ਇਸ ਪੁਸਤਕ ਲਈ ਮੈਂ ਇਸ ਦੇ ਲੇਖਕ ਸੋਹਣ ਸਿੰਘ ਪੂੰਨੀ ਨੂੰ ਹਾਰਦਿਕ ਮੁਬਾਕਬਾਦ ਦਿੰਦਾ ਹੋਇਆ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਬਹੁ-ਮੁੱਲੀ ਇਤਿਹਾਸਕ ਜਾਣਕਾਰੀ ਭਰਪੂਰ ਇਹ ਪੁਸਤਕ ਪੰਜਾਬੀ ਪਾਠਕਾਂ ਦੀ ਝੋਲ਼ੀ ਪਾਈ ਹੈ। ਇਸ ਦੇ ਨਾਲ ਹੀ ਪਾਠਕਾਂ ਨੂੰ ਇਹ ਪੁਸਤਕ ਪੜ੍ਹਨ ਦੀ ਜ਼ੋਰਦਾਰ ਸਿਫ਼ਾਰਸ਼ ਵੀ ਕਰਦਾ ਹਾਂ।

# ਮੇਜਰ ਧਿਆਨ ਚੰਦ

ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।
ਪੰਜਾਬ ਮੇਲ USA



ਭਾਰਤੀ ਖੇਡਾਂ ਦੇ ਇਤਿਹਾਸ ਦੇ ਮਹਾਨ ਅਧਿਆਇਆਂ ਵਿਚ ਮੇਜਰ ਧਿਆਨ ਚੰਦ ਦਾ ਨਾਮ ਸੁਨਹਿਰੇ ਅੱਖਰਾਂ ਨਾਲ ਅੰਕਿਤ ਹੈ। ਉਨ੍ਹਾਂ ਨੂੰ ਹਾਕੀ ਪ੍ਰੇਮੀਆਂ ਦੁਆਰਾ "ਹਾਕੀ ਦੇ ਜਾਦੂਗਰ" ਜਾਂ "ਹਾਕੀ ਦੇ ਮਾਹਿਰ" ਖਿਡਾਰੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਉਨ੍ਹਾਂ ਦੇ ਸ਼ਾਨਦਾਰ ਹਾਕੀ ਕੌਸ਼ਲਾਂ ਅਤੇ ਖੇਡ ਵਿਚ ਯੋਗਦਾਨ ਨੇ ਨਾ ਸਿਰਫ ਭਾਰਤ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧੀ ਦਿੱਤੀ, ਸਗੋਂ ਦੇਸ਼ ਦੀ ਹਾਕੀ ਪ੍ਰਤੀ ਸਦਾਬਹਾਰ ਪਿਆਰ ਦੀ ਬੁਨਿਆਦ ਵੀ ਰੱਖੀ। ਉਸ ਦੇ ਜੀਵਨ ਅਤੇ ਉਪਲਬਧੀਆਂ ਨੂੰ ਹਰ ਸਾਲ 29 ਅਗਸਤ ਨੂੰ ਰਾਸ਼ਟਰੀ ਖੇਡ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ, ਜਿਸ ਦਿਨ ਉਨ੍ਹਾਂ ਦੀ ਜਨਮ ਜਯੰਤੀ ਮਨਾਈ ਜਾਂਦੀ ਹੈ ਅਤੇ ਖੇਡਾਂ ਦੇ ਮਹੱਤਵ ਨੂੰ ਰਾਸ਼ਟਰ-ਨਿਰਮਾਣ ਵਿਚ ਉਜਾਗਰ ਕੀਤਾ ਜਾਂਦਾ ਹੈ।

## ਜੀਵਨ ਅਤੇ ਪ੍ਰਸਿੱਧੀ

ਧਿਆਨ ਚੰਦ ਦਾ ਜਨਮ 29 ਅਗਸਤ, 1905 ਨੂੰ ਅਲਾਹਾਬਾਦ (ਹੁਣ ਪ੍ਰਯਾਗਰਾਜ), ਉੱਤਰ ਪ੍ਰਦੇਸ਼ ਵਿਚ ਹੋਇਆ। ਬਚਪਨ ਵਿਚ ਆਪ ਨੂੰ ਖੇਡਾਂ ਪ੍ਰਤੀ ਕੋਈ ਖ਼ਾਸ ਦਿਲਚਸਪੀ ਨਹੀਂ ਸੀ। ਦਰਅਸਲ, ਨੌਜਵਾਨ ਧਿਆਨ ਚੰਦ ਭਾਰਤੀ ਫੌਜ ਵਿਚ ਸੇਵਾ ਕਰਨ ਲਈ ਵੱਧ ਰੁਚੀ ਰੱਖਦਾ ਸੀ। ਆਪਣੀ ਇਸ ਇੱਛਾ ਨੂੰ ਪੂਰਾ ਕਰਨ ਲਈ ਉਹ 16 ਸਾਲ ਦੀ ਉਮਰ ਵਿਚ ਫ਼ੌਜ ਵਿਚ ਭਰਤੀ ਹੋ ਗਿਆ। ਫ਼ੌਜ ਦੀ ਸੇਵਾ ਦੌਰਾਨ ਸੀ ਕਿ ਉਸ ਨੇ ਹਾਕੀ ਖੇਡਣ ਵਿਚ ਮੁਹਾਰਤ ਵਾਲੇ ਆਪਣੀ ਕੁਦਰਤੀ ਗੁਣ ਨੂੰ ਖੋਜਿਆ। ਉਸ ਦੀ ਅਸਾਧਾਰਣ ਸਟਿਕ ਖੇਡ, ਗੇਂਦ 'ਤੇ ਕੰਟਰੋਲ ਅਤੇ ਗੋਲ ਕਰਨ ਦੀ ਬੇਮਿਸਾਲ ਸਮਰੱਥਾ ਨੇ ਉਸ ਨੂੰ ਆਪਣੇ ਸਾਥੀਆਂ ਵਿਚ ਪ੍ਰਸਿੱਧੀ ਦਿੱਤੀ। ਉਸ ਦਾ ਨਾਮ "ਚੰਦ" ਇਸ ਲਈ ਰੱਖਿਆ ਗਿਆ ਕਿਉਂਕਿ ਉਹ ਆਪਣੀ ਡਿਊਟੀ ਕਰਨ ਉਪਰੰਤ ਚਾਂਦਨੀ ਰਾਤਾਂ ਵਿਚ ਹਾਕੀ ਦਾ ਅਭਿਆਸ ਕਰਦਾ ਸੀ, ਇਹ ਇੱਕ ਅਸਾਧਾਰਣ ਕੈਰੀਅਰ ਦੀ ਵਾਅਦਾ ਸੀ।

## ਸ਼ਾਨਦਾਰ ਕੈਰੀਅਰ ਅਤੇ ਅੰਤਰਰਾਸ਼ਟਰੀ ਜਿੱਤਾਂ

ਧਿਆਨ ਚੰਦ ਨੇ ਤਿੰਨ ਲਗਾਤਾਰ ਓਲੰਪਿਕ ਖੇਡਾਂ ਵਿਚ ਭਾਰਤ ਦਾ ਨੁਮਾਇੰਦਗੀ ਕੀਤੀ, ਐਮਸਟਰਡਮ (1928), ਲਾਸ ਏਂਜਲਸ (1932) ਅਤੇ ਬਰਲਿਨ (1936)। ਤਿੰਨੋਂ ਓਲੰਪਿਕ ਖੇਡਾਂ ਵਿਚ ਭਾਰਤ ਨੇ ਸੋਨੇ ਦੇ ਪਦਕ ਜਿੱਤੇ, ਇਸ ਦੌਰਾਨ ਉਸ ਨੇ ਖੇਡ 'ਤੇ ਬੇਮਿਸਾਲ ਕਾਬੂ ਦਰਸਾਇਆ। 1928 ਦੇ ਐਮਸਟਰਡਮ ਓਲੰਪਿਕ ਵਿਚ, ਭਾਰਤ ਨੇ ਫਾਈਨਲ ਵਿਚ ਨੀਦਰਲੈਂਡਜ਼ ਨੂੰ 3-0 ਨਾਲ ਹਰਾਇਆ, ਜਿਸ ਵਿਚ ਧਿਆਨ ਚੰਦ ਨੇ ਦੋ ਗੋਲ ਕੀਤੇ। ਇਸ ਜਿੱਤ ਨੇ ਭਾਰਤ ਨੂੰ ਵਿਸ਼ਵ ਹਾਕੀ ਦੇ ਇਤਿਹਾਸ ਵਿਚ ਅਮਰ ਕਰ ਦਿੱਤਾ।

1932 ਦੇ ਲਾਸ ਏਂਜਲਸ ਓਲੰਪਿਕ ਵਿਚ, ਭਾਰਤ ਨੇ ਅਮਰੀਕਾ ਨੂੰ 24-1 ਨਾਲ ਹਰਾਇਆ, ਜੋ ਕਿ ਇੱਕ ਰਿਕਾਰਡ-ਤੋੜ ਜਿੱਤ ਸੀ, ਜਿਸ ਵਿਚ ਧਿਆਨ ਚੰਦ ਅਤੇ ਉਸ ਦੇ ਭਰਾ ਰੂਪ ਸਿੰਘ ਨੇ ਵੱਡੀ ਗਿਣਤੀ ਵਿਚ ਗੋਲ ਕੀਤੇ।

1936 ਦੇ ਬਰਲਿਨ ਓਲੰਪਿਕ ਵਿਸ਼ੇਸ਼ ਤੌਰ 'ਤੇ ਇਤਿਹਾਸਕ ਸਨ। ਐਡੋਲਫ ਹਿਟਲਰ ਅਤੇ ਵੱਡੇ ਜਰਮਨ ਦਰਸ਼ਕਾਂ ਦੇ ਸਾਹਮਣੇ ਖੇਡੀ ਗਈ, ਭਾਰਤ ਨੇ ਫਾਈਨਲ ਵਿਚ ਜਰਮਨੀ ਨੂੰ 8-1 ਨਾਲ ਹਰਾਇਆ, ਜਿਸ ਵਿਚ ਧਿਆਨ ਚੰਦ ਨੇ ਆਪਣੇ ਸਟਿਕ ਖੇਡ ਨਾਲ ਦਰਸ਼ਕਾਂ ਨੂੰ ਮੋਹਿਤ ਕੀਤਾ। ਉਸ ਦੀ ਪ੍ਰਦਰਸ਼ਨੀ ਇਤਨੀ ਸ਼ਾਨਦਾਰ ਸੀ ਕਿ ਕਿਹਾ ਜਾਂਦਾ ਹੈ ਕਿ ਹਿਟਲਰ ਨੇ ਉਸ ਨੂੰ ਜਰਮਨੀ ਵਿਚ ਇੱਕ ਉੱਚ ਮਿਲਟਰੀ ਪਦਵੀ ਦੀ ਪੇਸ਼ਕਸ਼ ਕੀਤੀ, ਜਿਸ ਨੂੰ ਧਿਆਨ ਚੰਦ ਨੇ ਨਿਮਰਤਾਪੂਰਵਕ ਠੁਕਰਾ ਦਿੱਤਾ ਸੀ। ਆਪਣੇ ਕੈਰੀਅਰ ਵਿਚ ਧਿਆਨ ਚੰਦ ਨੇ ਅੰਤਰਰਾਸ਼ਟਰੀ ਮੈਚਾਂ ਵਿਚ 400 ਤੋਂ ਵੱਧ ਗੋਲ ਕਰਨ ਦਾ ਅੰਦਾਜ਼ਾ ਲਾਇਆ ਗਿਆ ਹੈ, ਜੋ ਉਸ ਦੇ ਯੁੱਗ ਵਿਚ ਬੇਮਿਸਾਲ ਸੀ।

## ਖੇਡਣ ਦਾ ਅੰਦਾਜ਼ ਅਤੇ ਵਿਰਾਸਤ

ਧਿਆਨ ਚੰਦ ਦਾ ਖੇਡਣ ਦਾ ਅੰਦਾਜ਼ ਅਕਸਰ ਜਾਦੂਈ ਕਿਹਾ ਜਾਂਦਾ ਸੀ। ਉਹ ਇੰਨਾ ਸੁਗਮਤਾ ਨਾਲ ਡ੍ਰਿਬਲ ਕਰਦਾ ਸੀ ਕਿ ਬਹੁਤ ਸਾਰੇ ਦਰਸ਼ਕਾਂ ਨੂੰ ਮਹਿਸੂਸ ਹੁੰਦਾ ਸੀ ਕਿ ਗੇਂਦ ਉਸ ਦੇ ਸਟਿਕ ਨਾਲ ਚਿਪਕੀ ਹੋਈ ਹੈ। ਮੈਦਾਨ 'ਤੇ ਉਸ ਦੀ ਦ੍ਰਿਸ਼ਟੀ, ਵਿਰੋਧੀਆਂ ਦੀਆਂ ਚਾਲਾਂ ਦਾ ਅੰਦਾਜ਼ਾ ਲਗਾਉਣਾ ਅਤੇ ਅਸੰਭਵ ਕੋਣਾਂ ਤੋਂ ਗੋਲ ਕਰਨ ਦੀ ਸਮਰੱਥਾ ਨੇ ਉਸ ਨੂੰ ਵਿਸ਼ਵ ਪੱਧਰ 'ਤੇ ਪ੍ਰਸਿੱਧ ਬਣਾਇਆ। ਉਸ ਦੇ ਵਿਰੋਧੀਆਂ ਨੇ ਵੀ ਮੈਚਾਂ ਦੌਰਾਨ ਉਸ ਦਾ ਹਾਕੀ ਸਟਿਕ ਨੂੰ ਤੋੜ ਦਿੱਤਾ, ਤਾਂ ਜੋ ਇਹ ਜਾਂਚ ਸਕਣ ਕਿ ਇਸ ਵਿਚ ਚੁੰਬਕ ਤਾਂ ਨਹੀਂ ਲੁਕੇ ਹੋਏ ਸਨ।

## ਪਛਾਣ ਅਤੇ ਇੱਜ਼ਤ

ਕਈ ਸੀਮਿਤ ਸਾਧਨਾਂ ਅਤੇ ਪਛਾਣ ਦੇ ਬਾਵਜੂਦ ਮੇਜਰ ਧਿਆਨ ਚੰਦ ਦਾ ਦਰਜਾ ਸਮੇਂ ਦੇ ਨਾਲ-ਨਾਲ ਬਹੁਤ ਵੱਧ ਗਿਆ ਹੈ। 1956 ਵਿਚ ਉਨ੍ਹਾਂ ਨੂੰ ਪਦਮਾ ਭੂਸ਼ਣ, ਭਾਰਤ ਦਾ ਤੀਜਾ ਸਭ ਤੋਂ ਉੱਚਾ ਨਾਗਰਿਕ ਇਨਾਮ ਦਿੱਤਾ ਗਿਆ। ਅੱਜ ਵੀ ਉਹ ਨਾ ਸਿਰਫ ਇੱਕ ਖਿਡਾਰੀ ਦੇ ਤੌਰ 'ਤੇ ਯਾਦ ਕੀਤਾ ਜਾਂਦਾ ਹੈ, ਸਗੋਂ ਨਿਮਰਤਾ, ਅਹਿੰਸਾ ਅਤੇ ਅਨੁਸ਼ਾਸਨ ਦਾ ਪ੍ਰਤੀਕ ਵੀ ਹਨ। 2021 ਵਿਚ, ਪ੍ਰਸਿੱਧ ਖੇਲ ਰਤਨ ਇਨਾਮ, ਭਾਰਤ ਦਾ ਸਭ ਤੋਂ ਉੱਚੇ ਖੇਡ ਇਨਾਮ ਨੂੰ ਮੇਜਰ ਧਿਆਨ ਚੰਦ ਖੇਲ ਰਤਨ ਇਨਾਮ ਦੇ ਨਾਂ 'ਤੇ ਮੁੜ ਨਾਮਾਂਕਿਤ ਕੀਤਾ ਗਿਆ, ਜਿਸ ਨਾਲ ਇਹ ਯਕੀਨੀ ਬਣਾਇਆ ਗਿਆ ਕਿ ਉਸ ਦੀ ਵਿਰਾਸਤ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹੇਗੀ।

## ਰਾਸ਼ਟਰੀ ਖੇਡ ਦਿਵਸ

ਹਾਕੀ ਖੇਡ ਪ੍ਰਤੀ ਉਸ ਦੇ ਬੇਮਿਸਾਲ ਯੋਗਦਾਨ ਦੇ ਸਨਮਾਨ ਵਜੋਂ, 29 ਅਗਸਤ, ਧਿਆਨ ਚੰਦ ਦੀ ਜਨਮ ਜਯੰਤੀ ਨੂੰ ਭਾਰਤ ਵਿਚ ਰਾਸ਼ਟਰੀ ਖੇਡ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ।

ਇਹ ਦਿਨ ਕਈ ਉਦੇਸ਼ਾਂ ਨੂੰ ਪੂਰਾ ਕਰਦਾ ਹੈ:

1. ਧਿਆਨ ਚੰਦ ਦੀ ਖੇਡ ਵਿਰਾਸਤ ਨੂੰ ਯਾਦ ਕਰਨਾ।
2. ਹਰ ਰੋਜ਼ ਦੀ ਜ਼ਿੰਦਗੀ ਵਿਚ ਖੇਡਾਂ ਅਤੇ ਫਿਟਨੈੱਸ ਦੇ ਮਹੱਤਵ ਬਾਰੇ ਜਾਗਰੂਕਤਾ ਫੈਲਾਉਣਾ।

ਇਸ ਦਿਨ ਭਾਰਤ ਦੇ ਸਤਿਕਾਰਯੋਗ ਰਾਸ਼ਟਰਪਤੀ ਜੀ ਖਿਡਾਰੀਆਂ ਅਤੇ ਕੋਚਾਂ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਅਤੇ ਪ੍ਰਦਰਸ਼ਨ ਲਈ ਅਰਜੁਨ ਇਨਾਮ, ਦਰੋਣਾਚਾਰੀਆ ਇਨਾਮ ਅਤੇ ਮੇਜਰ ਧਿਆਨ ਚੰਦ ਖੇਲ ਰਤਨ ਇਨਾਮ ਵਰਗੇ ਪ੍ਰਸਿੱਧ ਖੇਡ ਇਨਾਮ ਦਿੰਦੇ ਹਨ। ਇਸ ਤਰ੍ਹਾਂ ਰਾਸ਼ਟਰੀ ਖੇਡ ਦਿਵਸ ਇੱਕ ਪੁਰਾਣੇ ਹਾਕੀ ਮਾਹਿਰ ਖਿਡਾਰੀ ਨੂੰ ਸਨਮਾਨਿਤ ਕਰਨ ਦੇ ਨਾਲ-ਨਾਲ ਖੇਡਾਂ ਦੀ ਏਕਤਾ ਦੀ ਸ਼ਕਤੀ ਨੂੰ ਯਾਦ ਕਰਨ ਦਾ ਮੌਕਾ ਵੀ ਪ੍ਰਦਾਨ ਕਰਦਾ ਹੈ, ਜੋ ਕਿਸੇ ਦੇਸ਼ ਦੀ ਪਛਾਣ ਅਤੇ ਆਸ਼ਾਵਾਂ ਨੂੰ ਸਜੀਵ ਰੂਪ ਦੇਣ ਵਿਚ ਮਦਦ ਕਰਦਾ ਹੈ।

ਮੇਜਰ ਧਿਆਨ ਚੰਦ ਸਿਰਫ਼ ਇੱਕ ਹਾਕੀ ਖਿਡਾਰੀ ਨਹੀਂ ਸਨ, ਉਹ ਇਕ ਹਾਕੀ ਖੇਡ ਕਲਾ ਵਿਚ ਜਾਦੂਗਰ ਦਾ ਦਰਜਾ ਹਾਸਲ ਕਰਨ ਵਾਲਾ, ਆਪਣੇ ਦੇਸ਼ ਦੀ ਇੱਜ਼ਤ ਲਈ ਖੇਡਣ ਵਾਲਾ ਦੇਸ਼ ਭਗਤ ਅਤੇ ਇੱਕ ਲੀਜੈਂਡ ਸਨ, ਜਿਸਦਾ ਨਾਮ ਭਾਰਤੀ ਹਾਕੀ ਨਾਲ ਅਟੁੱਟ ਜੁੜਿਆ ਹੋਇਆ ਹੈ। ਉਸ ਦਾ ਜੀਵਨ ਨੌਜਵਾਨ ਖਿਡਾਰੀਆਂ ਨੂੰ ਸ਼ਾਨਦਾਰ ਪ੍ਰਾਪਤੀਆਂ ਲਈ ਪ੍ਰੇਰਿਤ ਕਰਦਾ ਹੈ ਅਤੇ ਖੇਡਾਂ ਦੀ ਆਤਮਿਕਤਾ ਨੂੰ ਕਾਇਮ ਰੱਖਣ ਲਈ ਉਤਸ਼ਾਹਿਤ ਕਰਦਾ ਹੈ।

ਰਾਸ਼ਟਰੀ ਖੇਡ ਦਿਵਸ ਨੂੰ ਧਿਆਨ ਚੰਦ ਦੀ ਜਨਮ ਜਯੰਤੀ ਦੇ ਤੌਰ 'ਤੇ ਮਨਾਉਂਦਿਆਂ, ਭਾਰਤ ਨਾ ਸਿਰਫ਼ ਉਸ ਦੇ ਯੋਗਦਾਨ ਨੂੰ ਸਨਮਾਨਿਤ ਕਰਦਾ ਹੈ, ਸਗੋਂ ਇਹ ਸੁਨੇਹਾ ਵੀ ਮਜ਼ਬੂਤ ਕਰਦਾ ਹੈ ਕਿ ਖੇਡਾਂ ਵਿਦਿਆਰਥੀਆਂ ਦੇ ਸਮੂਹਿਕ ਵਿਕਾਸ ਲਈ ਜ਼ਰੂਰੀ ਅਤੇ ਅਹਿਮ ਹਨ ਅਤੇ ਖੇਡਾਂ ਦੇਸ਼ ਦੀ ਇੱਜ਼ਤ ਲਈ ਜ਼ਰੂਰੀ ਹਨ। ਧਿਆਨ ਚੰਦ ਦੀ ਯਾਦ ਵਿਚ ਦੇਸ਼ ਹਾਕੀ ਦੇ ਹੁਨਰਾਂ ਦੀ ਜਾਦੂਗਰੀ, ਟੀਮਵਰਕ ਦੀ ਮਹਿਮਾ ਅਤੇ ਸਮਰਪਣ ਦੀ ਅਟਲ ਸ਼ਕਤੀ ਨੂੰ ਯਾਦ ਕਰਦਾ ਹੈ।





**ਧਿਆਨ ਚੰਦ ਨੇ ਤਿੰਨ ਲਗਾਤਾਰ ਓਲੰਪਿਕ ਖੇਡਾਂ ਵਿਚ ਭਾਰਤ ਦਾ ਨੁਮਾਇੰਦਗੀ ਕੀਤੀ, ਐਮਸਟਰਡਮ (1928), ਲਾਸ ਏਂਜਲਸ (1932) ਅਤੇ ਬਰਲਿਨ (1936)। ਤਿੰਨੋਂ ਓਲੰਪਿਕ ਖੇਡਾਂ ਵਿਚ ਭਾਰਤ ਨੇ ਸੋਨੇ ਦੇ ਪਦਕ ਜਿੱਤੇ, ਇਸ ਦੌਰਾਨ ਉਸ ਨੇ ਖੇਡ 'ਤੇ ਬੇਮਿਸਾਲ ਕਾਬੂ ਦਰਸਾਇਆ। 1928 ਦੇ ਐਮਸਟਰਡਮ ਓਲੰਪਿਕ ਵਿਚ, ਭਾਰਤ ਨੇ ਫਾਈਨਲ ਵਿਚ ਨੀਦਰਲੈਂਡਜ਼ ਨੂੰ 3-0 ਨਾਲ ਹਰਾਇਆ, ਜਿਸ ਵਿਚ ਧਿਆਨ ਚੰਦ ਨੇ ਦੋ ਗੋਲ ਕੀਤੇ।**

---

**ਯਾਦਾਂ ਦੇ ਝਰੋਖੇ ਚੋਂ: 3**

# ਦਿਲ ਕਰਦੈ ਮੈਂ ਪੰਛੀ ਹੋਜਾਂ

ਸਤਵੀਰ ਸਿੰਘ ਚਾਨੀਆਂ
92569-73526
(Punjab Mail USA)
ਪੰਜਾਬ ਮੇਲ USA



ਪਾਕਿਸਤਾਨੀ ਪੰਜਾਬ ਦੇ ਜ਼ਿਲ੍ਹਾ ਲੈਲਪੁਰ ਦੀ ਤਸੀਲ ਜੜ੍ਹਾਂਵਾਲਾ ਦੇ ਚੱਕ ਨੰਬਰ 40 ਗੋਗੇਰਾ ਬ੍ਰਾਂਚ ਤੋਂ ਅਕਸਰ ਰਾਣਾ ਇਫ਼ਤਿਖ਼ਾਰ ਅਹਿਮਦ ਖਾਂ ਨਾਲ ਮਹੀਨੇ ਵਿਚ ਇਕ ਅੱਧ ਵਾਰ ਫੋਨ 'ਤੇ ਗੱਲ ਹੋ ਜਾਂਦੀ ਹੈ। ਉਨ੍ਹਾਂ ਦਾ ਪਿਛਲਾ ਜੱਦੀ ਪਿੰਡ, ਉਨ੍ਹਾਂ ਦੇ ਬਜ਼ੁਰਗਾਂ ਵਲੋਂ ਹੀ ਵਸਾਇਆ, ਮੇਰੇ ਪਿੰਡ ਚਾਨੀਆਂ ਦੇ ਬਸੇਮੇ ਨਾਲ ਖਹਿੰਦਾ ਬਜੂਹਾਂ ਖੁਰਦ (ਨਕੋਦਰ-ਜਲੰਧਰ) ਹੈ। ਇਤਫ਼ਾਕਨ ਉਨ੍ਹਾਂ ਦੇ ਦਾਦਾ ਜੀ ਚੌਧਰੀ ਬੂਟੇ ਖਾਂ ਅਤੇ ਮੇਰੇ ਦਾਦਾ ਜੀ ਸ. ਮੋਹਣ ਸਿੰਘ ਉਰਫ 'ਕਾਲੀ ਬਾਬਾ ਹੱਲਿਆਂ ਸਮੇਂ ਆਪਣੇ-ਆਪਣੇ ਪਿੰਡ ਦੇ ਚੌਧਰੀ ਹੋਇਆ ਕਰਦੇ ਸਨ। ਖੇਤਾਂ ਦੇ ਬੰਨ੍ਹੇ ਸਾਂਝੇ। ਝਗੜੇ ਨਜਿੱਠਣ ਲਈ ਇਕ ਦੂਜੇ ਦੇ ਪਿੰਡਾਂ 'ਚ ਪੰਚਾਇਤ ਲੈ ਕੇ ਜਾਣਾ। '47 ਆਇਆ ਤਾਂ ਮੁਸਲਿਮ ਭਰਾ ਹਿਜਰਤ ਕਰਕੇ ਪਾਕਿਸਤਾਨੀ ਅਤੇ ਹਿੰਦੂ-ਸਿੱਖ ਹਿੰਦੋਸਤਾਨੀ ਬਣ ਗਏ।

ਬਾਬੇ, ਦਾਦੇ, ਚਾਚੇ, ਤਾਏ, ਮਾਪੇ, ਰਿਸ਼ਤੇਦਾਰ।

ਵਾਰੋ ਵਾਰੀ ਹੱਥ ਛੁਡਾ ਕੇ ਹੋ ਗਏ ਪਰਲੋਪਾਰ।

ਦੇ ਕਥਨ ਮੁਤਾਬਿਕ-

ਬਜ਼ੁਰਗ ਅੱਗੋਂ ਉਨ੍ਹਾਂ ਦੇ ਪੁੱਤਰ, ਪਿੰਡ ਨੂੰ ਮੁੜ ਵੇਖਣ ਦੀ ਕਸਕ ਦਿਲ ਵਿਚ ਲੈ ਕੇ ਅੱਗੇ ਤੁਰ ਗਏ। ਹੁਣ ਅੱਗੋਂ ਉਨ੍ਹਾਂ ਦੇ ਪੋਤਰੇ ਵੀ ਬਜ਼ੁਰਗੀ ਦੇ ਆਬਾਈ ਗਰਾਂ/ਜੰਮਣ ਭੋਇੰ ਨੂੰ ਵੇਖਣ ਦੀ ਕਸਕ ਦਿਲ ਵਿਚ ਸਮੋਈ ਬੈਠੇ, ਵੀਜ਼ੇ ਦੀ ਉਡੀਕ ਵਿਚ ਉਧੇੜ ਉਮਰ ਨੂੰ ਪਹੁੰਚ ਗਏ। ਅੱਜ ਫੇਰ ਰਾਣਾ ਇਫ਼ਤਿਖ਼ਾਰ ਅਹਿਮਦ ਖਾਂ ਦਾ ਫੋਨ ਆਇਆ। ਪਿੰਡ ਵੇਖਣ ਦੀ ਰੀਝ ਪ੍ਰਗਟਾਈ। ਹੁਬਕੀ ਲੈਂਦਿਆਂ ਉਨ੍ਹਾਂ ਕਿਹਾ, "ਮਾਸਟਰ ਜੀ, ਲੀਡਰਾਂ ਵੰਡੀਆਂ ਪਾਕੇ ਲੀਕਾਂ ਖਿੱਚੀਤੀਆਂ, ਕੰਡਾਲੀਆਂ ਲਾਤੀਆਂ। ਆਪਣੇ ਪਿੰਡ ਦੇਖਣ ਨੂੰ ਤਰਸਦੇ ਮਾਪੇ, ਬਾਬੇ ਕਬਰਾਂ ਵਿਚ ਖਪ ਗਏ। ਇੰਜ ਹੀ ਅਸਾਂ ਤੁਰ ਜਾਣੈਂ। ਕਾਸ਼! ਮੈਂ ਪੰਛੀ ਹੁੰਦਾ, ਉਡ ਕੇ ਆਪਣਾ ਪਿੰਡ ਵੇਖ ਆਉਂਦਾ।" -ਉਸ ਦੀ 'ਵਾਜ਼ ਕੁੱਝ ਭਾਰੀ ਹੋਈ ਲੱਗੀ।



# ਪੰਜਾਬ ਅੰਦਰ ਹੜ੍ਹਾਂ ਦੇ ਕਹਿਰ ਦੌਰਾਨ ਕੁਝ ਸਮਾਜ ਸੇਵੀਆਂ ਦਾ ਕੱਚ-ਸੱਚ

*ਪੰਜਾਬ ਮੁੜ ਤੋਂ ਉੱਠਣ ਦੀ ਤਾਕਤ ਦੇ ਵਿਚ ਜ਼ੋਰ ਅਜ਼ਮਾਇਸ਼ ਕਰ ਰਿਹਾ ਹੈ। ਟਰੈਕਟਰ ਚੱਲ ਰਹੇ ਹਨ। ਸਮਾਜ ਸੇਵੀਆਂ ਨੇ ਆਪਣੀਆਂ ਝੋਲੀਆਂ ਦੇ ਮੂੰਹ ਉਨ੍ਹਾਂ ਪਿੰਡਾਂ ਅਤੇ ਸ਼ਹਿਰਾਂ ਵੱਲ ਖੋਲ੍ਹ ਦਿੱਤੇ ਹਨ, ਜਿੱਥੇ ਹੜ੍ਹਾਂ ਦਰਮਿਆਨ ਭਾਰੀ ਨੁਕਸਾਨ ਹੋਇਆ ਹੈ ਪਰ ਇਸ ਸਾਰੇ ਵਰਤਾਰੇ ਦੌਰਾਨ ਇੱਕ ਗੱਲ ਜ਼ਰੂਰ ਸਾਹਮਣੇ ਆਈ ਹੈ ਕਿ ਜਿੱਥੇ ਸੰਤ ਬਾਬੇ ਅਤੇ ਸਾਡੀਆਂ ਸਮਾਜ ਸੇਵੀ ਸੰਸਥਾਵਾਂ ਹੜ੍ਹਾਂ ਦੇ ਇਸ ਕਹਿਰ ਦੌਰਾਨ ਸੇਵਾ ਕਰ ਰਹੀਆਂ ਹਨ, ਸਰਕਾਰ ਵੱਲੋਂ ਵੀ ਯਤਨ ਕੀਤੇ ਜਾ ਰਹੇ ਹਨ ਅਤੇ ਆਮ ਲੋਕਾਂ ਨੇ ਵੀ ਜਾ ਕੇ ਹੜ੍ਹ ਪੀੜਤਾਂ ਦੀ ਮਦਦ ਕੀਤੀ ਹੈ।*



ਸ਼ਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਅਮਰੀਕਾ
559-285-0841
ਪੰਜਾਬ ਮੇਲ USA


ਪਿਛਲੇ ਦਿਨੀਂ ਪੰਜਾਬ ਅੰਦਰ ਹੜ੍ਹਾਂ ਨੇ ਭਾਰੀ ਤਬਾਹੀ ਕੀਤੀ ਹੈ। ਪੰਜਾਬ ਵਾਸੀਆਂ ਦੇ ਸੁਪਨੇ ਤੋੜ ਦਿੱਤੇ ਹਨ। ਕਰੀਬ 3 ਲੱਖ ਏਕੜ ਦੇ ਲਗਭਗ ਕਿਸਾਨਾਂ ਦਾ ਹੱਡ ਭੰਨਵੀਂ ਮਿਹਨਤ ਤੋਂ ਬਾਅਦ ਬੀਜੀ ਝੋਨੇ ਦੀ ਫਸਲ ਤਬਾਹ ਹੋ ਚੁੱਕੀ ਹੈ। ਕਈ ਇਨਸਾਨੀ ਜ਼ਿੰਦਗੀਆਂ ਖਤਮ ਹੋਣ ਦੇ ਕੰਢੇ 'ਤੇ ਪਹੁੰਚ ਚੁੱਕੀਆਂ ਹਨ। ਕਈ ਘਰ ਤਬਾਹ ਹੋ ਚੁੱਕੇ ਹਨ। ਕਈ ਇਨਸਾਨੀ ਜ਼ਿੰਦਗੀਆਂ ਵੀ ਵਿਚ ਪਾਣੀ ਦੇ ਰੁੜ ਗਈਆਂ ਪਰ ਪੰਜਾਬ ਗੁਰਾਂ ਦੇ ਨਾਮ 'ਤੇ ਵੱਸਦਾ ਹੈ। ਇਸ 'ਤੇ ਕਿੰਤੂ ਨਹੀਂ ਕੀਤਾ ਜਾ ਸਕਦਾ, ਗੁਰੂ ਸਾਹਿਬ ਨੇ ਪੰਜਾਬ ਨੂੰ ਐਸਾ ਸਪਿਰਿਟ ਦਿੱਤਾ ਹੈ, ਜਿਸ ਦੇ ਚੱਲਦਿਆਂ ਪੰਜਾਬ ਵਾਸੀ ਤਬਾਹ ਹੋਣ ਤੋਂ ਬਾਅਦ ਮੁੜ ਉੱਠ ਕੇ ਲੜਾਈ ਲੜਨ ਲਈ ਤਿਆਰ ਹੁੰਦੇ ਹਨ ਕਿਉਂਕਿ ਗੁਰੂ ਸਾਹਿਬ ਦੀ ਬਖਸ਼ੀ ਹੋਈ ਤਾਕਤ ਪੰਜਾਬੀਆਂ ਨੂੰ ਵੱਡਾ ਹੌਂਸਲਾ ਦਿੰਦੀ ਹੈ। ਚਾਰੇ ਪਾਸੇ ਤਬਾਹੀ ਦਾ ਆਲਮ ਹੋਣ ਕਾਰਨ ਦੁਨੀਆਂ ਭਰ ਦੀਆਂ ਅੱਖਾਂ ਦੇ ਵਿਚ ਬਣਿਆ ਰਿਹਾ ਸੀ ਪੰਜਾਬ। ਘਰਾਂ ਦੇ ਘਰ ਤਬਾਹ ਹੋ ਗਏ ਅਤੇ ਮਸ਼ੀਨਰੀ ਦਾ ਵੀ ਵੱਡਾ ਨੁਕਸਾਨ ਹੋਇਆ ਹੈ, ਜਿਸ ਦੀ ਪੂਰਤੀ ਕਰਨੀ ਅਸੰਭਵ ਹੈ। ਬਹੁਤ ਸਾਰੇ ਪਰਿਵਾਰਾਂ ਕੋਲ ਤਾਂ ਬਚਿਆ ਵੀ ਕੱਖ ਨਹੀਂ, ਉਨ੍ਹਾਂ ਦੇ ਤਾਂ ਕੱਚੇ ਕੋਠਿਆਂ ਤੱਕ ਰੁੜ ਗਏ।

ਭਾਵੇਂ ਇਸ ਹੜ੍ਹਾਂ ਦੀ ਤਬਾਹੀ ਦੌਰਾਨ ਪੰਜਾਬੀਆਂ ਦਾ ਵੀ ਇੱਕ ਵੱਡਾ ਨੁਕਸਾਨ ਇਸ ਹੜ੍ਹਾਂ ਦੇ ਦੌਰਾਨ ਜ਼ਰੂਰ ਹੋਇਆ ਹੈ। ਪੰਜਾਬ ਮੁੜ ਤੋਂ ਉੱਠਣ ਦੀ ਤਾਕਤ ਦੇ ਵਿਚ ਜ਼ੋਰ ਅਜ਼ਮਾਇਸ਼ ਕਰ ਰਿਹਾ ਹੈ। ਟਰੈਕਟਰ ਚੱਲ ਰਹੇ ਹਨ। ਸਮਾਜ ਸੇਵੀਆਂ ਨੇ ਆਪਣੀਆਂ ਝੋਲੀਆਂ ਦੇ ਮੂੰਹ ਉਨ੍ਹਾਂ ਪਿੰਡਾਂ ਅਤੇ ਸ਼ਹਿਰਾਂ ਵੱਲ ਖੋਲ੍ਹ ਦਿੱਤੇ ਹਨ, ਜਿੱਥੇ ਹੜ੍ਹਾਂ ਦਰਮਿਆਨ ਭਾਰੀ ਨੁਕਸਾਨ ਹੋਇਆ ਹੈ ਪਰ ਇਸ ਸਾਰੇ ਵਰਤਾਰੇ ਦੌਰਾਨ ਇੱਕ ਗੱਲ ਜ਼ਰੂਰ ਸਾਹਮਣੇ ਆਈ ਹੈ ਕਿ ਜਿੱਥੇ ਸੰਤ ਬਾਬੇ ਅਤੇ ਸਾਡੀਆਂ ਸਮਾਜ ਸੇਵੀ ਸੰਸਥਾਵਾਂ ਹੜ੍ਹਾਂ ਦੇ ਇਸ ਕਹਿਰ ਦੌਰਾਨ ਸੇਵਾ ਕਰ ਰਹੀਆਂ ਹਨ, ਸਰਕਾਰ ਵੱਲੋਂ ਵੀ ਯਤਨ ਕੀਤੇ ਜਾ ਰਹੇ ਹਨ ਅਤੇ ਆਮ ਲੋਕਾਂ ਨੇ ਵੀ ਜਾ ਕੇ ਹੜ੍ਹ ਪੀੜਤਾਂ ਦੀ ਮਦਦ ਕੀਤੀ ਹੈ। ਉੱਥੇ ਹੀ ਕਈ ਸਮਾਜ ਸੇਵੀ ਅਜਿਹੇ ਵੀ ਹਨ, ਜਿਹੜੇ ਸਮਾਜ ਸੇਵਾ ਦੇ ਨਾਂ 'ਤੇ ਸਿਰਫ ਖੱਟੀ ਖੱਟਣ ਲਈ ਜਾਂਦੇ ਹਨ। ਸਮਾਜ ਸੇਵੀਆਂ ਦੇ ਨਾਂ ਦਾ ਡੰਕਾ ਪਿਛਲੇ ਲੰਬੇ ਸਮੇਂ ਤੋਂ ਬਚਦਾ ਆਇਆ ਹੈ ਕਿ ਸਮਾਜ ਸੇਵੀਆਂ ਦੀ ਜ਼ਿੰਦਗੀ ਦਾ ਅਸਲ ਕੱਚ ਸੱਚ ਕੀ ਹੈ। ਅਸੀਂ ਸਾਰਿਆਂ 'ਤੇ ਦੋਸ਼ ਨਹੀਂ ਲਾ ਸਕਦੇ, ਬਹੁਤ ਬੰਦੇ ਚੰਗੇ ਵੀ ਹਨ ਪਰ ਮਾੜਿਆਂ ਦੀ ਵੀ ਤੋੜ ਨਹੀਂ।



ਇਹ ਹਮੇਸ਼ਾ ਹੁੰਦਾ ਆਇਆ ਹੈ ਕਿ ਜਦ ਵੀ ਕੋਈ ਵੱਡੀ ਘਟਨਾ ਘਟਦੀ ਹੈ, ਤਾਂ ਸਮਾਜ ਸੇਵੀ ਵੀ ਉੱਥੇ ਤੁਰੰਤ ਪਹੁੰਚ ਜਾਂਦੇ ਹਨ। ਚਲੋ ਜਦ ਵੀ ਕਿਤੇ ਕੋਈ ਘਟਨਾ ਵਾਪਰਦੀ ਹੈ, ਤਾਂ ਸਮਾਜ ਸੇਵੀਆਂ ਦਾ ਪਹੁੰਚਣਾ ਜ਼ਰੂਰੀ ਹੁੰਦਾ ਹੈ, ਸਰਕਾਰਾਂ ਦਾ ਪਹੁੰਚਣਾ ਵੀ ਜ਼ਰੂਰੀ ਹੁੰਦਾ ਹੈ, ਪ੍ਰਸ਼ਾਸਨ ਵੀ ਪਹੁੰਚ ਜਾਂਦਾ ਹੈ ਅਤੇ ਜਥੇਬੰਦੀਆਂ ਵੀ ਪਹੁੰਚ ਜਾਂਦੀਆਂ ਹਨ, ਇਹ ਸਾਰਾ ਕੁਝ ਜ਼ਰੂਰੀ ਹੈ ਕਿਉਂਕਿ ਪੀੜਤਾਂ ਦੀ ਮਦਦ ਕਰਨ ਵਾਲੀਆਂ ਸੰਸਥਾਵਾਂ ਦਾ ਪਹੁੰਚਣਾ ਬੇਹੱਦ ਲਾਜ਼ਮੀ ਹੋਣ ਦੇ ਨਾਲ-ਨਾਲ ਇੱਕ ਖਾਸ ਹੁੰਦਾ ਹੈ ਕਿਉਂਕਿ ਜੇਕਰ ਕੋਈ ਪੀੜਤ ਪਰਿਵਾਰ ਹੈ, ਤਾਂ ਉਸ ਦੀ ਮਦਦ ਕਿਸੇ ਨੇ ਤਾਂ ਕਰਨੀ ਹੀ ਹੁੰਦੀ ਹੈ। ਪਰ ਹੁਣ ਅਸਲ ਗੱਲ ਵੱਲ ਆਉਂਦੇ ਹਾਂ ਕਿ ਪਿਛਲੇ ਦਿਨੀਂ ਪੰਜਾਬ ਅੰਦਰ ਜੋ ਹੜ੍ਹ ਆਏ ਆਖਿਆ ਜਾ ਜਾ ਰਿਹਾ ਹੈ ਕਿ ਪੀੜਤ ਪਰਿਵਾਰਾਂ ਦੇ ਨਾਂ 'ਤੇ ਕੋਈ ਚੰਗੀ ਮਾਇਆ ਛੱਕ ਗਿਆ। ਕਈਆਂ ਨੇ ਉਸ ਮਾਮਲੇ ਵਿਚ ਹੱਥ ਰੰਗੇ ਹਨ। ਉਸ ਵੇਲੇ ਸਿਰ ਫੜ ਕੇ ਬੈਠ ਜਾਂਦੇ ਹਾਂ, ਜਦ ਪਤਾ ਲੱਗਦਾ ਹੈ ਕਿ ਕਈ ਸੱਜਣ ਤਾਂ ਦਵਾਈਆਂ ਤੱਕ ਵੀ ਖਾ ਗਏ। ਕਈ ਘਰਾਂ ਦਾ ਲੋਹਾ ਵੀ ਵੇਚ ਗਏ। ਸੇਵਾ ਕਰਨ ਵਾਲੇ ਸੇਵਾ ਕਰ ਰਹੇ ਹਨ ਪਰ ਅਜਿਹੇ ਕੰਮ ਕਰਨ ਵਾਲੇ ਗਲਤ ਹਨ।

ਇਕ ਪਾਸੇ ਤਾਂ ਗੱਲ ਇਹ ਵੀ ਚੱਲ ਰਹੀ ਹੈ ਕਿ ਕਈਆਂ ਨੇ ਆਪੋ-ਆਪਣੀਆਂ ਇੱਕ ਦੋ ਬੰਦਿਆਂ ਦੀਆਂ ਸੰਸਥਾਵਾਂ ਬਣਾ ਕੇ ਕਈ ਜਣਿਆਂ ਨੇ ਲੱਖਾਂ ਰੁਪਈਆ ਹਜ਼ਮ ਕਰ ਲਿਆ। ਉਸ ਤੋਂ ਬਾਅਦ ਕਈ ਨਾਮੀ ਬੰਦਿਆਂ ਨੇ ਕਰੋੜਾਂ ਰੁਪਏ ਡਕਾਰ ਲਏ। ਕਈ ਟਰੈਕਟਰ ਵੀ ਆਸੇ-ਪਾਸੇ ਕਰ ਗਏ ਅਤੇ ਵੱਡੀ ਗਿਣਤੀ ਦੇ ਵਿਚ ਸਾਧਨ ਸਮਾਨ ਅਤੇ ਹੋਰ ਕਾਫੀ ਕੁਝ ਇਸ ਮਾਮਲੇ ਵਿਚ ਹੋਇਆ ਸੱਚ ਕੀ ਹੈ, ਇਹ ਤਾਂ ਰੱਬ ਜਾਣੇ ਜਾਂ ਕਰਨ ਵਾਲੇ ਜਾਨਣ। ਪਰ ਸਮਾਜ ਸੇਵਾ ਦੇ ਨਾਂ 'ਤੇ ਚੱਲ ਰਿਹਾ ਇਹ ਧੰਦਾ ਬੇਹੱਦ ਮਾੜਾ ਹੈ। ਪੀੜਤ ਪਰਿਵਾਰਾਂ ਦੇ ਲਈ ਆਇਆ ਸਮਾਨ ਜੇਕਰ ਅਸੀਂ ਆਪਣੇ ਘਰਾਂ ਵਿਚ ਲੈ ਕੇ ਜਾਵਾਂਗੇ, ਤਾਂ ਬਹੁਤ ਗਲਤ ਗੱਲ ਹੋਵੇਗੀ। ਚਲੋ ਇੱਕ ਗੱਲ ਇੱਥੇ ਹੋਰ ਮੈਂ ਜ਼ਿਕਰ ਕਰਨਾ ਚਾਹਾਂਗਾ ਕਿ ਜੇਕਰ ਕੋਈ ਇਕ ਲੱਖ ਰੁਪਿਆ ਦਿੰਦਾ ਹੈ, ਤਾਂ ਉਹਦੇ ਵਿਚੋਂ 10 ਜਾਂ 20 ਹਜ਼ਾਰ ਰੁਪਿਆ ਇਧਰ-ਉਧਰ ਹੋ ਜਾਵੇ, ਤਾਂ ਚੱਲ ਸਕਦਾ ਹੈ ਪਰ ਜੇਕਰ ਲੱਖ ਦਾ ਲੱਖ ਹੀ ਖਤਮ ਹੋ ਗਿਆ, ਤਾਂ ਫਿਰ ਤਾਂ ਰੱਬ ਹੀ ਰਾਖਾ ਹੈ ਇਨ੍ਹਾਂ ਲੋਕਾਂ ਦਾ। ਸੇਵਾ ਕਰਨ ਵਾਲਿਆਂ ਦੀ ਵੀ ਤੋੜ ਨਹੀਂ ਪਰ ਦੂਜੇ ਪਾਸੇ ਗਲਤ ਹੱਥਕੰਡੇ ਅਪਣਾ ਕੇ ਮਾਇਆ ਇਕੱਠੀ ਕਰਨ ਵਾਲੇ ਵੀ ਘੱਟ ਨਹੀਂ ਹਨ।

ਪਿਛਲੇ ਦਿਨੀਂ ਵੀ ਪੰਜਾਬ ਦੇ ਵਿਚ ਵੱਡੇ ਪੱਧਰ 'ਤੇ ਜਦੋਂ ਨੁਕਸਾਨ ਹੋਇਆ ਸੀ, ਤਾਂ ਵੀ ਬਹੁਤ ਕੁਝ ਹੋਇਆ ਸੀ ਪਰ ਇਨ੍ਹਾਂ ਹੜ੍ਹਾਂ ਦੇ ਦੌਰਾਨ ਜਿਹੜੇ ਲੋਕਾਂ ਨੇ ਪੀੜਤ ਪਰਿਵਾਰਾਂ ਦੇ ਨਾਮ 'ਤੇ ਚੰਗੀ ਮਾਇਆ ਛਕੀ ਹੈ, ਉਨ੍ਹਾਂ ਦਾ ਤਾਂ ਹੁਣ ਕੁਝ ਵੀ ਕਹਿਣਾ ਮੁਸ਼ਕਿਲ ਹੈ ਕਿਉਂਕਿ ਆਖਿਆ ਜਾ ਰਿਹਾ ਹੈ ਕਿ ਇਹ ਮਾਇਆ ਦੇ ਗੱਫੇ ਛਕਣ ਵਾਲੇ ਲੋਕ ਪਹਿਲਾਂ ਹੀ ਕਰੋੜਪਤੀ ਹਨ, ਸ਼ਿਫਤ ਕਰਨੀ ਬਣਦੀ ਹੈ ਉਨ੍ਹਾਂ ਲੋਕਾਂ ਦੀ, ਜਿਹੜਿਆਂ ਨੇ ਵਰਦੇ ਮੀਂਹ ਦੌਰਾਨ ਹੜ੍ਹਾਂ ਦੇ ਵਿਚ ਤਿੰਨ-ਤਿੰਨ ਫੁੱਟ ਵਿਚ ਪਾਣੀ ਦੇ ਜਾ ਕੇ ਆਪਣੀ ਸੇਵਾ ਨਿਭਾਈ। ਬਹੁਤ ਸਾਰੇ ਉਹ ਅਫਸਰ ਵੀ ਚੰਗੇ ਹਨ, ਜਿਨ੍ਹਾਂ ਨੇ ਸੇਵਾ ਕੀਤੀ ਪਰ ਹੈਰਾਨੀ ਹੁੰਦੀ ਹੈ ਜਿਹੜੇ ਸਮਾਜ ਸੇਵੀਆਂ ਨੇ ਚੰਗਾ ਮੋਟਾ ਗੱਫਾ ਛਕਿਆ ਹੈ, ਉਨ੍ਹਾਂ ਦੀ ਚੋਣ ਕੀਤੀ ਜਾਵੇ। ਚੰਗਾ ਹੋਵੇ ਜੇਕਰ ਅਜਿਹੇ ਲੋਕਾਂ ਨੂੰ ਪਛਾਣ ਕੀਤੀ ਜਾਵੇ, ਤਾਂ ਕਿ ਪੀੜਤ ਪਰਿਵਾਰਾਂ ਦੇ ਨਾਂ 'ਤੇ ਜਾਣ ਵਾਲੀ ਮਾਇਆ ਸਹੀ ਹੱਥਾਂ ਵਿਚ ਜਾ ਸਕੇ ਅਤੇ ਪੀੜਤ ਪਰਿਵਾਰ ਆਪਣਾ ਰਹਿਣ ਬਸੇਰਾ ਸਹੀ ਢੰਗ ਨਾਲ ਕਰ ਸਕਣ। ਉਹ ਲੋਕ ਸਿਫਤ ਦੇ ਹੱਕਦਾਰ ਜ਼ਰੂਰ ਹਨ, ਜਿਹੜੀਆਂ ਵੱਲੋਂ ਆਪਣੇ ਪੱਲਿਓਂ ਘਰ ਟਰੈਕਟਰ ਅਤੇ ਹੋਰ ਮਸ਼ੀਨਰੀ, ਦਵਾਈਆਂ, ਰਹਿਣ ਬਸੇਰਾ ਆਦਿ ਬਣਾ ਕੇ ਦਿੱਤਾ ਜਾ ਰਿਹਾ ਹੈ, ਇਸ ਦੀ ਅੱਜ ਵੱਡੀ ਲੋੜ ਹੈ। ਇਹੀ ਸਾਡੀ ਕਾਮਨਾ ਹੈ।

# ਪਰਮੇਸਰ ਤੇ ਭੁਲਿਆ ਵਿਆਪਨਿ ਸਭੇ ਰੋਗ



-ਦਿਲਪ੍ਰੀਤ ਸਿੰਘ
ਕਾਦਾ ਬੋੜਾ
ਮੋ : 98772-94483
ਪੰਜਾਬ ਮੇਲ USA


ਕਾਦਰ ਦੀ ਕੁਦਰਤ ਨਾਲ ਮਨੁੱਖ ਦਾ ਰਿਸ਼ਤਾ ਮੁੱਢ-ਕਦੀਮ ਤੋਂ ਚਲਿਆ ਆਉਂਦਾ ਹੈ। ਮਨੁੱਖ ਆਪਣੀਆਂ ਲੋੜਾਂ ਲਈ ਕੁਦਰਤ 'ਤੇ ਨਿਰਭਰ ਹੈ, ਜਿਸ ਕਰਕੇ ਕੁਦਰਤ ਦਾ ਜੀਵ ਦੇ ਮਨ ਉੱਪਰ ਬਹੁਤ ਡੂੰਘਾ ਅਸਰ ਪੈਂਦਾ ਹੈ। ਜੋ ਕੁਦਰਤ ਦੇ ਮੌਸਮ ਵਿਚ ਤਬਦੀਲੀ ਆਉਣ ਕਾਰਨ ਹੁੰਦਾ ਹੈ। ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਰਾਮਾਹ ਬਾਣੀ ਦੇ ਸਿਰਲੇਖ ਹੇਠ ਬਿਆਨਿਆ ਗਿਆ ਹੈ। ਇਹ ਬਾਰਾਂ ਮਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦੋ ਵਾਰ ਦਰਜ਼ ਮਿਲਦਾ ਹੈ। ਪਹਿਲਾ ਬਾਰਾਂਮਾਹ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਆ ਗਿਆ, ਜੋ ਤੁਖਾਰੀ ਰਾਗ ਦੇ ਵਿਚ ਦਰਜ ਮਿਲਦਾ ਹੈ। ਅਤੇ ਦੂਸਰਾ ਮਾਝ ਰਾਗ ਅੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਉਚਾਰਨ ਹੋਇਆ ਮਿਲਦਾ ਹੈ। ਜਿਸ ਵਿਚ ਜੀਵ ਰੂਪ ਇਸਤਰੀ ਦਾ ਆਪਣੇ ਪਤੀ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਸਫਰ ਬਿਆਨਿਆ ਹੈ। ਇਸ ਤੋਂ ਇਲਾਵਾ ਮੌਸਮ ਦੀ ਤਬਦੀਲੀ ਕਾਰਨ ਜੀਵ ਇਸਤਰੀ ਦੇ ਮਨ ਦੀ ਹਾਲਤ ਅਤੇ ਉਸ ਦੀ ਆਪਣੇ ਕੰਤ ਨੂੰ ਮਿਲਣ ਦੀ ਤਾਂਘ ਨੂੰ ਪੇਸ਼ ਕੀਤਾ ਹੈ। ਇਸ ਬਾਣੀ ਦੇ ਅੰਤ ਵਿਚ ਜੀਵ-ਇਸਤਰੀ ਦਾ ਪ੍ਰਮਾਤਮਾ ਦੀ ਕਿਰਪਾ ਦੁਆਰਾ ਆਪਣੇ ਸਹੁ ਨਾਲ ਮਿਲਾਪ ਸੰਭਵ ਦਸਿਆ ਹੈ। ਕੱਤਕ ਮਹੀਨੇ ਦੀ ਗੱਲ ਕਰੀਏ, ਤਾਂ ਗੁਰੂ ਅਰਜਨ ਦੇਵ ਜੀ ਮਾਝ ਰਾਗ ਅੰਦਰ ਇਸ ਮਹੀਨੇ ਦੁਆਰਾ ਉਪਦੇਸ਼ ਕਰਦੇ ਹਨ, ਜੇਕਰ ਇਸ ਮਹੀਨੇ ਵਿਚ ਵੀ ਜੀਵ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੋਈ, ਤਾਂ ਇਸ ਵਿਚ ਕਿਸੇ ਦਾ ਕੋਈ ਦੋਸ਼ ਨਹੀਂ, ਸਗੋਂ ਇਹ ਦੋਸ਼ ਜੀਵ ਦੇ ਆਪਣੇ ਕੀਤੇ ਹੋਏ ਕਰਮਾਂ ਦਾ ਹੀ ਹੈ। ਸੰਸਾਰ ਦੇ ਵਿਚ ਰਹਿੰਦੀਆਂ ਜੀਵ ਨੂੰ ਦੁੱਖ ਅਤੇ ਸੁੱਖ ਉਨ੍ਹਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਦੋਂ ਸੁਖ ਪ੍ਰਾਪਤ ਹੁੰਦਾ ਹੈ, ਤਾਂ ਮਨੁੱਖ ਦੇ ਮਨ ਅੰਦਰ ਹਉਮੈ ਦੀ ਭਾਵਨਾ ਪੈਦਾ ਹੋ ਜਾਂਦੀ ਹੈ ਅਤੇ ਜਦੋਂ ਦੁੱਖ ਆਉਂਦਾ ਹੈ, ਤਾਂ ਵੀ ਉਸ ਦਾ ਸਾਹਮਣਾ ਕਰਨ ਦੀ ਬਜਾਏ ਇਸ ਦਾ ਦੋਸ਼ ਕਿਸੇ ਸਿਰ 'ਤੇ ਮੜ੍ਹਦਾ ਹੈ। ਗੁਰੂ ਨਾਨਕ ਦੇਵ ਜੀ ਗੁਰਬਾਣੀ ਅੰਦਰ ਦੱਸਦੇ ਹਨ, ਇਹ ਦੋਸ਼ ਕਿਸੇ ਵਿਅਕਤੀ ਦਾ ਨਹੀਂ, ਬਲਕਿ ਉਸ ਦੇ ਕੀਤੇ ਹੋਏ ਪੂਰਬਲੇ ਜਨਮ ਦੇ ਚੰਗੇ-ਮੰਦੇ ਕਰਮਾਂ ਦਾ ਫ਼ਲ਼ ਹੈ।

ਦਦਾ ਦੋਸੁ ਨ ਦੀਜੈ ਕਾਹੂ ਦੋਸੁ ਕਰੰਮਾ ਆਪਣਿਆ॥

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨਾ ਦੀਜੈ ਅਵਰ ਜਨਾ॥

ਜੇਕਰ ਮਨੁੱਖ ਦੇ ਦੁੱਖਾਂ ਦੀ ਗੱਲ ਕਰੀਏ, ਭਾਵੇਂ ਉਹ ਸਰੀਰਕ ਰੋਗ ਹਨ ਜਾਂ ਮਾਨਸਿਕ ਤੌਰ 'ਤੇ ਕੋਈ ਦੁੱਖ ਹੈ, ਦੁੱਖਾਂ ਦਾ ਮੂਲ ਕਾਰਨ ਗੁਰਬਾਣੀ ਅੰਦਰ ਪਰਮੇਸ਼ਰ ਦੀ ਯਾਦ ਨੂੰ ਮਨ 'ਚੋਂ ਵਿਸਾਰ ਦੇਣਾ ਹੀ ਦੱਸਿਆ ਹੈ।

ਦੁਖੁ ਤਦੇ ਜਾ ਵਿਸਰਿ ਜਾਵੈ॥

ਸੰਸਾਰ ਵਿਚ ਹਰ ਇਕ ਮਨੁੱਖ ਰੋਗਾਂ ਵਿਚ ਗ੍ਰਸਿਆ ਦਿਖਾਈ ਦਿੰਦਾ ਹੈ। ਕੇਵਲ ਉਹ ਪ੍ਰਭੂ ਪ੍ਰਮਾਤਮਾ ਹੀ ਸਾਰੇ ਦੁੱਖਾਂ ਤੋਂ ਰਹਿਤ ਹੈ।

ਗੁਰਬਾਣੀ ਵਿਚ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦਾ ਫ਼ੁਰਮਾਨ ਹੈ :

ਜੋ ਜੋ ਦੀਸੈ ਸੋ ਸੋ ਰੋਗੀ।
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥

ਜੇਕਰ ਕੋਈ ਰੋਗ ਹੁੰਦਾ ਹੈ, ਤਾਂ ਉਸ ਦਾ ਇਲਾਜ ਵੀ ਸੰਭਵ ਹੋਵੇਗਾ। ਜਿਥੇ ਜੀਵ ਨੂੰ ਤ੍ਰਿਸ਼ਨਾ, ਹਉਮੈ ਅਤੇ ਚਿੰਤਾ ਵਰਗੇ ਰੋਗ ਹਨ, ਗੁਰਬਾਣੀ ਵਿਚ ਇਨ੍ਹਾਂ ਰੋਗਾਂ ਦਾ ਇਲਾਜ ਪ੍ਰਮਾਤਮਾ ਦਾ ਨਾਮ ਹੀ ਦੱਸਿਆ ਹੈ।

ਸਰਬ ਰੋਗ ਕਾ ਅਉਖਦੁ ਨਾਮੁ॥

ਇਸ ਲਈ ਮਨੁੱਖ ਨੂੰ ਆਪਣੇ ਜੀਵਨ ਦਾ ਮੂਲ ਪਛਾਣ ਕੇ ਪ੍ਰਮਾਤਮਾ ਨੂੰ ਅਰਾਧਨਾ ਚਾਹੀਦਾ ਹੈ ਕਿਉਂਕਿ ਪ੍ਰਭੂ ਸਮਰੱਥ ਹੈ ਅਤੇ ਉਹ ਭਰਿਆਂ ਨੂੰ ਖਾਲੀ ਕਰ ਸਕਦਾ ਹੈ, ਖਾਲੀ ਨੂੰ ਭਰ ਸਕਦਾ ਹੈ, ਨਿਰਧਨ ਨੂੰ ਅਮੀਰ ਬਣਾ ਦਿੰਦਾ ਹੈ ਅਤੇ ਰੋਗੀਆਂ ਦੇ ਰੋਗ ਕੱਟ ਦਿੰਦਾ ਹੈ।

ਨਿਰਧਨ ਭਯੰ ਧਨਵੰਤਹ ਰੋਗੀਅੰ ਰੋਗ ਖੰਡਨਹ॥

ਜੇਕਰ ਸੰਸਾਰ ਦੇ ਵਿਚ ਪ੍ਰਮਾਤਮਾ ਨੇ ਕਿਸੇ ਨੂੰ ਸਭ ਤੋਂ ਸ੍ਰੇਸ਼ਟ ਬਣਾਇਆ ਹੈ, ਤਾਂ ਉਹ ਕੇਵਲ ਮਨੁੱਖ ਹੈ। ਕਿਉਂਕਿ ਮਨੁੱਖ ਪ੍ਰਮਾਤਮਾ ਦਾ ਨਾਮ ਜਪ ਕੇ ਆਵਾਗਉਣ ਦੇ ਗੇੜ ਤੋਂ ਛੁਟਕਾਰਾ ਪਾ ਸਕਦਾ ਹੈ। ਜੇਕਰ ਉਸਨੇ ਪਦਾਰਥਾਂ ਅਤੇ ਇੱਛਾਵਾਂ ਦੀ ਪੂਰਤੀ ਵਿਚ ਸਾਰਾ ਜੀਵਨ ਬਸਰ ਕਰ ਦਿੱਤਾ, ਤਾਂ ਜੀਵ ਆਵਾਗਵਣ ਦੇ ਚੱਕਰ ਵਿਚ ਫਸਿਆ ਰਹੇਗਾ।

ਲਖ ਚਰਾਸੀਹ ਜੋਨਿ ਸਬਾਈ॥
ਮਾਨਸ ਕਉ ਪ੍ਰਭ ਦੀਈ ਵਡਿਆਈ॥
ਇਸੁ ਪਉੜੀ ਤੇ ਜੋ ਨਰੁ ਚੂਕੈ ਆਇ ਜਾਇ ਦੁਖੁ ਪਾਇਦਾ॥

ਮਨੁੱਖ ਨੂੰ ਸੰਸਾਰ ਦੀ ਕਾਰ ਵਿਹਾਰ ਕਰਨ ਲੱਗਿਆਂ ਭਾਵੇਂ ਕਿਸੇ ਪ੍ਰਕਾਰ ਦੀ ਢਿੱਲ ਹੋ ਜਾਵੇ ਪਰ ਪ੍ਰਮਾਤਮਾ ਦਾ ਨਾਮ ਲੈਣ ਲਈ ਕਿਸੇ ਵੀ ਪ੍ਰਕਾਰ ਦੀ ਦੇਰੀ ਨਹੀਂ ਕਰਨੀ ਚਾਹੀਦੀ।

ਕਿਉਂਕਿ ਜੀਵ ਨੂੰ ਇਸ ਗੱਲ ਦਾ ਬੋਧ ਨਹੀਂ ਕਿ ਪ੍ਰਮਾਤਮਾ ਨੇ ਸਾਹਾਂ ਵਾਲੀ ਡੋਰ ਕਦੋਂ ਖਿੱਚ ਲੈਣੀ ਹੈ ਤੇ ਇਹ ਸਰੀਰ ਦੇ ਵਿਚੋਂ ਪ੍ਰਾਣ ਕੱਢ ਲੈਣੇ ਹਨ। ਇਸ ਲਈ ਗੁਰਬਾਣੀ ਦਾ ਫੈਸਲਾ ਅਟਲ ਹੈ।

ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ॥

ਇਸ ਪ੍ਰਕਾਰ ਜੇਕਰ ਮਨੁੱਖ ਆਪਣੇ ਮੂਲ ਨੂੰ ਪਛਾਣ ਕੇ ਹਰੀ ਪ੍ਰਮਾਤਮਾ ਦੇ ਸਿਮਰਨ ਦੁਆਰਾ ਵਾਹਿਗੁਰੂ ਨੂੰ ਮਿਲਣ ਦਾ ਯਤਨ ਕਰੇਗਾ, ਤਾਂ ਇਸ ਸੰਸਾਰ ਉਪਰ ਮਨੁੱਖ ਦਾ ਆਇਆ ਸਫਲ ਹੋ ਸਕਦਾ ਹੈ।

# ਆਪਣੇ ਆਪ ਨੂੰ ਸਦਾ ਕਸੌਟੀ ਤੇ ਪਰਖਦੇ ਰਹੋ

ਡਾ. ਸਤਿੰਦਰ ਪਾਲ ਸਿੰਘ
ਦਿ ਪਾਂਡਸ , ਸਿਡਨੀ ,
ਆਸਟ੍ਰੇਲੀਆ।
ਪੰਜਾਬ ਮੇਲ USA





ਮਨੁੱਖ ਇੱਕ ਜਗਿਆਸੂ ਪ੍ਰਾਣੀ ਹੈ। ਉਹ ਜੋ ਕੁੱਝ ਵੀ ਵੇਖਦਾ ਹੈ, ਉਸ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰਨ ਦਾ ਜਤਨ ਕਰਦਾ ਹੈ। ਜਗਿਆਸਾ ਦੀ ਪ੍ਰਵਿਰਤੀ ਨੇ ਮਨੁੱਖ ਨੂੰ ਪ੍ਰੇਰਿਤ ਕੀਤਾ, ਜਿਸ ਕਾਰਨ ਉਹ ਬ੍ਰਹਿਮੰਡ ਦੇ ਵੱਡੇ ਤੇ ਗੁੱਝੇ ਰਹੱਸ ਖੋਲਣ 'ਚ ਸਫਲ ਰਿਹਾ ਹੈ। ਇਸ ਨਾਲ ਜੀਵਨ ਦੇ ਹਾਲਾਤ ਸੌਖੇ ਹੁੰਦੇ ਗਏ ਹਨ। ਮਨੁੱਖ ਨੇ ਬ੍ਰਹਿਮੰਡ ਨੂੰ ਤਾਂ ਕਿਸੇ ਹੱਦ ਤੱਕ ਜਾਣ ਲਿਆ ਹੈ ਪਰ ਆਪਣੇ ਆਪ ਨੂੰ ਸਮਝਣ ਵਿਚ ਜ਼ਿਆਦਾ ਰੁਚੀ ਨਹੀਂ ਲੈਂਦਾ। ਗੁਰਬਾਣੀ ਦਾ ਕਥਨ ਹੈ "ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥" ਮਨੁੱਖ ਨੇ ਆਪਣੇ ਅੰਦਰ ਦਾ ਬ੍ਰਹਿਮੰਡ ਖੋਜਿਆ ਨਹੀਂ, ਜੋ ਸਭ ਤੋਂ ਨੇੜੇ ਸੀ ਪਰ ਸਾਰੀ ਤਾਕਤ ਬਾਹਰ ਲਗਾ ਰਿਹਾ ਹੈ। ਦ੍ਰਿਸ਼ਟੀ ਬਾਹਰ ਹੀ ਕੇਂਦ੍ਰਿਤ ਰਹਿੰਦੀ ਹੈ, ਅੰਦਰ ਵੇਖਣ ਦਾ ਸਮਾਂ ਹੀ ਨਹੀਂ ਲੱਭਦਾ। ਬਾਹਰ ਨੂੰ ਬਹੁਤ ਕੁੱਝ ਜਾਨਣ ਤੋਂ ਬਾਅਦ ਵੀ ਮਨੁੱਖ ਨੂੰ ਉਸ ਦਾ ਲਾਭ ਨਹੀਂ ਮਿਲ ਰਿਹਾ ਕਿਉਂਕਿ ਅੰਦਰ ਦੇ ਬ੍ਰਹਿਮੰਡ ਨਾਲ ਤਾਲਮੇਲ ਹੀ ਨਹੀਂ ਹੋ ਪਾ ਰਿਹਾ। ਬਾਹਰ ਮਨੁੱਖ ਨੇ ਵੇਖ ਲਿਆ ਕਿ ਕੁਦਰਤ ਦੇ ਸਰੋਤਾਂ ਦੀ ਸੰਭਾਲ ਜ਼ਰੂਰੀ ਹੈ ਪਰ ਤਾਲਮੇਲ ਨਾ ਹੋਣ ਕਾਰਨ ਮਨ ਨੇ ਇਸ ਨੂੰ ਸਵੀਕਾਰ ਹੀ ਨਹੀਂ ਕੀਤਾ। ਇਸ ਦਾ ਫਲ ਹੈ ਕਿ ਕੁਦਰਤ ਦੇ ਸ੍ਰੋਤ ਨਿਰੰਤਰ ਆਪਣਾ ਭੰਡਾਰ ਗੁਆਉਂਦੇ ਜਾ ਰਹੇ ਹਨ। ਮਨੁੱਖ ਨੇ ਅਥਾਹ ਗਿਆਨ ਪ੍ਰਾਪਤ ਕਰ ਲਿਆ ਹੈ। ਸੰਸਾਰ ਅੰਦਰ ਵਰਤਮਾਨ ਵਿਚ ਜਿਤਨਾ ਗਿਆਨ ਉਪਲਬੱਧ ਹੈ, ਉਸ ਨੂੰ ਜਾਨਣ ਤੇ ਧਾਰਨ ਕਰਨ ਲਈ ਇੱਕ ਜੀਵਨ ਘੱਟ ਹੈ। ਗਿਆਨ ਕਿਤਾਬਾਂ, ਗ੍ਰੰਥਾਂ ਵਿਚ ਹੈ ਪਰ ਮਨੁੱਖ ਦੇ ਜੀਵਨ ਵਿਚ ਨਹੀਂ ਕਿਉਂਕਿ ਉਹ ਆਪਣੇ ਜੀਵਨ ਪ੍ਰਤੀ ਗੰਭੀਰ ਹੀ ਨਹੀਂ ਹੈ।

ਮਨੁੱਖ ਦਰਅਸਲ ਆਪਣੇ ਪ੍ਰਤੀ ਬੇਹੱਦ ਲਾਪ੍ਰਵਾਹੀ ਵੱਲ ਜੀਵਨ ਜਿਉਂ ਰਿਹਾ ਹੈ। ਉਸ ਨੂੰ ਆਪਣੇ ਆਲੇ-ਦੁਆਲੇ ਦੇ ਲੋਕਾਂ ਦੇ ਸੁਭਾਅ, ਆਚਾਰ-ਵਿਚਾਰ ਦਾ ਪੂਰਾ ਗਿਆਨ ਹੈ। ਉਹ ਦੂਜੇ ਲੋਕਾਂ ਦੇ ਜੀਵਨ ਦੀ ਇੱਕ-ਇੱਕ ਘਟਨਾ 'ਤੇ ਨਿਗਾਹ ਰੱਖਦਾ ਹੈ, ਚਰਚਾ ਕਰਦਾ ਹੈ, ਸਮੀਖਿਆ ਕਰਦਾ ਹੈ ਪਰ ਆਪਣੇ ਅੰਦਰ ਕੀ ਚੱਲ ਰਿਹਾ ਹੈ, ਇਸ ਬਾਰੇ ਅਣਜਾਣ ਰਹਿੰਦਾ ਹੈ। ਆਪਣੇ ਆਚਾਰ-ਵਿਚਾਰ ਦੀ ਕਦੇ ਸਮੀਖਿਆ ਨਹੀਂ ਕਰਦਾ। ਇਹ ਮੰਨ ਲੈਂਦਾ ਹੈ ਕਿ ਉਹ ਜੋ ਕੁੱਝ ਕਰ ਰਿਹਾ ਹੈ ਠੀਕ ਹੈ। ਇਹੋ ਕਾਰਨ ਹੈ ਕਿ ਆਪਣੀ ਤਿਲ ਮਾਤਰ ਆਲੋਚਨਾ, ਨਿੰਦਿਆ ਵੀ ਉਸ ਨੂੰ ਸਹਿਣ ਨਹੀਂ ਹੁੰਦੀ। ਆਪਣੇ ਆਪ ਨੂੰ ਮਨੁੱਖ ਸਦਾ ਕਿਸੇ ਵੀ ਪਰਖ ਤੋਂ ਬਾਹਰ ਰੱਖਣਾ ਚਾਹੁੰਦਾ ਹੈ ਕਿਉਂਕਿ ਆਪਣੇ ਮਿਆਰ ਉਹ ਆਪ ਤੈਅ ਕਰਦਾ ਹੈ। ਇਹ ਮਿਆਰ ਮਨੁੱਖ ਸਥਿਤੀਆਂ ਅਨੁਸਾਰ ਬਦਲਦੇ ਰਹਿੰਦੇ ਹਨ। ਕਿਸੇ ਪ੍ਰਤੀ ਉਹ ਦਿਆਲੂ ਹੁੰਦਾ ਹੈ, ਕਿਸੇ ਪ੍ਰਤੀ ਨਫਰਤ, ਘਿਰਣਾ ਰੱਖਦਾ ਹੈ। ਕਿਸੇ ਨੂੰ ਉਹ ਖੁਸ਼ ਦੇਖਣਾ ਚਾਹੁੰਦਾ ਹੈ ਪਰ ਕਿਸੇ ਦਾ ਨਾਸ਼। ਜੇ ਆਪਣੇ ਅੰਦਰ ਦੇ ਬ੍ਰਹਿਮੰਡ ਨੂੰ ਜਾਣਿਆ ਹੁੰਦਾ ਤਾਂ ਇਹ ਵਿਵਹਾਰ ਨਾ ਹੁੰਦਾ। ਕਿਉਂਕਿ ਅੰਦਰ ਦਾ ਬ੍ਰਹਿਮੰਡ ਨਹੀਂ ਜਾਣਿਆ, ਤਾਂ ਬਾਹਰ ਦੇ ਬ੍ਰਹਿਮੰਡ ਤੋਂ ਪ੍ਰੇਰਨਾ ਵੀ ਨਹੀਂ ਧਾਰਨ ਕਰਨ ਯੋਗ ਬਣਿਆ। ਬਾਹਰ ਪਵਨ ਵੱਗ ਰਹੀ ਹੈ, ਤਾਂ ਸਾਰੀਆਂ ਲਈ ਇੱਕੋ ਜਿਹੀ, ਸੂਰਜ ਦੀਆਂ ਕਿਰਨਾਂ ਬਿਨਾ ਕਿਸੇ ਭੇਦਭਾਵ ਸਾਰੀਆਂ 'ਤੇ ਪੈ ਰਹੀਆਂ ਹਨ। ਸਵੇਰ ਹੁੰਦੀਆਂ ਹੀ ਚਿੜ੍ਹੀਆਂ ਚਹਿਕਣ ਲੱਗਦੀਆਂ ਹਨ, ਤਾਂ ਕਿਸੇ ਖਾਸ ਲਈ ਨਹੀਂ, ਸਾਰਿਆਂ ਹੀ ਲਈ ਜੋ ਉਸ ਚਹਿਕ ਨੂੰ ਸੁਣ ਸਕਦੇ ਹਨ। ਬਾਗ ਅੰਦਰ ਫੁੱਲਾਂ ਦੀ ਮਹਿਕ ਕਿਸੇ ਦੀ ਵੀ ਰਾਖਵੀਂ ਨਹੀਂ ਹੈ। ਪਰ ਮਨੁੱਖ ਅਜਿਹਾ ਨਹੀਂ ਹੈ ਕਿਉਂਕਿ ਉਸ ਦੇ ਅੰਦਰ ਦਾ ਬ੍ਰਹਿਮੰਡ ਸੁੱਤਾ ਪਿਆ ਹੈ। ਬ੍ਰਹਿਮੰਡ ਖੁੱਲ੍ਹਾ ਵੰਡ ਰਿਹਾ ਹੈ ਪਰ ਮਨੁੱਖ ਜੋ ਕੁੱਝ ਹੈ, ਆਪਣੇ ਤੱਕ ਸੀਮਤ ਕਰ ਲੈਣਾ ਚਾਹੁੰਦਾ ਹੈ। ਬ੍ਰਹਿਮੰਡ ਦੇ ਸ੍ਰੋਤ ਮਨੁੱਖ ਨੂੰ ਦੇ ਰਹੇ ਹਨ ਪਰ ਉਸ ਦਾ ਕੋਈ ਮੁੱਲ ਨਹੀਂ ਚਾਹੁੰਦੇ। ਮਨੁੱਖ ਜੇ ਕੁੱਝ ਦੇ ਰਿਹਾ ਹੈ, ਤਾਂ ਉਸ ਦਾ ਦੂਣਾ ਵਸੂਲਣ ਦੀ ਇੱਛਾ ਰੱਖਦਾ ਹੈ। ਇਸ ਪ੍ਰਵਿਰਤੀ ਨੇ ਸਮਾਜਿਕ ਵਿਵਹਾਰ ਨੂੰ ਪੂਰਾ ਖੋਖਲਾ ਕਰ ਦਿੱਤਾ ਹੈ। ਕੋਈ ਜੋ ਕਹਿ ਰਿਹਾ ਹੈ, ਕਿਉਂ ਕਹਿ ਰਿਹਾ ਹੈ, ਜੋ ਕਰ ਰਿਹਾ ਹੈ, ਕਿਉਂ ਕਰ ਰਿਹਾ ਹੈ, ਇਹ ਸਮਝਣਾ ਆਕਾਸ਼ ਤੋਂ ਤਾਰੇ ਤੋੜ ਕੇ ਲਿਆਉਣ ਜਿਹਾ ਹੋ ਗਿਆ ਹੈ। ਇਸ ਨਾਲ ਬੇ ਭਰੋਸਗੀ ਦੇ ਕਾਲੇ ਬੱਦਲ ਛਾਏ ਹੋਏ ਹਨ। ਕਿਸੇ ਵੀ ਸਬੰਧ 'ਤੇ ਵਿਸ਼ਵਾਸ ਕਰਨਾ ਔਖਾ ਹੋ ਗਿਆ ਹੈ। ਸੱਚ ਨੂੰ ਫਰੇਬ, ਫਰੇਬ ਨੂੰ ਸੱਚ ਮੰਨ ਕੇ ਮਨੁੱਖ ਲਗਾਤਾਰ ਠੱਗਿਆ ਜਾ ਰਿਹਾ ਹੈ।

ਮਨੁੱਖ ਦਰਅਸਲ ਆਪਣੇ ਪ੍ਰਤੀ ਬੇਹੱਦ ਲਾਪ੍ਰਵਾਹੀ ਵੱਲ ਜੀਵਨ ਜਿਉਂ ਰਿਹਾ ਹੈ। ਉਸ ਨੂੰ ਆਪਣੇ ਆਲੇ-ਦੁਆਲੇ ਦੇ ਲੋਕਾਂ ਦੇ ਸੁਭਾਅ, ਆਚਾਰ-ਵਿਚਾਰ ਦਾ ਪੂਰਾ ਗਿਆਨ ਹੈ। ਉਹ ਦੂਜੇ ਲੋਕਾਂ ਦੇ ਜੀਵਨ ਦੀ ਇੱਕ-ਇੱਕ ਘਟਨਾ 'ਤੇ ਨਿਗਾਹ ਰੱਖਦਾ ਹੈ, ਚਰਚਾ ਕਰਦਾ ਹੈ, ਸਮੀਖਿਆ ਕਰਦਾ ਹੈ ਪਰ ਆਪਣੇ ਅੰਦਰ ਕੀ ਚੱਲ ਰਿਹਾ ਹੈ, ਇਸ ਬਾਰੇ ਅਣਜਾਣ ਰਹਿੰਦਾ ਹੈ। ਆਪਣੇ ਆਚਾਰ-ਵਿਚਾਰ ਦੀ ਕਦੇ ਸਮੀਖਿਆ ਨਹੀਂ ਕਰਦਾ। ਇਹ ਮੰਨ ਲੈਂਦਾ ਹੈ ਕਿ ਉਹ ਜੋ ਕੁੱਝ ਕਰ ਰਿਹਾ ਹੈ ਠੀਕ ਹੈ। ਇਹੋ ਕਾਰਨ ਹੈ ਕਿ ਆਪਣੀ ਤਿਲ ਮਾਤਰ ਆਲੋਚਨਾ, ਨਿੰਦਿਆ ਵੀ ਉਸ ਨੂੰ ਸਹਿਣ ਨਹੀਂ ਹੁੰਦੀ। ਆਪਣੇ ਆਪ ਨੂੰ ਮਨੁੱਖ ਸਦਾ ਕਿਸੇ ਵੀ ਪਰਖ ਤੋਂ ਬਾਹਰ ਰੱਖਣਾ ਚਾਹੁੰਦਾ ਹੈ ਕਿਉਂਕਿ ਆਪਣੇ ਮਿਆਰ ਉਹ ਆਪ ਤੈਅ ਕਰਦਾ ਹੈ।

ਮਨੁੱਖ ਸਿਆਣਾ ਹੈ ਪਰ ਦੂਜਿਆਂ ਲਈ, ਆਪਣੇ ਲਈ ਨਹੀਂ। ਦੂਜਿਆਂ ਨੂੰ ਆਪਣੇ ਅਨੁਸਾਰ ਚਲਾਉਣਾ ਉਸ ਦਾ ਅਤਿ ਪਸੰਦੀਦਾ ਸ਼ੌਕ ਹੈ। ਮਾਤਾ-ਪਿਤਾ ਚਾਹੁੰਦੇ ਹਨ ਕਿ ਸੰਤਾਨ ਉਨ੍ਹਾਂ ਦੇ ਹੁਕਮ ਮੰਨੇ। ਪਤੀ ਚਾਹੁੰਦਾ ਹੈ ਕਿ ਪਤਨੀ ਉਸ ਦੀ ਆਗਿਆ ਵਿਚ ਰਹੇ। ਜੋ ਵੱਡਾ ਹੈ, ਸਮਰੱਥ ਹੈ, ਉਹ ਚਾਹੁੰਦਾ ਹੈ ਕਿ ਨਿੱਕਾ, ਨਿਰਬਲ ਉਸ ਦੇ ਹੁਕਮ ਮੰਨੇ। ਜੋ ਯੋਗ ਹੈ ਉਹ ਆਪਣੇ ਤੋਂ ਘੱਟ ਯੋਗ ਨੂੰ ਆਪਣਾ ਦਾਸ ਬਣਾ ਲੈਣਾ ਚਾਹੁੰਦਾ ਹੈ। ਜੱਦੋ-ਜਹਿਦ ਦੇ ਇਸ ਅੰਤਹੀਨ ਸਿਲਸਿਲੇ ਨੇ ਜੀਵਨ ਨੂੰ ਬਿਖਮ ਕਰ ਦਿੱਤਾ ਹੈ। ਸਮਾਜ ਅੰਦਰ ਤਨਾਵ, ਸੰਘਰਸ਼, ਵੈਰ ਵਿਰੋਧ, ਨਫਰਤ ਨੇ ਆਪਣੀ ਪੱਕੀ ਥਾਂ ਬਣਾ ਲਈ ਹੈ। ਸਿਆਣੇ ਮਨੁੱਖ ਨੇ ਇਸ ਨੂੰ ਕਲਿਯੁਗ ਦਾ ਨਾਮ ਦੇ ਦਿੱਤਾ ਹੈ। ਉਸ ਨੇ ਕਲਿਯੁਗ ਨੂੰ ਦੁੱਖ , ਪਾਪ ਦਾ ਯੁੱਗ ਬਣਾ ਦਿੱਤਾ ਹੈ ਤੇ ਆਪਣੇ ਆਪ ਨੂੰ ਜ਼ਿੰਮੇਵਾਰੀ ਤੋਂ ਮੁਕਤ ਕਰ ਲਿਆ ਹੈ। ਪਰ ਕਲਿਯੁਗ ਲਿਆਉਣ ਵਾਲਾ ਉਹ ਆਪ ਹੀ ਹੈ। ਉਸ ਦੀ ਸੋਚ ਨੇ ਕਲਿਯੁਗ ਦਾ ਸਿਰਜਣ ਕੀਤਾ ਹੈ ਤੇ ਉਸ ਦੀ ਸੋਚ ਹੀ ਕਲਿਯੁਗ ਨੂੰ ਖਤਮ ਕਰ ਸਕਦੀ ਹੈ। ਜਿਸ ਯੁਗ ਵਿਚ ਗੁਰੂ ਨਾਨਕ ਸਾਹਿਬ ਜਿਹੇ ਅਵਤਾਰ ਹੋਏ ਹੋਣ, ਉਸ ਯੁਗ ਨੂੰ ਦੁੱਖ, ਪਾਪ ਦਾ ਯੁਗ ਕਿਵੇਂ ਕਿਹਾ ਜਾ ਸਕਦਾ ਹੈ। ਦੁੱਖ ਤੇ ਪਾਪ ਮਨੁੱਖ ਦੇ ਵੀ ਵਿਵਹਾਰ ਤੇ ਸੋਚ ਵਿਚ ਹੈ, ਸਮੇਂ ਵਿਚ ਨਹੀਂ। ਮਨੁੱਖ ਆਪਣੇ ਲਈ ਸਤਿਯੁਗ ਲਿਆ ਸਕਦਾ ਹੈ, ਜੇ ਉਹ ਆਪਣੇ 'ਤੇ ਹੁਕਮ ਚਲਾਣਾ, ਆਪਣੇ ਅੰਦਰ ਦੇ ਬ੍ਰਹਿਮੰਡ 'ਤੇ ਰਾਜ ਕਰਨਾ ਸਿਖ ਜਾਏ "ਮਨੁ ਜੀਤੇ ਜਗੁ ਜੀਤਿਆ ਜਾਂ ਤੇ ਬਿਖਿਆ ਤੇ ਹੋਇ ਉਦਾਸੁ॥" ਆਪਣੇ 'ਤੇ ਹੁਕਮ ਚਲਾ ਕੇ ਆਪਣੇ ਅੰਦਰ ਦੇ ਬ੍ਰਹਿਮੰਡ ਨੂੰ ਜਿੱਤ ਲੈਣਾ, ਪੂਰੇ ਜਗਤ ਨੂੰ ਜਿੱਤ ਲੈਣ ਜਿਹਾ ਹੈ। ਮਨੁੱਖ ਆਪਣੇ 'ਤੇ ਹੁਕਮ ਚਲਾਏ। ਮਨ ਅੰਦਰ ਕਿਸੇ ਲਈ ਵੈਰ ਵਿਰੋਧ ਹੈ, ਤਾਂ ਪੁੱਛੇ ਕਿ ਉਸ ਨੂੰ ਕੀ ਹੱਕ ਹੈ ਕਿਸੇ ਪ੍ਰਤੀ ਮੰਦੀ ਭਾਵਨਾ ਰੱਖਣ ਦਾ ਕਿਉਂਕਿ ਸਵਾਮੀ ਤਾਂ ਪ੍ਰਮਾਤਮਾ ਹੈ, ਜਿਸ ਨੇ ਜੀਵਨ ਦਿੱਤਾ, ਜੋ ਪ੍ਰਤਿਪਾਲਕ ਹੈ, ਨਿਆਂ ਕਰਨ ਦਾ ਹੱਕ ਤਾਂ ਉਸ ਨੂੰ ਹੈ। ਮਨੁੱਖ ਉਸ ਦੇ ਨਿਆਂ ਵਿਚ ਦਖਲ ਦੇਣ ਵਾਲਾ ਕੌਣ ਹੁੰਦਾ ਹੈ। ਮਨੁੱਖ ਤਾਂ ਆਪ ਉਸ ਸੁਆਮੀ ਪ੍ਰਮਾਤਮਾ ਦੇ ਹੁਕਮ ਅੰਦਰ ਹੈ। ਮਨੁੱਖ ਆਪਣੀਆਂ ਇੰਦਰੀਆਂ 'ਤੇ ਹੁਕਮ ਚਲਾਏ, ਉਨ੍ਹਾਂ ਨੂੰ ਆਪਣੇ ਵੱਸ 'ਚ ਰੱਖੇ। ਅੱਖਾਂ ਕਿਉਂ ਪ੍ਰਮਾਤਮਾ ਦਾ ਰੂਪ ਵੇਖਣ ਦੀ ਥਾਂ ਰੰਗ ਤਮਾਸ਼ੇ ਵੇਖ ਰਹੀਆਂ ਹਨ, ਕੰਨ ਪ੍ਰਮਾਤਮਾ ਦਾ ਜਿਸ ਸੁਣਨ ਦੀ ਥਾਂ ਕਿਉਂ ਨਿੰਦਾ, ਚੁਗਲੀ, ਕਾਮ ਵਾਸਨਾ ਦੇ ਗੀਤ ਸੁਣ ਰਹੇ ਹਨ। ਹੱਥ ਸੇਵਾ ਦੀ ਥਾਂ ਪਰਾਇਆ ਹੱਕ ਕਿਉਂ ਮਾਰ ਰਹੇ ਹਨ, ਜਬਰ, ਜ਼ੁਲਮ ਕਿਉਂ ਕਰ ਰਹੇ ਹਨ। ਰਸਨਾ ਨਾਮ ਦੇ ਰਸ ਦੀ ਥਾਂ ਪਦਾਰਥਾਂ ਦੇ ਸੁਆਦ ਵਿਚ ਕਿਉਂ ਪੈ ਗਈ ਹੈ। ਆਪਣੇ ਅੰਦਰ ਜੋ ਵਿਚਾਰ ਚੱਲ ਰਹੇ ਹਨ, ਕਾਮਨਾਵਾਂ ਪੈਦਾ ਹੋ ਰਹੀਆਂ ਹਨ, ਉਨ੍ਹਾਂ 'ਤੇ ਇੱਕ ਕਠੋਰ ਸ਼ਾਸਕ ਵਾਂਗੂੰ ਮਨੁੱਖ ਦਾ ਭੈ ਤੇ ਅੰਕੁਸ਼ ਲੱਗਿਆ ਰਹੇ। ਆਪਣੇ ਕਾਰਜਾਂ 'ਤੇ ਉਸ ਦਾ ਪੂਰਾ ਜ਼ੋਰ ਹੋਵੇ ਕਿ ਕਿਹੜੇ ਕਾਰਜ ਕਰਨੇ ਹਨ, ਕਿਹੜੇ ਨਹੀਂ। ਮਨੁੱਖ ਕਈ ਵਾਰ ਅਜਿਹੇ ਕੰਮ ਕਰ ਜਾਂਦਾ ਹੈ, ਜੋ ਉਸ ਨੂੰ ਨਹੀਂ ਕਰਨੇ ਚਾਹੀਦੇ ਸਨ। ਮਨੁੱਖ ਕੰਮ ਕਰਨ ਤੋਂ ਬਾਅਦ ਸ਼ਰਮਿੰਦਾ ਹੁੰਦਾ ਹੈ, ਪਛਤਾਵਾ ਕਰਦਾ ਹੈ। ਉਹ ਆਪਣੇ 'ਤੇ ਜ਼ਿੰਮੇਵਾਰੀ ਨਾ ਲੈ ਕੇ ਦਲੀਲ ਦਿੰਦਾ ਹੈ ਕਿ ਕ੍ਰੋਧ ਕਾਰਨ, ਲੋਭ ਕਾਰਨ ਹੋ ਗਿਆ। ਕ੍ਰੋਧ ਵੀ ਤਾਂ ਉਸ ਦਾ ਹੀ ਸੀ, ਲੋਭ ਵੀ ਉਸ ਦਾ ਹੀ ਸੀ, ਜਿਸ ਨੂੰ ਵੱਸ ਵਿਚ ਕਰਨਾ ਉਸ ਦੀ ਪੂਰੀ ਜ਼ਿੰਮੇਵਾਰੀ ਸੀ। ਕੰਮ ਕ੍ਰੋਧ ਜਾਂ ਲੋਭ ਵੱਸ ਹੋਇਆ ਪਰ ਦੁੱਖ, ਦੰਡ ਤਾਂ ਮਨੁੱਖ ਨੂੰ ਹੀ ਭੋਗਣਾ ਪੈਂਦਾ ਹੈ। ਜੇ ਉਸ ਦੇ ਮਨ ਦੇ ਵਿਚਾਰ ਹੀ ਉਸ ਦਾ ਹੁਕਮ ਨਹੀਂ ਮੰਨਦੇ, ਤਾਂ ਉਹ ਦੂਜਿਆਂ ਕੋਲੋਂ ਕਿਵੇਂ ਆਸ ਕਰ ਸਕਦਾ ਹੈ ਕਿ ਉਸ ਦਾ ਹੁਕਮ ਮੰਨਣ, ਉਸ ਦੀ ਇੱਛਾ ਅਨੁਸਾਰ ਚੱਲਣ।

ਸੰਸਾਰ ਉਸ ਦੀ ਇੱਛਾ ਅਨੁਸਾਰ ਚੱਲ ਸਕਦਾ ਹੈ, ਜੇ ਉਹ ਆਪਣੇ ਵਿਚਾਰ ਤੇ ਆਚਾਰ ਨੂੰ ਆਪਣੇ ਵੱਸ 'ਚ ਕਰ ਲਵੇ। ਸੰਸਾਰ ਦਾ ਹਰ ਧਰਮ ਪ੍ਰੇਮ, ਸਬਰ, ਸੰਤੋਖ, ਦਇਆ, ਪਰੋਪਕਾਰ, ਸਹਿਜ ਦੀ ਸਿੱਖਿਆ ਦਿੰਦਾ ਹੈ। ਇਨ੍ਹਾਂ ਨੂੰ ਮਨੁੱਖ ਆਪਣੀ ਸੋਚ, ਆਚਾਰ ਦੀ ਕਸੌਟੀ ਬਣਾਏ। ਆਪਣੇ ਆਪ ਨੂੰ ਸਦਾ ਇਸ ਕਸੌਟੀ 'ਤੇ ਪਰਖਦਾ ਰਹੇ। ਸਾਰਾ ਸਮਾਂ, ਸਾਰਾ ਧਿਆਨ ਆਪਣੇ ਅੰਦਰ ਦੇ ਬ੍ਰਹਿਮੰਡ 'ਤੇ ਲਗਾਏ। ਧਿਆਨ ਆਪਣੇ 'ਤੇ ਕੇਂਦ੍ਰਿਤ ਰਹੇਗਾ, ਤਾਂ ਬਾਹਰ ਵੇਖਣ ਦਾ ਸਮਾਂ ਹੀ ਨਹੀਂ ਮਿਲੇਗਾ। ਸਾਰੇ ਵਿਕਾਰਾਂ, ਔਗੁਣਾਂ ਤੋਂ ਬਚਣ ਦਾ ਇਹ ਇੱਕ ਅਸਰਦਾਰ ਢੰਗ ਹੋ ਸਕਦਾ ਹੈ। ਕਿਉਂਕਿ ਕ੍ਰੋਧ, ਲੋਭ, ਮੋਹ, ਹੰਕਾਰ ਤੇ ਕਾਮ ਆਦਿਕ ਬਾਹਰ ਤੋਂ ਹੀ ਅੰਦਰ ਪ੍ਰੇਰਿਤ ਤੇ ਜਾਗ੍ਰਿਤ ਹੁੰਦੇ ਹਨ। ਜਦੋਂ ਸਰੋਕਾਰ ਅੰਦਰ ਦਾ ਬਣ ਜਾਂਦਾ ਹੈ, ਤਾਂ ਬਾਹਰ ਦੇ ਸਰੋਕਾਰ ਨਹੀਂ ਸਤਾਉਂਦੇ। ਅੰਦਰ ਦੇ ਸਰੋਕਾਰ ਨਾਲ ਜੁੜਨਾ ਬਾਹਰ ਤੋਂ ਟੁੱਟਣਾ ਨਹੀਂ, ਬਾਹਰ ਨਾਲ ਸ੍ਰੇਸ਼ਟ ਸਬੰਧ ਜੋੜਨਾ ਹੈ। ਅੰਦਰ ਸ੍ਰੇਸ਼ਟਤਾ ਹੋਵੇਗੀ, ਤਾਂ ਬਾਹਰ ਵੀ ਪ੍ਰਗਟ ਹੋਵੇਗੀ। ਮਨ ਅੰਦਰ ਪ੍ਰੇਮ ਭਾਵ ਹੋਵੇ, ਤਾਂ ਸਾਰਾ ਜਗਤ ਪ੍ਰੇਮ ਰੰਗ ਵਿਚ ਰੰਗਿਆ ਨਜ਼ਰ ਆਉਂਦਾ ਹੈ। ਮਨ ਅੰਦਰ ਸੁੱਖ ਹੈ, ਤਾਂ ਸਾਰੇ ਸੁਖੀ ਲੱਗਦੇ ਹਨ। ਮਨੁੱਖ ਦਾ ਆਪਣੇ 'ਤੇ ਵੱਸ ਹੋ ਗਿਆ, ਤਾਂ ਸਾਰਾ ਸੰਸਾਰ ਉਸ ਦੇ ਵੱਸ 'ਚ ਆ ਜਾਂਦਾ ਹੈ। ਇਸ ਦਾ ਅਰਥ ਹੈ ਕਿ ਸੰਸਾਰ ਨੂੰ ਵੇਖਣ ਦੀ ਦ੍ਰਿਸ਼ਟੀ ਬਦਲ ਜਾਂਦੀ ਹੈ। ਮਨੁੱਖ ਨੇ ਆਪਣੇ ਅੰਤਰ ਮਨ ਨੂੰ ਹੁਕਮ ਕਰ ਵਿਕਾਰਾਂ, ਮਾਇਆ ਤੋਂ ਦੂਰ ਕਰ ਦਿੱਤਾ ਹੈ, ਤਾਂ ਸਾਰਾ ਜਗਤ ਮਿੱਤਰ ਲੱਗਣ ਲੱਗਦਾ ਹੈ। ਕਿਸੇ ਦਾ ਮੋਹ ਨਹੀਂ ਪਰ ਕਿਸੇ ਨਾਲ ਵੈਰ ਨਹੀਂ। ਇਸ ਅਵਸਥਾ ਦੀ ਪ੍ਰਾਪਤੀ ਕਲਿਯੁਗ ਤੋਂ ਬਾਹਰ ਆ ਕੇ ਸੱਚ ਦੇ ਯੁਗ ਵਿਚ ਪ੍ਰਵੇਸ਼ ਕਰਨ ਜਿਹਾ ਹੈ। ਜਿਸ ਦੇ ਮਨ ਅੰਦਰ ਸੱਚ ਯੁਗ ਹੈ, ਉਸ ਲਈ ਬਾਹਰ ਵੀ ਸੱਚ ਯੁਗ ਹੈ। ਜੀਵਨ ਜਿਉਣ ਦੇ ਦੋ ਹੀ ਮਾਰਗ ਹਨ। ਇੱਕ ਸੱਚ ਦਾ ਦੂਜਾ ਝੂਠ ਦਾ। ਇੱਕ ਧਰਮ ਦਾ ਦੂਜਾ ਅਧਰਮ ਦਾ। ਸੱਚ ਜਾਂ ਧਰਮ ਅੰਦਰ ਹੀ ਪ੍ਰਗਟ ਕਰਨਾ ਪੈਂਦਾ ਹੈ, ਜਿਸ ਦਾ ਅਕਸ ਬਾਹਰ ਵਿਖਾਈ ਦਿੰਦਾ ਹੈ।

ਸੱਚ ਨੂੰ ਸਮਝਣ ਤੇ ਧਾਰਨ ਕਰਨ ਲਈ ਪੂਰਨ ਸਮਰਪਣ ਦੀ ਲੋੜ ਹੈ। ਰਾਜ ਨੂੰ ਪ੍ਰਾਪਤ ਕਰਨ ਲਈ ਰਾਜਾ ਪੂਰੀ ਤਾਕਤ ਲਗਾ ਦਿੰਦਾ ਹੈ। ਸੱਚ ਨੂੰ ਧਾਰਨ ਕਰਨਾ ਧਰਤੀ 'ਤੇ ਰਾਜ ਕਾਇਮ ਕਰਨ ਤੋਂ ਕਿਤੇ ਵੱਧ ਮੁਸ਼ਕਿਲ ਹੈ। ਰਾਜਾ ਆਪਣੀ ਰਾਜ ਨੂੰ ਸੁਰੱਖਿਅਤ ਰੱਖਣ ਲਈ ਹਮੇਸ਼ਾ ਚੁਕੰਨਾ ਰਹਿੰਦਾ ਹੈ। ਰਾਜ ਦੀ ਇੱਕ-ਇੱਕ ਛੋਟੀ ਵੱਡੀ ਘਟਨਾ 'ਤੇ ਉਸ ਦੀ ਨਿਗਾਹ ਰਹਿੰਦੀ ਹੈ। ਸੱਚ ਦੀ ਅਵਸਥਾ ਬਣੀ ਰਹੇ, ਇਸ ਲਈ ਮਨੁੱਖ ਸਦਾ ਹੀ ਸਾਵਧਾਨ ਰਹੇ। ਮਨ ਦੇ ਚੁਫੇਰੇ ਸੰਕਲਪ ਦੀ ਬਾੜ ਲਗਾ ਕੇ ਰੱਖੇ। ਰਾਜ ਸਿਆਣੇ ਦਰਬਾਰਿਆਂ, ਸੈਨਾਪਤੀਆਂ ਦੇ ਸਹਿਯੋਗ ਨਾਲ ਚੱਲਦਾ ਹੈ। ਮਨ 'ਤੇ ਰਾਜ ਕਰਨ ਲਈ ਸੰਤੋਖ, ਸੰਜਮ, ਸਹਿਜ, ਪ੍ਰੇਮ, ਦਇਆ ਜਿਹੇ ਦਰਬਾਰੀ ਤੇ ਜੋਧਾ ਚਾਹੀਦੇ ਹਨ, ਜੋ ਦਿਨ-ਰਾਤ ਮੁਸਤੈਦ ਰਹਿਣ।

ਮਨੁੱਖ ਆਪਣੇ ਆਪ ਨੂੰ ਸਦਾ ਹੀ ਔਗੁਣਾਂ ਦੀ ਕੋਠਰੀ ਸਮਝੇ। ਇਹ ਸਮਝ ਹੀ ਉਸ ਨੂੰ ਔਗੁਣਾਂ, ਵਿਕਾਰਾਂ ਤੋਂ ਬਚਾ ਸਕਦੀ ਹੈ। ਔਗੁਣਾਂ ਤੋਂ ਮੁਕਤ ਕੇਵਲ ਪ੍ਰਮਾਤਮਾ ਹੈ ਜਾਂ ਉਹ ਜਿਸ 'ਤੇ ਪ੍ਰਮਾਤਮਾ ਨੇ ਮਿਹਰ ਕੀਤੀ ਤੇ ਮੋਖ ਬਖਸ਼ ਦਿੱਤਾ। ਆਪਣੇ ਔਗੁਣ ਮਨੁੱਖ ਆਪ ਹੀ ਜਾਣ ਸਕਦਾ ਹੈ ਤੇ ਉਨ੍ਹਾਂ ਤੋਂ ਮੁਕਤ ਹੋਣ ਦਾ ਜਤਨ ਕਰ ਸਕਦਾ ਹੈ।

## "ਦੀਵਾਲੀ ਤੇ ਬੰਦੀਛੋੜ ਦਿਵਸ" ਦੀਆਂ ਵਧਾਈਆਂ

ਦੀਵਾਲੀ ਅਤੇ ਬੰਦੀਛੋੜ ਦਿਵਸ ਦੀਆਂ
ਸਭ ਨੂੰ ਹੋਣ ਵਧਾਈਆਂ ਜੀ।
ਦੀਪ-ਮਾਲਾ ਤੇ ਦੀਵਿਆਂ ਦੇ ਨਾਲ
ਹੋ ਰਹੀਆਂ ਰੁਸ਼ਨਾਈਆਂ ਜੀ।

12 ਸਾਲ ਦਾ ਕੱਟ ਬਨਵਾਸ
ਅਯੋਧਿਆ ਰਾਮ ਜੀ ਆਏ ਸੀ
ਛੇਵੇਂ ਪਾਤਸ਼ਾਹ ਨੇ ਗਵਾਲੀਅਰ ਕਿਲੇ 'ਚੋਂ
52 ਰਾਜੇ ਛਡਵਾਏ ਸੀ
ਇਤਿਹਾਸ ਦੀਆਂ ਇਹ ਯਾਦਾਂ ਜਾਂਦੀਆਂ
ਹਰ ਸਾਲ ਦੁਹਰਾਈਆਂ ਜੀ।
ਦੀਵਾਲੀ ਅਤੇ ਬੰਦੀਛੋੜ ਦਿਵਸ ਦੀਆਂ
ਸਭ ਨੂੰ ਹੋਣ ਵਧਾਈਆਂ ਜੀ।

ਦਾਲ ਰੋਟੀ ਘਰ ਦੀ ਅਤੇ
ਦੀਵਾਲੀ ਅੰਮ੍ਰਿਤਸਰ ਦੀ ਏ
ਆਤਿਸ਼ਬਾਜੀ ਸਰੋਵਰ ਕੰਢੇ
ਮੋਹਿਤ ਮਨਾ ਨੂੰ ਕਰਦੀ ਏ
ਦੂਰੋਂ-ਦੂਰੋਂ ਚੱਲ ਕੇ ਸੰਗਤਾਂ
ਸ਼ਰਧਾ ਦੇ ਨਾਲ ਆਈਆਂ ਜੀ।
ਦੀਵਾਲੀ ਅਤੇ ਬੰਦੀਛੋੜ ਦਿਵਸ ਦੀਆਂ
ਸਭ ਨੂੰ ਹੋਣ ਵਧਾਈਆਂ ਜੀ।

ਬਾਜ਼ਾਰਾਂ ਵਿਚ ਹੈ ਰੌਣਕ ਭਾਰੀ
ਤੋਹਫੇ ਲੋਕ ਖਰੀਦ ਰਹੇ
ਮਠਿਆਈਆਂ ਅਤੇ ਪਟਾਕੇ ਲੈਕੇ
ਪੂਰੀ ਕਰ ਹਰ ਰੀਝ ਰਹੇ
ਕਈਆਂ ਨੇ ਅੱਜ ਘਰਾਂ ਦੇ ਅੰਦਰ
ਦਿੱਤੀਆਂ ਚਾੜ੍ਹ ਕੜਾਹੀਆਂ ਜੀ।
ਦੀਵਾਲੀ ਅਤੇ ਬੰਦੀਛੋੜ ਦਿਵਸ ਦੀਆਂ
ਸਭ ਨੂੰ ਹੋਣ ਵਧਾਈਆਂ ਜੀ।

ਬਹੂ ਬੇਟੀਆਂ ਪਾਕੇ ਘੱਗਰੇ
ਮਿੱਟੀ ਕੱਢਣ ਚੱਲੀਆਂ ਨੇ
ਸਰ੍ਹੋਂ ਦੇ ਤੇਲ ਦੇ ਦੀਵੇ ਬਾਲੇ
ਵੇਖੋ ਕੱਲੀਆਂ ਕੱਲੀਆਂ ਨੇ
ਨਵੇਂ ਵਿਆਹੇ ਜੋੜਿਆਂ ਨੇ ਵੀ
ਵਿਆਹ ਦੀਆਂ ਸੁੱਖਾਂ ਲਾਹੀਆਂ ਜੀ।
ਦੀਵਾਲੀ ਅਤੇ ਬੰਦੀਛੋੜ ਦਿਵਸ ਦੀਆਂ
ਸਭ ਨੂੰ ਹੋਣ ਵਧਾਈਆਂ ਜੀ।

ਮਹਿੰਗਾਈ ਨੇ ਲੱਕ ਤੋੜਿਆ
ਪਹਿਲਾਂ ਜਿਹੀ ਦੀਵਾਲੀ ਨਹੀਂ
"ਗਿੱਲ ਮਲਕੀਤ" ਚਿਹਰਿਆਂ ਉੱਤੇ
ਰੌਣਕ ਪਹਿਲਾਂ ਵਾਲੀ ਨਹੀਂ
"ਭੱਠਲਾਂ ਪਿੰਡ" ਦੇ ਲੋਕ ਪਕਾਉਂਦੇ
ਘਰਾਂ ਵਿਚ ਮਠਿਆਈਆਂ ਜੀ।
ਦੀਵਾਲੀ ਅਤੇ ਬੰਦੀਛੋੜ ਦਿਵਸ ਦੀਆਂ
ਸਭ ਨੂੰ ਹੋਣ ਵਧਾਈਆਂ ਜੀ।

ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ: 94174-90943



ਪੰਜਾਬ ਮੇਲ USA

## ਨੀਂ ਦਿਵਾਲ਼ੀਏ !

ਨੀਂ ਦਿਵਾਲੀਏ ਨੀਂ ਦਿਵਾਲ਼ੀਏ,
ਨੀਂ ਜ਼ਰਾ ਸੁਣ ਕਰਮਾਂ ਵਾਲ਼ੀਏ!

ਨੀਂ ਆਈਂ ਕੰਮੀਆਂ ਦੇ ਵਿਹੜੇ,
ਨੀਂ ਉਚਾਂ-ਨੀਚਾਂ ਕਹਿ ਨਿਖੇੜੇ।
ਨੀਂ ਜਾਤਾਂ ਪਾਤਾਂ ਬਿਠਾਏ ਬੇੜੇ,
ਨੀਂ ਦੁੱਖ ਦੱਸਾਂ ਕਿਹੜੇ ਕਿਹੜੇ।

ਨੀਂ ਤੂੰ ਫਿਰਕਾਪ੍ਰਸਤੀ ਮਿਟਾਈਂ,
ਨੀਂ ਕੰਨੀਂ ਬੋਲ਼ਿਆਂ ਨੂੰ ਸੁਣਾਈਂ।
ਨੀਂ ਖਾਨੇ ਮਜ਼੍ਹਬਾਂ ਦੇ ਵੀ ਪਾਈਂ,
ਨੀਂ ਨਸ਼ੇ ਪੰਜਾਬ 'ਚੋਂ ਮੁਕਾਈਂ ।

ਨੀਂ ਆਈਂ ਕਿਸਾਨ ਕਾਮੇ ਖੇਤ,
ਨੀਂ ਜਿਹੜੇ ਛਾਣਦੈ ਨਿੱਤ ਰੇਤ।
ਨੀਂ ਕਿਤੇ ਅਗੇਤ ਕਿਤੇ ਪਛੇਤ,
ਨੀਂ ਜ਼ਹਿਰ ਪੀਵੇ ਟੱਬਰ ਸਮੇਤ।

ਨੀਂ ਭੱਜ ਸ਼ਾਹੂਕਾਰ ਘਰੇ ਜਾਈਂ,
ਨੀਂ ਦੁੱਖੜੇ ਗ਼ਰੀਬਾਂ ਦੇ ਸੁਣਾਈਂ।
ਨੀਂ ਠੱਲ੍ਹ ਮਹਿੰਗਾਈ ਨੂੰ ਪਾਈਂ,
ਨੀਂ ਤੂੰ ਭ੍ਰਿਸ਼ਟਾਚਾਰੀਏ ਮੁਕਾਈਂ।

ਨੀਂ ਛਿੱਟ ਰੌਸ਼ਨੀ ਤੂੰ 'ਥਿਆਈਂ,
ਨੀਂ ਲੱਪ ਕੁ ਚਾਨਣੇ ਦੀ ਪਾਈਂ।
ਨੀਂ ਮਲਹੰਮ ਜ਼ਖਮਾਂ 'ਤੇ ਲਾਈਂ,
ਨੀਂ ਹਾੜ੍ਹਾ! ਛੇਤੀਂ ਛੇਤੀਂ ਆਈਂ।

ਨੀਂ ਆਈਂ ਆਈਂ ਸਾਡੇ ਵਿਹੜੇ,
ਨੀਂ ਲਿਆਵੀਂ ਖੁਸ਼ੀਆਂ ਤੇ ਖੇੜੇ।
ਨੀਂ ਦਿਲੋਂ ਕੱਢ ਦੇਈਏ ਬਿਖੇੜੇ,
ਨੀਂ ਚਾਈਂ ਚਾਈਂ ਹੋਈਏ ਨੇੜੇ।

ਫਿਰ :
ਨੀਂ "ਨੂਰਪੁਰੀ" ਦੇਊਗਾ ਵਧਾਈ,
ਨੀਂ ਨਾਲ਼ੇ ਤੂੰ ਖਾਈਂ ਮਿਠਆਈ।



-ਸੇਵਾ ਸਿੰਘ "ਨੂਰਪੁਰੀ"

ਪੰਜਾਬ ਮੇਲ USA

## ਰੌਸ਼ਨੀਆਂ ਦਾ ਤਿਉਹਾਰ



ਆਉ ਸਾਰੇ ਦੀਪ ਜਲਾਈਏ,
ਜਾਤ-ਪਾਤ ਸਭ ਭੇਦ ਮਿਟਾ ਕੇ,
ਰੌਸ਼ਨੀਆਂ ਦਾ ਤਿਉਹਾਰ ਮਨਾਈਏ।
ਦੀਪ ਗਿਆਨ ਦਾ ਜਦੋਂ ਵੀ ਜਗਦਾ,
ਅੰਧਕਾਰ ਉਦੋਂ ਦੂਰ ਹੈ ਭੱਜਦਾ।
ਝੂਠ ਦੇ ਕਦੇ ਹੋਣ ਪੈਰ ਨਾ,
ਪਰ ਸੱਚ ਕੋਠੇ ਚੜ੍ਹ ਕੇ ਗੱਜਦਾ।
ਸਬਰ ਵਾਲਾ ਥੋੜਾ ਖਾ ਲੈਂਦਾ
ਪਰ ਲਾਲਚੀ ਕਦੇ ਨਾ ਰੱਜਦਾ
ਬੰਦੀ ਛੋੜ ਜਾ ਕਹੋ ਦੀਵਾਲੀ,
ਹੁੰਦੀ ਅੰਬਰਸਰ ਦੀ ਦੇਖਣ ਵਾਲੀ।
ਬਾਹਰ ਦੀਪ ਤਾਂ ਹਰ ਸਾਲ ਜਗਾਉਂਦੇ,
ਪਰ ਇਸ ਵਾਰ ਮਨ ਅੰਦਰ ਜਗਾਈਏ।
ਸਾਫ਼ ਵਾਤਾਵਰਨ ਵੀ ਬੜਾ ਜ਼ਰੂਰੀ
ਇਸ ਲਈ ਕੋਈ ਪਟਾਕਾ
ਨਾ ਚਲਾਉਣ ਦੀ,
ਸਾਰੇ ਮਿਲ ਕੇ ਸਹੁੰ ਅਸੀਂ ਖਾਈਏ।
ਪਟਾਕਿਆਂ ਦੇ ਨਾਲ ਪ੍ਰਦੂਸ਼ਣ ਹੁੰਦਾ,
ਇਹ ਗੱਲ ਹਰ ਇੱਕ ਨੂੰ ਸਮਝਾਈਏ।
ਪਟਾਕਿਆਂ ਦੀ ਜਗ੍ਹਾ ਬੂਟਾ ਲਾ ਕੇ,
ਪ੍ਰਦੂਸ਼ਣ ਮੁਕਤ ਦੀਵਾਲੀ ਮਨਾਈਏ ।



ਰਜਵਿੰਦਰ ਪਾਲ ਸ਼ਰਮਾ, ਬਠਿੰਡਾ
70873-67969

ਪੰਜਾਬ ਮੇਲ USA

## ਅਸਲ ਦੀਵਾਲੀ

ਮੁਹੱਬਤਾਂ ਵਾਲੇ ਦੀਪ ਜਗਾਉਣਾ, jealous ego ਦਿਲੋਂ ਮਿਟਾਉਣਾ
ਕਿਸੇ ਗਰੀਬ ਦੀ ਭੁੱਖ ਮਿਟਾਉਣਾ, ਕਿਸ ਦੁਖੀ ਦਾ ਦੁੱਖ ਵੰਡਾਉਣਾ
ਅਸਲ ਦੀਵਾਲੀ ਹੋਵੇਗੀ, ਅਸਲ ਦੀਵਾਲੀ ਹੋਵੇਗੀ

ਬੰਬ ਪਟਾਕੇ ਘੱਟ ਚਲਾਉਣਾ ,ਆਪਣਾਂ ਵਾਤਾਵਰਣ ਬਚਾਉਣਾ
ਧਰਤੀ ਉੱਤੇ ਰੁੱਖ ਲਗਾਉਣਾ ,ਹਵਾ ਪਾਣੀ ਨੂੰ pure ਬਣਾਉਣਾ
ਅਸਲ ਦੀਵਾਲੀ ਹੋਵੇਗੀ ਅਸਲ ਦੀਵਾਲੀ ਹੋਵੇਗੀ

ਗ੍ਰੰਥ ਸਾਹਿਬ ਨੂੰ ਸੀਸ ਝੁਕਾਉਣਾ ,
ਦੁੱਧ ਮਠਿਆਈਆਂ ਘੱਟ ਚੜਾਉਣਾ
ਨਿਸ਼ਾਨ ਸਾਹਿਬ ਤੇ ਗੰਦ ਨਾ ਪਾਉਣਾ, ਫੂਡ ਬੈਂਕ ਵਿਚ ਫੂਡ ਲਿਜਾਣਾ
ਅਸਲ ਦੀਵਾਲੀ ਹੋਵੇਗੀ, real ਦੀਵਾਲੀ ਹੋਵੇਗੀ

ਸਾਂਝਾਂ ਵਾਲੀਆਂ ਲੜੀਆਂ ਲਾਣਾ,ਗਿਫਟਾਂ ਦੀ ਥਾਂ ਪਿਆਰ ਵਟਾਉਣਾ
ਮਨ ਵਿਚੋਂ ਹੰਕਾਰ ਘਟਾਉਣਾ ,ਲਛਮੀ ਦੀ ਥਾਂ ਰੱਬ ਧਿਆਉਣਾ
ਅਸਲ ਦੀਵਾਲੀ ਹੋਵੇਗੀ ਰੀਅਲ ਦੀਵਾਲੀ ਹੋਵੇਗੀ



ਕੁਲਵੀਰ ਸਿੰਘ ਡਾਨਸੀਵਾਲ, ਸਰ੍ਹੀ, ਬੀ.ਸੀ. ਕੈਨੇਡਾ
778-863-2472

ਪੰਜਾਬ ਮੇਲ USA

## ਦੀਵਾਲੀ ਕਿੰਝ ਮਨਾਈਏ ਸੱਜਣਾ?

ਦੀਵਾਲੀ ਕਿੰਝ ਮਨਾਈਏ ਸੱਜਣਾ
ਸਭ ਨੂੰ ਗਲ਼ੇ ਲਗਾਈਏ ਸੱਜਣਾ।
ਭਿੰਨ ਭੇਦ ਸਭ ਦੁਈ ਦਵੈਤ
ਜਗ ਦੇ ਵਿੱਚੋਂ ਮੁਕਾਈਏ ਸੱਜਣਾ।
ਗਊ ਗਰੀਬ ਦੀ ਰੱਖਿਆ ਕਰਨੀ
ਸਭ ਨੂੰ ਸਬਕ ਸਿਖਾਈਏ ਸੱਜਣਾ।
ਜਿਸ ਘਰ ਅੱਜ ਹਨੇਰਾ ਛਾਇਆ
ਉਸ ਨੂੰ ਅਸੀਂ ਰੁਸ਼ਨਾਈਏ ਸੱਜਣਾ।
ਡੁੱਬਦਿਆਂ ਨੂੰ ਤਾਰਨ ਦੇ ਲਈ
ਆਪਣਾ ਹੱਥ ਫੜਾਈਏ ਸੱਜਣਾ।
ਮਨ ਮੰਦਰ ਵਿੱਚ ਬਾਲ਼ ਕੇ ਦੀਵੇ
ਵਿਹੜਾ ਖੁਦ ਰੁਸ਼ਨਾਈਏ ਸੱਜਣਾ।
ਗੁਰੂਆਂ ਦੇ ਫ਼ੁਰਮਾਨ ਨੇ ਜਿਹੜੇ
ਜੀਵਨ ਵਿੱਚ ਅਪਣਾਈਏ ਸੱਜਣਾ।
ਰਾਮ ਜਿਹੇ ਅੱਜ ਰਾਜੇ ਹੋਵਣ
ਦੁੱਖ ਸੁੱਖ ਜਿਨ੍ਹਾਂ ਸੁਣਾਈਏ ਸੱਜਣਾ।
ਪਾ ਕੇ ਸ਼ੋਰ ਸ਼ਰਾਬਾ ਰੌਲ਼ਾ
ਦੁੱਖ ਨਾ ਕਦੀ ਵਧਾਈਏ ਸੱਜਣਾ।
ਲੋੜਵੰਦਾਂ ਦੇ ਬਣ ਕੇ ਸਾਥੀ
ਸਭ ਨਾਲ਼ ਵੰਡ ਕੇ ਖਾਈਏ ਸੱਜਣਾ।
ਭੁੱਖ, ਗਰੀਬੀ, ਬੇਰੁਜ਼ਗਾਰੀ
ਰਲ਼ ਕੇ ਸਭ ਮੁਕਾਈਏ ਸੱਜਣਾ।
ਹਰ ਘਰ ਅੱਜ ਕਿਤਾਬਾਂ ਹੋਵਣ
ਸਭ ਨੂੰ ਇਹ ਸਮਝਾਈਏ ਸੱਜਣਾ।
ਹਰਿਆਲੀ ਤੇ ਖੁਸ਼ਹਾਲੀ ਹੋਵੇ
ਥਾਂ ਥਾਂ ਰੁੱਖ ਲਗਾਈਏ ਸੱਜਣਾ।
ਬਣ ਕੇ ਸੱਚੇ ਸੁੱਚੇ ਸੇਵਕ
ਸਭ ਨੂੰ ਨਾਲ਼ ਰਲਾਈਏ ਸੱਜਣਾ।
ਕੁਦਰਤ ਨੇ ਜੋ ਬਖ਼ਸ਼ੇ ਗਹਿਣੇ
ਐਵੇਂ ਨਾ ਗਵਾਈਏ ਸੱਜਣਾ।
ਕਿਧਰੇ ਨਾ ਹੁਣ ਜੰਗਾਂ ਹੋਵਣ
ਗੀਤ ਮੁਹੱਬਤ ਗਾਈਏ ਸੱਜਣਾ।
ਪੰਛੀਆਂ ਵਾਂਗ ਮਾਰ ਉਡਾਰੀ
ਇਧਰ ਉਧਰ ਜਾਈਏ ਸੱਜਣਾ।
ਇੱਥੇ ਨਾ ਕੋਈ ਰਿਹਾ ਸਿਕੰਦਰ
ਖਾਲੀ ਹੱਥੀਂ ਜਾਈਏ ਸੱਜਣਾ।
ਆਗੂ ਬਣ ਕੇ ਲੁੱਟਦੇ ਜਿਹੜੇ
ਖ਼ੌਫ਼ ਖੁਦਾ ਦਾ ਖਾਈਏ ਸੱਜਣਾ।
ਅੱਜ ਵੀ ਰੁੱਸੇ ਫਿਰਦੇ ਜਿਹੜੇ
ਆਓ ਉਨ੍ਹਾਂ ਮਨਾਈਏ ਸੱਜਣਾ।
ਜੁਗ ਤਕਨੀਕ ਦਾ ਆ ਗਿਆ ਭਾਵੇਂ
ਗੋਸ਼ਟੀ ਅਜ ਰਚਾਈਏ ਸੱਜਣਾ।
ਵੱਡਿਆਂ ਦਾ ਅਸੀਂ ਕਹਿਣਾ ਮੰਨ ਕੇ
ਨਵੀਆਂ ਪਿਰਤਾਂ ਪਾਈਏ ਸੱਜਣਾਂ।
ਸਭ ਤੋਂ ਕੀਮਤੀ ਸਮਾਂ ਹੈ ਹੁੰਦਾ
ਭਲੇ ਪਾਸੇ ਇਹ ਲਾਈਏ ਸੱਜਣਾ।
ਮਾਨਵਤਾ ਦੀਆਂ ਬਾਤਾਂ ਪਾਈਏ
ਸਭ ਨਾਲ਼ ਸਾਂਝ ਬਣਾਈਏ ਸੱਜਣਾ।
ਗਿਆਨ ਦੇ ਆਪਾਂ ਬਾਲ਼ ਕੇ ਦੀਵੇ
ਦੇਸ਼ ਨੂੰ ਸਵਰਗ ਬਣਾਈਏ ਸੱਜਣਾ।

-ਬਲਜਿੰਦਰ ਮਾਨ, ਮਾਹਿਲਪੁਰ (ਹੁਸ਼ਿਆਰਪੁਰ)
98150-18947



ਪੰਜਾਬ ਮੇਲ USA




# Gurjatinder S. Randhawa

REALTOR CA DRE licence # 01490567



Gurjatinder S. Randhawa
REALTOR CA DRE licence # 01490567

FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa
916-320-9444

web: www.RealtorRandhawa.com

garysingh123@yahoo.com